Space for Available for Advertising

WWW.PREETNEWS.COM

WWW.PREETNAMA.COM

preetnamausa@gmail.com

ਨਿਊਯਾਰਕ

# ਪ੍ਰੀਤਨਾਮਾ

ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ

Online and Print Media +1 201-312-4180 +1 917-328-8436


ਇਸ ਦੁਨੀਆ ਵਿਚ ਜੇਕਰ ਕਿਸੇ ਦਾ ਵਿਸ਼ਵਾਸ ਕਰਨਾ ਹੈ ਤਾਂ ਆਪਣੇ ਮਾਂ ਬਾਪ ਦਾ ਕਰੋ, ਜੋ ਤੁਹਾਨੂੰ ਕਦੇ ਵੀ ਧੋਖਾ ਨਹੀਂ ਦਿੰਦੇ

ਪ੍ਰਿਤਪਾਲ ਕੌਰ ਪ੍ਰੀਤ

Preetnamausa@gmail.com


ਸਾਲ 4, ਅੰਕ 272, ਮਿਤੀ : 04 ਅਕਤੂਬਰ ਤੋਂ 10 ਅਕਤੂਬਰ, 2024 ਵੈਬਸਾਈਟ : www.preetnama.com, www.preetnews.com ਈਮੇਲ preetnamausa@gmail.com


# ਕੀ ਪੰਜਾਬ ’ਚ ਅਮ੍ਰਿਤਪਾਲ ਸਿੰਘ ਦੀ ਨਵੀਂ ਪਾਰਟੀ ਅਕਾਲੀ ਦਲ ਵਰਗੀ ਥਾਂ ਬਣਾ ਸਕੇਗੀ



ਲੋਕ ਸਭਾ ਮੈਂਬਰ ਅਮ੍ਰਿਤਪਾਲ ਸਿੰਘ ਨੇ ਨਵੀਂ ਸਿਆਸੀ ਪਾਰਟੀ ਬਣਾਉਣ ਦਾ ਐਲਾਨ ਕਰ ਕੇ ਸਿਆਸੀ ਸਫ਼ਾਂ ਵਿੱਚ ਹਲਚਲ ਪੈਦਾ ਕਰ ਦਿੱਤੀ ਹੈ। ਖ਼ਾਲਿਸਤਾਨੀ ਵਿਚਾਰਧਾਰਾ ਦੇ ਸਮਰਥਕ ਅਮ੍ਰਿਤਪਾਲ ਸਿੰਘ ਕੌਮੀ ਸੁਰੱਖਿਆ ਕਾਨੂੰਨ (ਐੱਨਐੱਸਏ) ਤਹਿਤ ਮਾਰਚ 2023 ਤੋਂ ਆਸਾਮ ਦੀ ਡਿਬਰੂਗੜ੍ਹ ਜੇਲ੍ਹ ਵਿਚ ਨਜ਼ਰਬੰਦ ਹਨ ਅਤੇ ਉਥੋਂ ਤੋਂ ਹੀ ਪੰਜਾਬ ਦੇ ਖਡੂਰ ਸਾਹਿਬ ਹਲਕੇ ਤੋਂ ਚੋਣ ਲੜ ਕੇ ਲੋਕ ਸਭਾ ਦੇ ਮੈਂਬਰ ਚੁਣੇ ਗਏ ਹਨ। ਨਵੀਂ ਸਿਆਸੀ ਪਾਰਟੀ ਬਾਰੇ ਕੁਝ ਦਿਨ ਪਹਿਲਾਂ ਅਮ੍ਰਿਤਪਾਲ ਸਿੰਘ ਦੇ ਪਿਤਾ ਨੇ ਵੀ ਐਲਾਨ ਕੀਤਾ ਸੀ ਅਤੇ ਹੁਣ ਅਮ੍ਰਿਤਪਾਲ ਸਿੰਘ ਦੇ ਸੋਸ਼ਲ ਮੀਡੀਆ ਅਕਾਊਂਟ ਐਕਸ ਉੱਤੇ ਇੱਕ ਪੋਸਟ ਪਾ ਕੇ ਬਕਾਇਦਾ ਇਸ ਦਾ ਐਲਾਨ ਕੀਤਾ ਕੀ ਹੈ।

**ਅਮ੍ਰਿਤਪਾਲ ਸਿੰਘ ਦੀ ਪਾਰਟੀ ਦਾ ਸਿਆਸੀ ਭਵਿੱਖ ਕੀ ਹੈ**

ਯਾਦ ਰਹੇ ਕਿ ਪੰਜਾਬ ਦੀਆਂ 13 ਲੋਕ ਸਭਾ ਸੀਟਾਂ ਵਿਚੋਂ ਖਡੂਰ ਸਾਹਿਬ ਤੋਂ ਅਮ੍ਰਿਤਪਾਲ ਸਿੰਘ ਅਤੇ ਫ਼ਰੀਦਕੋਟ (ਰਾਖਵੀਂ) ਤੋਂ ਸਰਬਜੀਤ ਸਿੰਘ ਖ਼ਾਲਸਾ ਚੋਣ ਜਿੱਤੇ ਕੇ ਲੋਕ ਸਭਾ ਪਹੁੰਚੇ ਹਨ ਅਤੇ ਦੋਵਾਂ ਨੇ ਇਹ ਚੋਣ ਆਜ਼ਾਦ ਉਮੀਦਵਾਰ ਦੇ ਤੌਰ ਉੱਤੇ ਲੜੀ ਸੀ। ਅਮ੍ਰਿਤਪਾਲ ਸਿੰਘ ਅਤੇ ਸਰਬਜੀਤ ਸਿੰਘ ਖ਼ਾਲਿਸਤਾਨੀ ਵਿਚਾਰਧਾਰਾ ਦੇ ਸਮਰਥਕ ਹਨ। ਉੱਘੇ ਸਿਆਸੀ ਵਿਸ਼ਲੇਸ਼ਕ ਡਾਕਟਰ ਪ੍ਰਮੋਦ ਕੁਮਾਰ ਮੁਤਾਬਕ ਸ਼੍ਰੋਮਣੀ ਅਕਾਲੀ ਦਲ ਦੇ ਬਰਾਬਰ ਪੰਥਕ ਧਿਰ ਬਣਾਉਣ ਦੀ ਇਹ ਕੋਈ ਪਹਿਲੀ ਕੋਸ਼ਿਸ਼ ਨਹੀਂ ਹੈ ਸਗੋਂ ਇਸ ਤੋਂ ਪਹਿਲਾਂ ਵੀ ਅਜਿਹੀਆਂ ਕਈ ਕੋਸ਼ਿਸ਼ਾਂ ਹੋਈਆਂ ਪਰ ਉਹ ਕਾਮਯਾਬ ਨਹੀਂ ਹੋ ਸਕੀਆਂ। ਉਨ੍ਹਾਂ ਮੁਤਾਬਕ ਅਮ੍ਰਿਤਪਾਲ ਸਿੰਘ ਦਾ ਪਰਿਵਾਰ ਜਿਹੜੇ ਸੁਧਾਰਾਂ ਦੀ ਗੱਲ ਕਰਦਾ ਹੈ ਜੇਕਰ ਉਹ ਇੰਨੇ ਸੌਖੇ ਹੋਣ ਤਾਂ ਸਰਕਾਰ ਆਪ ਇਹ ਕਰ ਸਕਦੀ ਹੈ। ਉਨ੍ਹਾਂ ਆਖਿਆ, ਅਮ੍ਰਿਤਪਾਲ ਸਿੰਘ ਦੀ ਖ਼ਾਲਿਸਤਾਨੀ ਪੱਖੀ ਸੋਚ ਹੈ ਅਤੇ ਸਮਾਜ ਇਸ ਵਿਚਾਰਧਾਰਾ ਬਾਰੇ ਕੀ ਸੋਚਦਾ ਹੈ ਇਹ ਕਾਫੀ ਅਹਿਮ ਹੈ। ਜੇਕਰ ਕੋਈ ਧਿਰ ਇਹ ਸੋਚਦੀ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੀ ਕਮਜ਼ੋਰੀ ਦਾ ਫ਼ਾਇਦਾ ਉਨ੍ਹਾਂ ਨੂੰ ਮਿਲੇਗਾ ਤਾਂ ਇਹ ਆਸਾਰ ਫ਼ਿਲਹਾਲ ਕਾਫ਼ੀ ਘੱਟ ਨਜ਼ਰ ਆ ਰਹੇ ਹਨ।ਦੂਜੇ ਪਾਸੇ ਅਮ੍ਰਿਤਪਾਲ ਸਿੰਘ ਨਾਲ ਜੁੜਿਆਂ ਧੜਾ ਮੰਨਦਾ ਹੈ ਕਿ ਅਕਾਲੀ ਦਲ ਦੀ ਕਮਜ਼ੋਰੀ ਦਾ ਫ਼ਾਇਦਾ ਉਨ੍ਹਾਂ ਨੂੰ ਸਿਆਸੀ ਤੌਰ ਉੱਤੇ ਹੋ ਸਕਦਾ ਹੈ। ਇਹ ਗੱਲ ਅਮ੍ਰਿਤਪਾਲ ਸਿੰਘ ਦੇ ਟਵੀਟ ਤੋਂ ਵੀ ਸਪਸ਼ਟ ਹੁੰਦੀ ਹੈ ਜਿਸ ਵਿੱਚ ਉਹ ਆਖਦੇ ਹਨ, ÷ਅਕਾਲੀ ਦਲ ਦੇ ਕਮਜ਼ੋਰ ਹੋਣ ਨਾਲ ਸਿੱਖਾਂ ਦੇ ਮੁੱਦੇ ਸਿਆਸਤ ਵਿਚੋਂ ਮਨਫ਼ੀ ਹੋ ਚੁੱਕੇ ਹਨ ਅਤੇ ਬਾਕੀ ਪੰਥਕ ਧਿਰਾਂ ਜ਼ਮੀਨੀ ਪੱਧਰ ਉੱਤੇ ਲੋਕਾਂ ਵਿੱਚ ਥਾਂ ਬਣਾਉਣ ਵਿੱਚ ਅਸਫਲ ਰਹੀਆਂ ਹਨ’।

ਜਾਣਕਾਰ ਇਹ ਮੰਨਦੇ ਹਨ ਕਿ ਪੰਜਾਬ ਦੇ ਵੱਖ ਵੱਖ ਮੁੱਦਿਆਂ ਬਾਰੇ ਅਮ੍ਰਿਤਪਾਲ ਸਿੰਘ ਨੂੰ ਆਪਣਾ ਸਟੈਂਡ ਸਪਸ਼ਟ ਕਰਨਾ ਹੋਵੇਗਾ ਕਿਉਂਕਿ ਸਿੱਖਾਂ ਤੋਂ ਇਲਾਵਾ ਸੂਬੇ ਵਿੱਚ ਹੋਰ ਧਿਰਾਂ ਦੀ ਕਾਫ਼ੀ ਜ਼ਿਆਦਾ ਅਹਿਮੀਅਤ ਹੈ। ਜਾਣਕਾਰ ਇਹ ਵੀ ਮੰਨਦੇ ਹਨ ਕਿ ਅਮ੍ਰਿਤਪਾਲ ਸਿੰਘ ਦੀ ਸਿਆਸੀ ਪਾਰਟੀ ਦਾ ਰਾਹ ਸੌਖਾ ਨਹੀਂ ਹੈ ਕਿ ਕਿਉਂਕਿ ਪਾਰਟੀ ਦਾ ਜਥੇਬੰਦਕ ਢਾਂਚਾ ਕੋਈ ਨਹੀਂ ਹੈ ਅਤੇ ਖਡੂਰ ਸਾਹਿਬ ਅਤੇ ਫ਼ਰੀਦਕੋਟ ਤੋਂ ਜੋ ਜਿੱਤ ਮਿਲੀ ਹੈ ਉਹ ਆਜ਼ਾਦ ਉਮੀਦਵਾਰ ਵਜੋਂ ਹੈ ਨਾ ਕਿ ਸਿਆਸੀ ਪਾਰਟੀ ਦੇ ਤੌਰ ਉੱਤੇ। ਜਾਣਕਾਰਾਂ ਮੁਤਾਬਕ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸ਼੍ਰੋਮਣੀ ਅਕਾਲੀ ਦਲ ਆਪਣੀ ਹੋਂਦ ਨੂੰ ਬਚਾਉਣ ਦੀ ਲੜਾਈ ਲੜ ਰਿਹਾ ਹੈ ਪਰ ਫਿਰ ਇਸ ਦਾ ਪਿੰਡਾਂ ਵਿੱਚ ਵੱਡਾ ਆਧਾਰ ਹੈ। ਅਮ੍ਰਿਤਪਾਲ ਸਿੰਘ ਦੀ ਸਿਆਸੀ ਪਾਰਟੀ ਦਾ ਏਜੰਡਾ ਅਤੇ ਸੰਵਿਧਾਨ ਕੀ ਹੋਵੇਗਾ ਇਹ ਸਪੱਸ਼ਟ ਹੋਣ ਤੋਂ ਬਾਅਦ ਹੀ ਇਸ ਸਿਆਸੀ ਪਾਰਟੀ ਦਾ ਭਵਿੱਖ ਤੈਅ ਹੋਵੇਗਾ। ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਸਮਾਜ ਸ਼ਾਸਤਰ ਵਿਭਾਗ ਦੇ ਸਾਬਕਾ ਪ੍ਰੋਫੈਸਰ ਕੁਲਦੀਪ ਸਿੰਘ ਮੁਤਾਬਕ ਅਮ੍ਰਿਤਪਾਲ ਸਿੰਘ ਦੀ ਰਾਜਸੀ ਪਾਰਟੀ ਦਾ ਭਵਿੱਖ ਕੀ ਹੋਵੇਗਾ ਇਸ ਬਾਰੇ ਫ਼ਿਲਹਾਲ ਟਿੱਪਣੀ ਕਰਨੀ ਜਲਦਬਾਜ਼ੀ ਹੋਵੇਗੀ। ਉਨ੍ਹਾਂ ਦੱਸਿਆ ਕਿ ਅਕਾਲੀ ਦਲ ਦੇ ਕਮਜ਼ੋਰ ਹੋਣ ਉਤੇ ਨਵੀਂ ਪੰਥਕ ਧਿਰ ਕਾਇਮ ਕਰਨ ਦੀਆਂ ਕੋਸ਼ਿਸ਼ਾਂ ਪਹਿਲਾਂ ਵੀ ਹੋ ਚੁੱਕੀਆਂ ਹਨ ਪਰ ਇਹ ਕੋਸ਼ਿਸ਼ ਲੰਮਾ ਸਮਾਂ ਨਹੀਂ ਚੱਲ ਸਕੀਆਂ। ਪ੍ਰੋਫੈਸਰ ਕੁਲਦੀਪ ਸਿੰਘ ਨੇ ਦੱਸਿਆ ਕਿ ਇੱਕ ਸਮਾਂ ਸੀ, ਜਦੋਂ ਸਿਮਰਨਜੀਤ ਸਿੰਘ ਮਾਨ ਦੀ ਪਾਰਟੀ ਨੇ ਪੰਜਾਬ ਦੀਆਂ 13 ਵਿਚੋਂ 7 ਸੀਟਾਂ ਜਿੱਤ ਲਈਆਂ ਸਨ ਪਰ ਇਸ ਦੇ ਬਾਵਜੂਦ ਇਹ ਪਾਰਟੀ ਅਕਾਲੀ ਦਲ ਦੀ ਥਾਂ ਨਹੀਂ ਲੈ ਸਕੀ। ਉਨ੍ਹਾਂ ਮੰਨਿਆ ਕਿ ਸ਼੍ਰੋਮਣੀ ਅਕਾਲੀ ਦਲ ਤੋਂ ਲੋਕ ਪੰਥਕ ਮੁੱਦਿਆਂ ਦੀ ਤਵੱਕੋਂ ਜ਼ਿਆਦਾ ਕਰਦੇ ਹਨ ਇਸ ਕਰਕੇ ਅਕਾਲੀ ਦਲ ਸਿਆਸੀ ਤੌਰ ਉੱਤੇ ਫ਼ਿਲਹਾਲ ਕਮਜ਼ੋਰ ਜ਼ਰੂਰ ਹੈ ਪਰ ਦੂਜੇ ਪਾਸੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਇਸ ਦਾ ਆਧਾਰ ਅਜੇ ਵੀ ਮਜ਼ਬੂਤ ਹੈ। ਪੰਜਾਬ ਦੀ ਸਿਆਸੀ ਫਿਜ਼ਾ ਨੂੰ ਸਮਝਣ ਵਾਲੇ ਅਤੇ ਪੰਥਕ ਰਾਜਨੀਤੀ ਦੀ ਸਮਝ ਰੱਖਣ ਵਾਲੇ ਸੀਨੀਅਰ ਪੱਤਰਕਾਰ ਜਸਪਾਲ ਸਿੰਘ ਸਿੱਧੂ ਮੁਤਾਬਕ ਜੇਕਰ ਕੋਈ ਧਿਰ ਖ਼ਾਲਸਾ ਰਾਜ ਵਾਲੀ ਖੇਤਰੀ ਪਾਰਟੀ ਬਣਾਉਣ ਦਾ ਖ਼ਿਆਲ ਰੱਖਦੇ ਹਨ ਤਾਂ ਮੌਜੂਦਾ ਸਮੇਂ ਵਿੱਚ ਇਹ ਚੱਲ ਨਹੀਂ ਸਕਦੀ। ਉਨ੍ਹਾਂ ਮੁਤਾਬਕ ਇਸ ਪਾਰਟੀ ਦਾ ਵੀ ਭਵਿੱਖ ਵੀ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵਾਲਾ ਹੀ ਹੋ ਸਕਦਾ ਹੈ। ਉਨ੍ਹਾਂ ਦੱਸਿਆ ਕਿ ਡੈਮੋਕ੍ਰੇਟਿਕ ਪੱਧਰ ਉੱਤੇ ਖੇਤਰੀ ਪਾਰਟੀ ਜ਼ਰੂਰ ਬਣ ਸਕਦੀ ਹੈ ਪਰ ਇਕੱਲੇ ਸਿੱਖਾਂ ਦੀ ਗੱਲ ਕਰਨ ਵਾਲੀ ਪਾਰਟੀ ਦਾ ਭਵਿੱਖ ਜ਼ਿਆਦਾ ਸੁਰੱਖਿਅਤ ਨਹੀਂ ਹੈ ਅਤੇ ਇਸ ਪਿੱਛੇ ਕਈ ਕਾਰਨ ਵੀ ਹਨ ਕਿਉਂਕਿ ਮੌਜੂਦਾ ਸਮੇਂ ਵਿੱਚ ਸਿੱਖਾਂ ਦੀਆਂ ਕਈ ਧਿਰਾਂ ਬਣ ਗਈਆਂ ਹਨ।




## ਅਮ੍ਰਿਤਪਾਲ ਸਿੰਘ ਦੀ ਪਾਰਟੀ ਦਾ ਆਧਾਰ ਕੀ ਹੈ

ਪੰਜਾਬ ਦੇ ਚਾਰ ਵਿਧਾਨ ਸਭਾ ਹਲਕੇ-ਬਰਨਾਲਾ, ਗਿੱਦੜਬਾਹਾ, ਡੇਰਾ ਬਾਬਾ ਨਾਨਕ ਅਤੇ ਹੁਸ਼ਿਆਰਪੁਰ ਵਿੱਚ ਜ਼ਿਮਨੀ ਚੋਣ ਹੋਣੀ ਹੈ ਅਤੇ ਅਜਿਹੇ ਵਿੱਚ ਇਸ ਸਿਆਸੀ ਪਾਰਟੀ ਦੇ ਐਲਾਨ ਨੂੰ ਕਾਫ਼ੀ ਅਹਿਮ ਮੰਨਿਆ ਜਾ ਰਿਹਾ ਹੈ। ਨਵੀਂ ਸਿਆਸੀ ਧਿਰ ਬਾਰੇ ਅਮ੍ਰਿਤਪਾਲ ਸਿੰਘ ਨੇ ਜੋ ਐਕਸ ਉੱਤੇ ਜਾਣਕਾਰੀ ਦਿੱਤੀ ਹੈ ਉਸ ਮੁਤਾਬਕ ‘ਪੰਜਾਬ ਨੂੰ ਇੱਕ ਖੇਤਰੀ ਸਿਆਸੀ ਧਿਰ ਦੀ ਲੋੜ ਹੈ ਅਤੇ ਇਸ ਦਾ ਮੰਤਵ ਸੂਬੇ ਦੇ ਹੱਕਾਂ ਲਈ ਸੰਘਰਸ਼ ਲੜਨਾ ਹੈ’। ਇਸ ਤੋਂ ਪਹਿਲਾਂ ਅਮ੍ਰਿਤਪਾਲ ਸਿੰਘ ਦੇ ਪਿਤਾ ਸਰਦਾਰ ਤਰਸੇਮ ਸਿੰਘ ਦਾ ਕਹਿਣਾ ਹੈ, ÷ਪੰਜਾਬ ਦੀ ਸਥਿਤੀ ਨਾਜ਼ੁਕ ਦੌਰ ਵਿੱਚ ਲੰਘ ਰਹੀ ਹੈ, ਸਮਾਜਿਕ ਅਤੇ ਰਾਜਨੀਤਿਕ ਨਿਘਾਰ ਆ ਰਿਹਾ ਹੈ ਇਸ ਕਰ ਕੇ ਉਹ ਇੱਕ ਅਜਿਹੀ ਸਿਆਸੀ ਧਿਰ ਬਣਾਉਣ ਜਾ ਰਹੇ ਹਨ ਜੋ ਸਿੱਖਾਂ ਦੇ ਹਿਤਾਂ ਦੀ ਰਾਖੀ ਕਰ ਸਕੇ।ਅਮ੍ਰਿਤਪਾਲ ਸਿੰਘ ਦੀ ਮਾਤਾ ਬਲਵਿੰਦਰ ਕੌਰ ਮੁਤਾਬਕ ਨਵੀਂ ਸਿਆਸੀ ਧਿਰ ਪੂਰੇ ਪੰਜਾਬ ਦੀ ਰਾਜਨੀਤਿਕ ਪਾਰਟੀ ਹੋਵੇਗੀ ਜੋ ਧਰਮ ਨਿਰਪੱਖਤਾ ਨਾਲ ਕੰਮ ਕਰੇਗੀ ਅਤੇ ਇਸ ਵਿੱਚ ਹਰ ਧਰਮ ਨੂੰ ਬਰਾਬਰ ਦਾ ਸਨਮਾਨ ਦਿੱਤਾ ਜਾਵੇਗਾ। ਉਨ੍ਹਾਂ ਮੁਤਾਬਕ ਪਾਰਟੀ ਦਾ ਮੁੱਖ ਏਜੰਡਾ ਪੰਜਾਬ ਦੀ ਨੌਜਵਾਨੀ ਨੂੰ ਬਚਾਉਣਾ ਹੈ। ਪਾਰਟੀ ਦਾ ਨਾਮ ਕੀ ਹੋਵੇਗਾ ਇਸ ਬਾਰੇ ਨਾ ਤਾਂ ਅਮ੍ਰਿਤਪਾਲ ਸਿੰਘ ਦੀ ਟੀਮ ਵੱਲੋਂ ਅਤੇ ਨਾ ਹੀ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੇ ਖ਼ੁਲਾਸਾ ਕੀਤਾ ਹੈ।

# Preetnama
# ਪ੍ਰੀਤਨਾਮਾ
ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 272

Website: www.preetnama.com Email preetnamausa@gmail.com

04 OCT TO 10 OCT , 2024


# ਗੁਰੂਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਰਿਚਮੰਡ ਹਿੱਲ ਨਿਊਯਾਰਕ ਦੀ ਨਵੀ ਕਮੇਟੀ ਦਾ ਹੋਇਆ ਗਠਨ

- ☛ ਸੁਖਜਿੰਦਰ ਸਿੰਘ ਸੁਭਾਨਪੁਰ ਨੂੰ ਸੋਪੀ ਗਈ ਪ੍ਰਧਾਨਗੀ ਦੀ ਜ਼ਿੰਮੇਵਾਰੀ
- ☛ ਮੌਜੂਦਾ ਪ੍ਰਧਾਨ ਦਲੇਰ ਸਿੰਘ ਨੇ ਸੁਖਜਿੰਦਰ ਸਿੰਘ ਸੁਭਾਨਪੁਰ ਨੂੰ ਸਿਰੋਪਾਓ ਨਾਲ ਕੀਤਾ ਸਨਮਾਨਿਤ
- ☛ ਹਰਜੀਤ ਸਿੰਘ ਗਿਲਜ਼ੀਆ ਨੂੰ ਜਰਨਲ ਸਕੱਤਰ, ਨਰਿੰਦਰ ਸਿੰਘ ਬਰਾੜਾ (ਹਰਿਆਣਾ) ਚੇਅਰਮੈਨ ਅਤੇ ਗਰੀਬ ਸਿੰਘ ਕਾਲੀ (ਭੇਵਾ) ਨੂੰ ਕੈਸ਼ੀਅਰ ਦੀ ਸੇਵਾ ਤੇ ਕੀਤਾ ਗਿਆ ਨਿਯੁਕਤ



ਨਿਊਯਾਰਕ – ਜਿਕਰਯੋਗ ਹੈ ਕਿ ਗੁਰੂਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਰਿਚਮੰਡ ਹਿੱਲ ਨਿਊਯਾਰਕ ਦੀ ਕਮੇਟੀ ਦੀ ਚੋਣ ਹਰ ਦੋ ਸਾਲ ਬਾਅਦ ਸਰਵ ਸਹਿਮਤੀ ਅਤੇ ਸ਼ਾਂਤਮਈ ਤਰੀਕੇ ਨਾਲ ਕੀਤੀ ਜਾਂਦੀ ਹੈ। ਬੀਤੇ ਸੋਮਵਾਰ ਵੀ ਗੁਰੂ ਘਰ ਦੀ ਨਵੀਂ ਕਮੇਟੀ ਦੇ ਸਬੰਧ ਵਿੱਚ ਇੱਕ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਗੁਰੂਘਰ ਦੀ ਨਵੀ ਕਮੇਟੀ ਦਾ ਗਠਨ ਕੀਤਾ ਗਿਆ। ਮੌਜੂਦਾ ਪ੍ਰਧਾਨ ਦਲੇਰ ਸਿੰਘ ਅਤੇ ਸਮੂਹ ਕਮੇਟੀ ਨੇ ਸੁਖਜਿੰਦਰ ਸਿੰਘ ਸੁਭਾਨਪੁਰ ਨੂੰ ਸਿਰੋਪਾਓ ਨਾਲ ਸਨਮਾਨਿਤ ਕਰਦੇ ਹੋਏ ਗੁਰੂਦੁਆਰਾ ਸਾਹਿਬ ਜੀ ਦੇ ਮੁੱਖ ਸੇਵਾਦਾਰ ਵਜੋਂ ਨਿਉਯੁਕਤ ਕੀਤਾ ਗਿਆ। ਹਰਜੀਤ ਸਿੰਘ ਨੂੰ ਜਰਨਲ ਸਕੱਤਰ , ਨਰਿੰਦਰ ਸਿੰਘ ਬਰਾੜਾ ( ਹਰਿਆਣਾ ) ਚੇਅਰਮੈਨ ਅਤੇ ਗਰੀਬ ਸਿੰਘ ਕਾਲੀ ( ਭੇਵਾ ) ਨੂੰ ਕੈਸ਼ੀਅਰ ਦੀ ਸੇਵਾ ਦੀ ਜਿੰਮੇਵਾਰੀ ਦਿੱਤੀ ਗਈ। ਬਾਕੀ ਕਮੇਟੀ ਮੈਂਬਰਾਂ ਦੀ ਨਿਯੁਕਤੀ ਵੀ ਜਲਦੀ ਕੀਤੀ ਜਾਵੇਗੀ। ਇਸ ਮੋਕੇ ਤੇ ਗੁਰੂਘਰ ਦੀ ਸਮੂਹ ਸਾਬਕਾ ਕਮੇਟੀ ਮੈਂਬਰ ਰਘੁਬੀਰ ਸਿੰਘ ਸੁਭਾਨਪੁਰ . ਕੈਸ਼ੀਅਰ ਦਲੀਪ ਸਿੰਘ , ਮਾਸਟਰ ਮੁਹਿੰਦਰ ਸਿੰਘ , ਹਿੰਮਤ ਸਿੰਘ ਸਰਪੰਚ , ਗੁਰਮੇਜ ਸਿੰਘ , ਗੁਰਮੀਤ ਸਿੰਘ , ਕੁਲਦੀਪ ਸਿੰਘ ਖ਼ਾਲਸਾ , ਸੁਖਜਿੰਦਰ ਸਿੰਘ ਰਿੰਪੀ , ਰਘੁਬੀਰ ਸਿੰਘ ਬੱਬੀ , ਸੁਖਜਿੰਦਰ ਸਿੰਘ ਰਿੰਪੀ , ਗਿਆਨੀ ਕੁਲਵੰਤ ਸਿੰਘ ਅਤੇ ਅਮਰੀਕ ਸਿੰਘ ਮੋਰਥੱਲੀ ਤੋ ਇਲਾਵਾ ਗੁਰੂਦੁਆਰਾ ਗੁਰੂ ਨਾਨਕ ਦਰਬਾਰ ਦੇ ਜਰਨਲ ਸਕੱਤਰ ਹਰਚਰਨ ਸਿੰਘ ਗੁਲਾਟੀ , ਗੁਰੂਦੁਆਰਾ ਸਿੱਖ ਕਲਚਰਲ ਸੁਸਾਇਟੀ ਤੋ ਸਾਬਕਾ ਪ੍ਰਧਾਨ ਗੁਰਦੇਵ ਸਿੰਘ ਕੰਗ , ਹਰਬੰਸ ਸਿੰਘ ਢਿੱਲੋਂ, ਪ੍ਰਧਾਨ ਬਾਵਾ ਰਜਿੰਦਰ ਸਿੰਘ ਲਾਲੀ , ਦਵਿੰਦਰ ਸਿੰਘ ਬੋਪਾਰਾਏ, ਕੁਲਵੰਤ ਸਿੰਘ ਮਿਆਣੀ , ਅਤੇ ਹੋਰ ਕਮਿਊਨਿਟੀ ਆਗੂ ਵੀ ਹਾਜ਼ਰ ਸਨ। ਇਸ ਮੋਕੇ ਤੇ ਨਿਊਯਾਰਕ ਦਾ ਸਮੂਹ ਮੀਡੀਆ ਵੀ ਹਾਜ਼ਰ ਸੀ।








# Preetnama

Khara Sach

# ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 272 | Website: www.preetnama.com Email preetnamausa@gmail.com | 04 OCT TO 10 OCT , 2024


# ਗੁਰੂਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਰਿਚਮੰਡ ਹਿੱਲ ਨਿਊਯਾਰਕ ਦੀ ਨਵੀ ਕਮੇਟੀ ਦਾ ਹੋਇਆ ਗਠਨ

- ☛ ਸੁਖਜਿੰਦਰ ਸਿੰਘ ਸੁਭਾਨਪੁਰ ਨੂੰ ਸੋਪੀ ਗਈ ਪ੍ਰਧਾਨਗੀ ਦੀ ਜਿੰਮੇਵਾਰੀ
- ☛ ਮੌਜੂਦਾ ਪ੍ਰਧਾਨ ਦਲੇਰ ਸਿੰਘ ਨੇ ਸੁਖਜਿੰਦਰ ਸਿੰਘ ਸੁਭਾਨਪੁਰ ਨੂੰ ਸਿਰੋਪਾਓ ਨਾਲ ਕੀਤਾ ਸਨਮਾਨਿਤ
- ☛ ਹਰਜੀਤ ਸਿੰਘ ਗਿਲਜ਼ੀਆ ਨੂੰ ਜਰਨਲ ਸਕੱਤਰ, ਨਰਿੰਦਰ ਸਿੰਘ ਬਰਾੜਾ (ਹਰਿਆਣਾ) ਚੇਅਰਮੈਨ ਅਤੇ ਗਰੀਬ ਸਿੰਘ ਕਾਲੀ (ਭੇਵਾ) ਨੂੰ ਕੈਸ਼ੀਅਰ ਦੀ ਸੇਵਾ ਤੇ ਕੀਤਾ ਗਿਆ ਨਿਯੁਕਤ

































# Preetnama

Khara Sach

ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 272 | Website: www.preetnama.com Email preetnamausa@gmail.com | 04 OCT TO 10 OCT ,2024


# ਗੁਰੂਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਰਿਚਮੰਡ ਹਿੱਲ ਨਿਊਯਾਰਕ ਦੀ ਨਵੀ ਕਮੇਟੀ ਦਾ ਹੋਇਆ ਗਠਨ

☛ ਸੁਖਜਿੰਦਰ ਸਿੰਘ ਸੁਭਾਨਪੁਰ ਨੂੰ ਸੋਪੀ ਗਈ ਪ੍ਰਧਾਨਗੀ ਦੀ ਜਿੰਮੇਵਾਰੀ

☛ ਮੌਜੂਦਾ ਪ੍ਰਧਾਨ ਦਲੇਰ ਸਿੰਘ ਨੇ ਸੁਖਜਿੰਦਰ ਸਿੰਘ ਸੁਭਾਨਪੁਰ ਨੂੰ ਸਿਰੋਪਾਓ ਨਾਲ ਕੀਤਾ ਸਨਮਾਨਿਤ

☛ ਹਰਜੀਤ ਸਿੰਘ ਗਿਲਜ਼ੀਆ ਨੂੰ ਜਰਨਲ ਸਕੱਤਰ, ਨਰਿੰਦਰ ਸਿੰਘ ਬਰਾੜਾ (ਹਰਿਆਣਾ) ਚੇਅਰਮੈਨ ਅਤੇ ਗਰੀਬ ਸਿੰਘ ਕਾਲੀ (ਭੇਵਾ) ਨੂੰ ਕੈਸ਼ੀਅਰ ਦੀ ਸੇਵਾ ਤੇ ਕੀਤਾ ਗਿਆ ਨਿਯੁਕਤ


































# ਡੇਰਾ ਸੱਚਾ ਸੌਦਾ ਮੁਖੀ ਰਾਮ ਰਹੀਮ ਹਰਿਆਣਾ ਚੋਣਾਂ ਤੋਂ ਪਹਿਲਾਂ 20 ਦਿਨਾਂ ਦੀ ਪੈਰੋਲ 'ਤੇ ਬਾਹਰ

ਹਰਿਆਣਾ ਵਿੱਚ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ 20 ਦਿਨਾਂ ਦੀ ਪੈਰੋਲ ਉੱਤੇ ਜੇਲ੍ਹ ਤੋਂ ਬਾਹਰ ਆ ਗਏ ਹਨ।ਬਲਾਤਕਾਰ ਮਾਮਲੇ ਵਿੱਚ ਸਜ਼ਾ ਕੱਟ ਰਹੇ ਗੁਰਮੀਤ ਰਾਮ ਰਹੀਮ ਹੁਣ ਤੱਕ ਕਈ ਵਾਰ ਕਦੀ ਪੈਰੋਲ ਤੇ ਕਦੀ ਫਰਲੋ ਅਧੀਨ ਬਾਹਰ ਆ ਚੁੱਕੇ ਹਨ।ਪੰਥਕ ਜਥੇਬੰਦੀਆਂ ਡੇਰਾ ਮੁਖੀ ਨੂੰ ਲਗਾਤਾਰ ਪੈਰੋਲ ਦਿੱਤੇ ਜਾਣ ਉੱਤੇ ਸਵਾਲ ਖੜ੍ਹੇ ਕਰਦੀਆਂ ਰਹੀਆਂ ਹਨ ਕਿ ਅਜਿਹਾ ਇਤਫ਼ਾਕਨ ਹੁੰਦਾ ਹੈ ਜਾਂ ਸਿਆਸਤ ਅਧੀਨ ਕਿਉਂਜੋ ਜੇ ਪਿਛਲਾ ਰਿਕਾਰਡ ਦੇਖਿਆ ਜਾਵੇ ਤਾਂ ਰਾਮ ਰਹੀਮ ਤਕਰੀਬਨ ਹਾਰ ਵਾਰ ਚੋਣਾਂ ਤੋਂ ਪਹਿਲਾਂ ਬਾਹਰ ਆਏ ਹਨ।ਜ਼ਿਕਰਯੋਗ ਹੈ ਕਿ 90 ਸੀਟਾਂ ਵਾਲੀ ਹਰਿਆਣਾ ਦੀ ਵਿਧਾਨ ਸਭਾ ਲਈ 5 ਅਕਤੂਬਰ ਨੂੰ ਪੈਣ ਵਾਲੀਆਂ ਵੋਟਾਂ ਦੇ ਨਤੀਜੇ 8 ਅਕਤੂਬਰ ਨੂੰ ਆਉਂਣਗੇ।ਸਹਿਯੋਗੀ ਪ੍ਰਭੂ ਦਿਆਲ ਵਲੋਂ ਸਾਂਝੀ ਕੀਤੀ ਜਾਣਕਾਰੀ ਮੁਤਬਾਕ ਰਾਮ ਰਹੀਮ ਪਿਛਲੇ 2 ਸਾਲਾਂ ਵਿੱਚ 10 ਵਾਰ ਪੈਰੋਲ ਜਾਂ ਫਰਲੋ ਰਾਹੀਂ ਜੇਲ੍ਹ ਤੋਂ ਬਾਹਰ ਆਏ ਹਨ। ਜਿਨਾਂ ਵਿੱਚੋਂ 6 ਮੌਕੇ ਅਜਿਹੇ ਸਨ ਜਦੋਂ ਉਹ ਚੋਣਾਂ ਤੋਂ ਠੀਕ ਪਹਿਲਾਂ ਬਾਹਰ ਆਏ ਸਨ।ਰਾਮ ਰਹੀਮ ਦੀ ਮੌਜੂਦਾ ਪੈਰੋਲ ਉੱਤੇ ਚੋਣ ਕਮਿਸ਼ਨ ਵਲੋਂ ਕੁਝ ਸ਼ਰਤਾਂ ਲਾਗੂ ਕੀਤੀਆਂ ਗਈਆਂ ਹਨ।ਐੱਚਸੀਐੱਸ ਨੋਡਲ ਅਫ਼ਸਰ ਹਰਿਆਣਾ ਚੋਣ ਕਮਿਸ਼ਨ ਮਨੀਸ਼ ਲੋਹੀਆਂ ਨੇ ਸ਼ਰਤਾਂ ਬਾਰੇ ਇੱਕ ਵੀਡੀਓ ਜਾਰੀ ਕਰਕੇ ਸ਼ਰਤਾਂ ਬਾਰੇ ਦੱਸਿਆ ਕਿ ਉਹ ਚੋਣ ਗਤੀਵਿਧੀ ਵਿੱਚ ਸ਼ਾਮਲ ਨਹੀਂ ਹੋ ਸਕਦੇ, ਹਰਿਆਣਾ ਵਿੱਚ ਦਾਖਲ ਨਹੀਂ ਹੋਣਗੇ, ਜਨਤਕ ਸੰਬੋਧਨ ਨਹੀਂ ਕਰਣਗੇ ਅਤੇ ਸ਼ਰਤਾਂ ਦੀ ਉਲੰਘਣਾ ਹੋਣ 'ਤੇ ਪੈਰੋਲ ਰੱਦ ਕੀਤੀ ਜਾਵੇਗੀ ਡੇਰਾ ਮੁਖੀ ਨੂੰ ਲਗਾਤਾਰ ਮਿਲ ਰਹੀ ਪੈਰੋਲ ਨੇ ਕਈ ਸਵਾਲ ਖੜ੍ਹੇ ਕੀਤੇ ਹਨ। ਇਸ ਰਿਪੋਰਟ ਵਿੱਚ ਅਸੀਂ ਪੈਰੋਲ ਨਾਲ ਜੁੜੇ ਕੁਝ ਕਾਨੂੰਨੀ ਸਵਾਲਾਂ ਦੇ ਜਵਾਬ ਤਲਾਸ਼ਣ ਦੀ ਕੋਸ਼ਿਸ ਕਰਾਂਗੇ।

ਕੀ ਕੈਦ ਕੱਟ ਰਹੇ ਕਿਸੇ ਵੀ ਵਿਅਕਤੀ ਨੂੰ ਪੈਰੋਲ ਮਿਲ ਸਕਦੀ ਹੈ ? ਜਿਨ੍ਹਾਂ ਨੂੰ ਪੈਰੋਲ ਮਿਲਦੀ ਹੈ ਉਹ ਕਿੰਨ੍ਹਾਂ ਸ਼ਰਤਾਂ ਅਧੀਨ ਜੇਲ੍ਹ ਤੋਂ ਬਾਹਰ ਰਹਿ ਸਕਦੇ ਹਨ ? ਕੀ ਪੈਰੋਲ ਨੂੰ ਰੱਦ ਕੀਤਾ ਜਾ ਸਕਦਾ ਹੈ ? ਪੈਰੋਲ ਦੇਣ ਦਾ ਅਧਿਕਾਰ ਕਿਸ ਕੋਲ ਹੁੰਦਾ ਹੈ ? ਇਸ ਵਿੱਚ ਅਦਾਲਤ ਤੇ ਸਰਕਾਰ ਦਾ ਕੀ ਰੋਲ ਹੁੰਦਾ ਹੈ ? ਇਸ ਬਾਰੇ ਕਾਨੂੰਨ ਕੀ ਕਹਿੰਦਾ ਹੈ ਇਹ ਜਾਣਨ ਲਈ ਅਸੀ ਕਾਨੂੰਨੀ ਮਹਾਰਾਂ ਨਾਲ ਗੱਲਬਾਤ ਕੀਤੀ।

**ਪੈਰੋਲ ਕੀ ਹੈ ?**

ਪੈਰੋਲ ਇੱਕ ਅਸਥਾਈ ਰਾਹਤ ਹੈ, ਜੋ ਕਿਸੇ ਕੈਦੀ ਨੂੰ ਚੰਗੇ ਆਚਰਣ ਦੀ ਸ਼ਰਤ 'ਤੇ ਦਿੱਤੀ ਜਾਂਦੀ ਹੈ।ਪੈਰੋਲ ਦਾ ਮਕਸਦ ਲੰਬੀ ਸਜ਼ਾ ਅਧੀਨ ਜੇਲ੍ਹਾਂ 'ਚ ਬੰਦ ਕੈਦੀਆਂ ਨੂੰ ਪਰਿਵਾਰ ਤੇ ਸਮਾਜ ਨਾਲ ਜੋੜੀ ਰੱਖਣਾ ਹੈ।ਪੈਰੋਲ ਦੀਆਂ ਸ਼ਰਤਾਂ ਸਜ਼ਾ ਅਤੇ ਦੋਸ਼ 'ਤੇ ਆਧਾਰਿਤ ਹੁੰਦੀਆਂ ਹਨ।ਆਮਤੌਰ 'ਤੇ ਪੈਰੋਲ ਇੱਕ ਨਿਰਧਾਰਿਤ ਸਮੇਂ ਲਈ ਦਿੱਤੀ ਜਾਂਦੀ ਹੈ ਪਰ ਕਈ ਮਾਮਲਿਆਂ ਵਿੱਚ ਕੈਦੀ ਆਪਣੀ ਸਜ਼ਾ ਦਾ ਸਮਾਂ ਪੂਰਾ ਹੋਣ ਤੋਂ ਪਹਿਲਾਂ ਹੀ ਬਾਹਰ ਆ ਜਾਂਦਾ ਹੈ ਤੇ ਬਚੀ ਸਜ਼ਾ ਜੇਲ੍ਹ ਤੋਂ ਬਾਹਰ ਹੀ ਪੁਲਿਸ ਨਿਗਰਾਨੀ ਹੇਠ ਕੱਟਦਾ ਹੈ।



ਡੇਰਾ ਸੱਚਾ ਸੌਦਾ ਮੁਖੀ ਗੁਰਮੀਤ ਰਾਮ ਰਹੀਮ 02 ਅਕਤੂਬਰ ਨੂੰ 20 ਦਿਨਾਂ ਲਈ ਬਾਹਰ ਆਏ ਹਨ

ਪੈਰੋਲ ਇੱਕ ਅਸਥਾਈ ਰਾਹਤ ਹੈ ਜੋ ਕਿਸੇ ਕੈਦੀ ਨੂੰ ਚੰਗੇ ਆਚਰਣ ਦੀ ਸ਼ਰਤ 'ਤੇ ਦਿੱਤੀ ਜਾਂਦੀ ਹੈ।

ਪੈਰੋਲ ਦੀਆਂ ਸ਼ਰਤਾਂ ਸਜ਼ਾ ਅਤੇ ਦੋਸ਼ ਦੇ ਆਧਾਰ 'ਤੇ ਨਿਰਧਾਰਿਤ ਕੀਤੀਆਂ ਜਾਂਦੀਆਂ ਹਨ।

ਪੈਰੋਲ ਦੀਆਂ ਦੋ ਕੈਟੇਗਰੀਆਂ ਹਨ ਕਸਟਡੀ ਪੈਰੋਲ ਤੇ ਰੈਗੂਲਰ ਪੈਰੋਲ।

ਅੰਡਰ ਟਰਾਇਲ ਵਿਅਕਤੀ ਜੋ ਜੇਲ੍ਹ ਵਿੱਚ ਬੰਦ ਹੋਵੇ ਉਹ ਵੀ ਕਸਟਡੀ ਪੈਰੋਲ ਲਈ ਅਪਲਾਈ ਕਰ ਸਕਦਾ ਹੈ।

ਆਮ ਤੌਰ 'ਤੇ ਜੇਲ੍ਹ ਵਿੱਚ ਕੈਦੀ ਦੇ ਆਚਰਣ ਦੇ ਅਧਾਰ 'ਤੇ ਇਹ ਫ਼ੈਸਲਾ ਲਿਆ ਜਾਂਦਾ ਹੈ।

**ਫਰਲੋ ਕੀ ਹੁੰਦੀ ਹੈ**

ਫਰਲੋ ਵੀ ਪੈਰੋਲ ਵਾਂਗ ਹੀ ਹੁੰਦੀ ਹੈ, ਪਰ ਇਨ੍ਹਾਂ ਵਿੱਚ ਵੱਡਾ ਅੰਤਰ ਇਹ ਹੈ ਕਿ ਫਰਲੋ ਸਿਰਫ਼ ਲੰਬੀ ਸਜਾ ਕੱਟ ਰਹੇ ਕੈਦੀ ਨੂੰ ਹੀ ਦਿੱਤੀ ਜਾ ਸਕਦੀ ਹੈ।ਜਿੰਨੇ ਸਮੇਂ ਲਈ ਫਰਲੋ ਦਿੱਤੀ ਜਾਂਦੀ ਹੈ, ਓਨਾ ਸਮਾਂ ਕੈਦੀ ਦੀ ਕੈਦ ਦੇ ਸਮੇਂ ਵਿੱਚ ਮਾਫ਼ ਸਮਝਿਆ ਜਾਂਦਾ ਹੈ।ਕਾਨੂੰਨੀ ਸੇਵਾਵਾਂ ਸਬੰਧੀ ਲੀਗਲ ਸਰਵਿਸ ਇੰਡੀਆ ਜਨਰਲ ਮੁਤਾਬਕ, "ਫਰਲੋ ਜੇਲ੍ਹ ਤੋਂ ਛੁੱਟੀ ਦੀ ਇੱਕ ਕਿਸਮ ਹੈ ਅਤੇ ਇਹ ਹਰੇਕ ਕੈਦੀ ਲਈ ਇੱਕ ਹੱਕ ਹੈ। ਇਹ ਮਿਆਦ ਸਾਲ ਵਿੱਚ 14 ਦਿਨਾਂ ਲਈ ਹੁੰਦੀ ਹੈ ਪਰ ਜੇਲ ਸੁਪਰਡੈਂਟ ਨੂੰ ਅਰਜ਼ੀ ਜਮ੍ਹਾਂ ਕਰਾਉਣ ਤੋਂ ਬਾਅਦ ਕੁਝ ਕਾਰਨਾਂ ਦਾ ਹਵਾਲਾ ਦਿੰਦੇ ਹੋਏ ਵਾਧਾ ਦਿੱਤਾ ਜਾ ਸਕਦਾ ਹੈ।" ਇਹ ਇੱਕ ਕਿਸਮ ਦਾ 'ਰਿਵਾਰਡ' ਹੈ ਅਤੇ ਇਹ ਸਜ਼ਾ ਦੀ ਮੁਆਫੀ ਹੈ।ਪਰ ਇਹ ਕਈ ਵਾਰ ਕੈਦੀਆਂ ਦੀਆਂ ਕੁਝ ਸ਼੍ਰੇਣੀਆਂ ਲਈ ਅਸਵੀਕਾਰ ਕੀਤਾ ਜਾਂਦਾ ਹੈ, ਜਿਸ ਵਿੱਚ ਬਲਾਤਕਾਰ ਦੇ ਦੋਸ਼ੀ, ਡਕੈਤੀ ਜਾਂ ਨਸ਼ੇ ਦਾ ਕਾਰੋਬਾਰ ਦੇ ਮੁਲਜ਼ਮ ਸ਼ਾਮਲ ਹਨ।

**ਪੈਰੋਲ ਦੀਆਂ ਦੋ ਕੈਟੇਗਰੀਆਂ ਹਨ ਕਸਟਡੀ ਪੈਰੋਲ ਤੇ ਰੈਗੂਲਰ ਪੈਰੋਲ**

ਕਸਟਡੀ ਪੈਰੋਲ ਸਿਰਫ਼ 6 ਘੰਟਿਆਂ ਲਈ ਗੰਭੀਰ ਸਥਿਤੀਆਂ ਵਿੱਚ ਦਿੱਤੀ ਜਾਂਦੀ ਹੈ।ਕਿਸੇ ਪਰਿਵਾਰਕ ਮੈਂਬਰ ਦੀ ਮੌਤ, ਕਰੀਬੀ ਜਾਂ ਆਪਣੇ ਵਿਆਹ, ਪਰਿਵਾਰ ਵਿੱਚ ਕਿਸੇ ਦੇ ਗੰਭੀਰ ਰੂਪ ਵਿੱਚ ਬੀਮਾਰ ਹੋਣ ਦੀ ਸੂਰਤ ਵਿੱਚ ਜਾਂ ਡਿਪਟੀ ਇੰਸਪੈਕਟਰ ਜਨਰਲ ਆਫ਼ ਪੁਲਿਸ ਜਾਂ ਡਿਵੀਜ਼ਨਲ ਕਮਿਸ਼ਨਰ ਦੀ ਆਗਿਆ ਨਾਲ ਕਸਟਡੀ ਪੈਰੋਲ ਲਈ ਜਾ ਸਕਦੀ ਹੈ।ਅੰਡਰ ਟਰਾਇਲ ਵਿਅਕਤੀ, ਜੋ ਜੇਲ੍ਹ ਵਿੱਚ ਬੰਦ ਹੋਵੇ ਉਹ ਵੀ ਕਸਟਡੀ ਪੈਰੋਲ ਦੇ ਲਈ ਅਪਲਾਈ ਕਰ ਸਕਦਾ ਹੈ।ਪੈਰੋਲ ਜੇਲ੍ਹ ਸੁਪਰਡੈਂਟ ਵਲੋਂ ਲਿਖਤੀ ਰੂਪ ਵਿੱਚ ਜਾਰੀ ਕੀਤੀ ਜਾਂਦੀ ਹੈ। ਕਸਟਡੀ ਪੈਰੋਲ ਦੌਰਾਨ ਪੁਲਿਸ ਲਗਾਤਾਰ ਨਾਲ ਰਹਿੰਦੀ ਹੈ ਤੇ ਕੈਦੀ ਦੀ ਹਰ ਇੱਕ ਗਤੀਵਿਧੀ 'ਤੇ ਸਖ਼ਤ ਨਿਗਰਾਨੀ ਰੱਖੀ ਜਾਂਦੀ ਹੈ।ਇਸੇ ਤਰ੍ਹਾਂ ਰੈਗੂਲਰ ਪੈਰੋਲ ਵੀ ਸ਼ਰਤਾਂ 'ਤੇ ਨਿਰਭਰ ਕਰਦੀ ਹੈ ਪਰ ਇਸ ਵਿੱਚ ਕੈਦੀ ਇੱਕ ਤੋਂ ਵੱਧ ਸਮੇਂ ਲਈ ਬਾਹਰ ਰਹਿ ਸਕਦਾ ਹੈ।ਸਜ਼ਾ ਯਾਫ਼ਤਾ ਕੈਦੀ ਸਾਲ ਵਿੱਚ ਕੁੱਲ ਕਿੰਨੇ ਸਮੇਂ ਤੱਕ ਜੇਲ੍ਹ ਤੋਂ ਬਾਹਰ ਰਹਿ ਸਕਦੇ, ਇਹ ਸਮਾਂ ਹਰ ਸੂਬੇ ਦਾ ਵੱਖੋ ਵੱਖਰਾ ਹੈ।ਲੰਬੀ ਸਜ਼ਾ ਅਧੀਨ ਕੈਦੀਆਂ ਨੂੰ ਉਨ੍ਹਾਂ ਦੇ ਆਚਰਣ ਦੇ ਅਧਾਰ 'ਤੇ ਰੈਗੂਲਰ ਪੈਰੋਲ ਦਿੱਤੀ ਜਾਂਦੀ ਹੈ ਤਾਂ ਜੋ ਉਹ ਸਮਾਜ ਨਾਲ ਜੁੜੇ ਰਹਿਣ ਤੇ ਸਜ਼ਾ ਮੁਕੰਮਲ ਹੋਣ ਤੋਂ ਬਾਅਦ ਆਮ ਵਰਗਾ ਜੀਵਨ ਬਤੀਤ ਕਰ ਸਕਣ।

**ਪੈਰੋਲ ਅਪਲਾਈ ਕਰਨ ਦਾ ਤਰੀਕਾ**

ਪੈਰੋਲ ਲਈ ਅਰਜ਼ੀ ਕੈਦੀ ਵਲੋਂ ਜੇਲ੍ਹ ਸੁਪਰਡੈਂਟ ਨੂੰ ਦਾਇਰ ਕੀਤੀ ਜਾਂਦੀ ਹੈ। ਇਹ ਅਰਜ਼ੀ ਕੈਦੀ ਦੇ ਪਰਿਵਾਰਕ ਮੈਂਬਰ, ਰਿਸ਼ਤੇਦਾਰ, ਦੋਸਤ ਜਾਂ ਵਕੀਲ ਕਿਸੇ ਵਲੋਂ ਵੀ ਦਾਇਰ ਕੀਤੀ ਜਾ ਸਕਦੀ ਹੈ।ਅਰਜ਼ੀ ਵਿੱਚ ਪੈਰੋਲ ਲਈ ਅਪਲਾਈ ਕਰਨ ਦੇ ਕਾਰਨਾਂ ਦੇ ਨਾਲ-ਨਾਲ ਆਮ ਜਾਣਕਾਰੀ ਜਿਵੇਂ ਕਿ ਕੈਦੀ ਦਾ ਪੱਕਾ ਪਤਾ, ਪਰਿਵਾਰ ਦੇ ਵੇਰਵੇ ਤੇ ਅਰਜ਼ੀ ਕਰਤਾ ਦਾ ਉਸ ਨਾਲ ਸਬੰਧ ਆਦਿ ਦੇਣਾ ਲਾਜ਼ਮੀ ਹੈ।ਇਸ ਦੇ ਨਾਲ ਹੀ ਕੈਦੀ ਬਾਹਰ ਜਾ ਕੇ ਕਿਸ ਪਤੇ 'ਤੇ ਰਹੇਗਾ, ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ।ਜੇਲ੍ਹ ਸੁਪਰਡੈਂਟ ਵਲੋਂ ਅਰਜ਼ੀ ਨੂੰ ਪੈਰੋਲ ਰਜਿਸਟਰ ਵਿੱਚ ਦਰਜ ਕੀਤਾ ਜਾਂਦਾ ਹੈ ਤੇ ਇੱਕ ਜ਼ੁਬਾਨੀ ਇੰਟਰਵਿਊ ਵਿੱਚ ਅਰਜ਼ੀਕਰਤਾ ਵਲੋਂ ਲਿਖੀ ਜਾਣਕਾਰੀ ਦੀ ਪੁਸ਼ਟੀ ਕੀਤੀ ਜਾਂਦੀ ਹੈ।

**ਪੈਰੋਲ ਦੀਆਂ ਸ਼ਰਤਾਂ**

ਰੈਗੂਲਰ ਪੈਰੋਲ ਅਪਲਾਈ ਕਰਨ ਵਾਲੇ ਵਿਅਕਤੀ ਨੇ ਘੱਟੋ ਘੱਟ ਇੱਕ ਸਾਲ ਜੇਲ੍ਹ ਵਿੱਚ ਬਿਤਾਇਆ ਹੋਵੇ।ਸਜ਼ਾ ਦੌਰਾਨ ਉਸ ਦਾ ਆਚਰਣ ਚੰਗਾ ਰਿਹਾ ਹੋਵੇ। ਕੈਦੀ, ਜੋ ਕਦੇ ਪਹਿਲਾਂ ਪੈਰੋਲ 'ਤੇ ਬਾਹਰ ਰਿਹਾ ਹੋਵੇ ਤਾਂ ਕਿਸੇ ਵੀ ਕਿਸਮ ਦੀ ਗ਼ੈਰ-ਕਾਨੂੰਨੀ ਕਾਰਵਾਈ ਵਿੱਚ ਨਾ ਪਿਆ ਹੋਵੇ।

**ਪੈਰੋਲ ਉੱਤੇ ਬਾਹਰ ਜਾਣ ਤੋਂ ਬਾਅਦ ਵੀ ਕੁਝ ਸ਼ਰਤਾਂ ਜਿਵੇਂ ਕਿ**

☛ ਇਜ਼ਾਜਤ ਤੋਂ ਬਿਨ੍ਹਾਂ ਲਿਖਤੀ ਰੂਪ ਵਿੱਚ ਦੱਸੇ ਗਏ ਨਿਰਧਾਰਿਤ ਇਲਾਕੇ ਤੋਂ ਬਾਹਰ ਨਾ ਜਾਣਾ

☛ ਕਿਸੇ ਕਿਸਮ ਦੇ ਨਸ਼ੇ ਜਾਂ ਸ਼ਰਾਬ ਦਾ ਇਸਤੇਮਾਲ ਨਾ ਕਰਨਾ

☛ ਪੈਰੋਲ ਅਫ਼ਸਰ ਨੂੰ ਸਮੇਂ ਸਮੇਂ ਰਿਪੋਰਟ ਕਰਦੇ ਰਹਿਣਾ

☛ ਕਿਸੇ ਕਿਸਮ ਦੀ ਗ਼ੈਰ-ਕਾਨੂੰਨੀ ਗਤੀਵਿਧੀ ਵਿੱਚ ਨਾ ਪੈਣਾ

☛ ਆਪਣੇ ਵਲੋਂ ਕੀਤੇ ਗਏ ਅਪਰਾਧ ਦੇ ਕਿਸੇ ਵੀ ਪੀੜਤ ਨਾਲ ਰਾਬਤਾ ਨਾ ਕਰਨਾ।

☛ ਪੈਰੋਲ ਦੌਰਾਨ ਤੁਸੀਂ ਕਿਸੇ ਅਜਿਹੇ ਇਲਾਕੇ ਵਿੱਚ ਨਹੀਂ ਰਹਿ ਸਕਦੇ ਜਿੱਥੇ ਚੋਣਾਂ ਹੋਣ ਵਾਲੀਆਂ ਹੋਣ ਜਾਂ ਹੋ ਰਹੀਆਂ ਹੋਣ।ਨਿਰਧਾਰਿਤ ਸਮੇਂ ਤੋਂ ਵੱਧ ਸਮਾਂ ਬਾਹਰ ਰਹਿਣ 'ਤੇ ਸਜ਼ਾ ਦੀ ਤਜਵੀਜ਼ ਹੈ।

**ਕੀ ਪੈਰੋਲ ਇੱਕ ਹੱਕ ਹੈ**

ਪੈਰੋਲ ਕਿਸੇ ਅਪਰਾਧ ਅਧੀਨ ਸਜ਼ਾ ਕੱਟ ਰਹੇ ਕੈਦੀਆਂ ਨੂੰ ਸਮਾਜਿਕ ਜ਼ਿੰਦਗੀ ਵਿੱਚ ਪਰਤਣ ਦਾ ਦਿੱਤਾ ਗਿਆ ਇੱਕ ਮੌਕਾ ਹੈ।ਭਾਰਤ ਵਿੱਚ ਪੈਰੋਲ ਦੀ ਸੁਵਿਧਾ ਤਾਂ ਹੈ ਪਰ ਇਹ ਅਧਿਕਾਰ ਵਜੋਂ ਮੌਜੂਦ ਨਹੀਂ ਹੈ।ਕਾਨੂੰਨੀ ਮਾਹਰ ਤੇ ਸੁਪਰੀਮ ਕੋਰਟ ਦੇ ਵਕੀਲ ਕਾਮਿਨੀ ਜਸਵਾਲ ਦੱਸਦੇ ਹਨ ਕਿ ਭਾਰਤ ਦਾ ਕਾਨੂੰਨ ਪੈਰੋਲ ਦੀ ਪੱਕੀ ਗਰੰਟੀ ਦੀ ਹਾਮੀ ਨਹੀਂ ਭਰਦਾ।ਹਾਂ, ਇਹ ਇੱਕ ਖ਼ਾਸ ਲਾਭ ਹੈ ਜੋ ਉਨ੍ਹਾਂ ਕੈਦੀਆਂ ਨੂੰ ਦਿੱਤਾ ਜਾਂਦਾ ਹੈ, ਜਿਨ੍ਹਾਂ ਦੀ ਸਜ਼ਾ ਦਾ ਸਮਾਂ ਮੁਕੰਮਲ ਹੋਣ ਤੋਂ ਬਾਅਦ ਸਮਾਜ ਵਿੱਚ ਮੁੜ-ਵਸੇਬੇ ਦੀਆਂ ਚੰਗੀਆਂ ਸੰਭਾਵਨਾਵਾਂ ਹੋਣ।ਕੀ ਪੈਰੋਲ ਦੋਰਾਨ ਬਾਹਰ ਹੋਣ ਤੇ ਕਿਸੇ ਇਕੱਠ ਨੂੰ ਸੰਬੋਧਿਤ ਕੀਤਾ ਜਾ ਸਕਦਾ ਹੈ ਪਿਛਲੇ ਦਿਨੀਂ ਬਲਾਤਕਾਰ ਮਾਮਲੇ ਵਿੱਚ ਸਜ਼ਾ ਕੱਟ ਰਹੇ ਡੇਰਾ ਸੱਚਾ ਸੌਦਾ ਮੁਖੀ ਗੁਰਮੀਤ ਰਾਮ ਰਹੀਮ ਜੋ ਕਿ 15 ਅਕਤੂਬਰ ਨੂੰ 40 ਦਿਨਾਂ ਦੀ ਪੈਰੋਲ ਉੱਤੇ ਬਾਹਰ ਆਏ ਸਨ ਨੇ ਇੱਕ ਆਨਲਾਈਨ ਸਤਿਸੰਗ ਕੀਤਾ।ਜਿਸ ਨੇ ਪੈਰੋਲ ਦੌਰਾਨ ਇਕੱਠ ਨੂੰ ਸੰਬੋਧਨ ਕਰਨ ਜਾਂ ਲੋਕਾਂ ਨੂੰ ਮਿਲਣ ਸਬੰਧੀ ਸਵਾਲ ਖੜ੍ਹੇ ਕੀਤੇ।ਲੋਕਾਂ ਨੂੰ ਮਿਲਣਾ ਜਾਂ ਕਿਸੇ ਇਕੱਠ ਨੂੰ ਸੰਬੋਧਨ ਕਰਨਾ ਉਸ ਹਾਲਤ ਵਿੱਚ ਸੰਭਵ ਹੈ, ਜਦੋਂ ਪੈਰੋਲ ਲਈ ਰੱਖੀਆਂ ਗਈਆਂ ਸ਼ਰਤਾਂ ਵਿੱਚ ਇਸ ਸਭ 'ਤੇ ਰੋਕ ਨਾ ਲਗਾਈ ਹੋਵੇ।ਇਸ ਮਾਮਲੇ ਤੇ ਕਾਮਿਨੀ ਜਸਵਾਲ ਦਾ ਕਹਿਣਾ ਹੈ ਕਿ ਆਮ ਤੌਰ 'ਤੇ ਜਦੋਂ ਮਾਮਲਾ ਅੰਡਰ ਟ੍ਰਾਇਲ ਹੁੰਦਾ ਹੈ।ਅਜਿਹੀ ਸਥਿਤੀ ਵਿੱਚ ਪੈਰੋਲ 'ਤੇ ਭੇਜਣ ਤੋਂ ਪਹਿਲਾਂ ਇਹ ਸ਼ਰਤ ਰੱਖੀ ਜਾਂਦੀ ਹੈ ਕਿ ਉਹ ਨਿਰਧਾਰਿਤ ਲੋਕਾਂ ਤੋਂ ਇਲਾਵਾ ਕਿਸੇ ਬਾਹਰੀ ਵਿਅਕਤੀ ਨੂੰ ਨਾ ਮਿਲੇ ਜਾਂ ਕਿਸੇ ਇਕੱਠ ਵਿੱਚ ਨਾ ਜਾਵੇ।ਪਰ ਆਮ ਤੌਰ 'ਤੇ ਜਦੋਂ ਦੋਸ਼ ਨਿਰਧਾਰਿਤ ਹੋ ਚੁੱਕਿਆ ਹੋਵੇ ਤੇ ਕੋਈ ਵਿਅਕਤੀ ਸਜ਼ਾ ਅਧੀਨ ਹੀ ਜੇਲ੍ਹ ਵਿੱਚ ਰਹਿ ਰਿਹਾ ਹੋਵੇ, ਉਸ 'ਤੇ ਅਜਿਹੀ ਸ਼ਰਤ ਨਹੀਂ ਰੱਖੀ ਜਾਂਦੀ। ਇਹ ਸਭ ਫ਼ੈਸਲੇ ਮਾਮਲਾ ਦਰ ਮਾਮਲਾ ਲਏ ਜਾਂਦੇ ਹਨ।

## ਕੀ ਹਰ ਇੱਕ ਕੈਦੀ ਨੂੰ ਪੈਰੋਲ ਮਿਲ ਸਕਦੀ ਹੈ

ਭਾਰਤ ਵਿੱਚ ਪਰਿਜ਼ਨਜ (ਜੇਲ੍ਹ) ਐਕਟ,1894 ਤੇ ਪਰਿਜ਼ਨਰਜ ਐਕਟ, 1900 ਤਹਿਤ ਜੇਲ੍ਹ ਨਿਯਮ ਤੇ ਕਾਨੂੰਨ ਲਾਗੂ ਹੁੰਦੇ ਹਨ।ਪਰਿਜ਼ਨਜ (ਜੇਲ੍ਹ) ਐਕਟ,1894 ਦਾ ਸੈਕਸ਼ਨ 59 ਅਧੀਨ ਜੇਲ੍ਹਾਂ ਦੇ ਪ੍ਰਬੰਧਨ ਦੀ ਜ਼ਿੰਮੇਵਾਰੀ ਸੂਬਾ ਸਰਕਾਰਾਂ ਨੂੰ ਦਿੱਤੀ ਗਈ ਹੈ।ਦਰਅਸਲ, 'ਜੇਲ੍ਹਾਂ' ਸੰਵਿਧਾਨ ਦੀ 7ਵੀਂ ਅਨੁਸੂਚੀ ਦੀ ਰਾਜ ਸੂਚੀ ਦੇ ਅਧੀਨ ਆਉਂਦੀਆਂ ਹਨ। ਇਸ ਲਈ ਰਾਜ ਸਰਕਾਰ ਜੇਲ੍ਹਾਂ ਦੇ ਨਿਯਮ ਲਈ ਕਾਨੂੰਨ ਬਣਾ ਸਕਦੀ ਹੈ।ਕਾਨੂੰਨੀ ਮਾਹਰ ਤੇ ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਕਾਮਿਨੀ ਜਸਵਾਲ ਦੱਸਦੇ ਹਨ ਕਿ ਕਿਉਂਕਿ ਸੰਵਿਧਾਨ ਨੇ ਲਾਅ ਐਂਡ ਆਰਡਰ ਦੇ ਪ੍ਰਬੰਧਨ ਦਾ ਹੱਕ ਸੂਬੇ ਨੂੰ ਦੇ ਦਿੱਤਾ ਹੈ।ਇਸ ਲਈ ਕਿਸ ਨੂੰ ਕਿੰਨੀ ਪੈਰੋਲ ਦੇਣੀ ਹੈ ਇਹ ਫ਼ੈਸਲਾ ਸੂਬਾ ਸਰਕਾਰਾਂ ਦੇ ਹੱਥ ਹੀ ਹੈ। ਆਮਤੌਰ 'ਤੇ ਜੇਲ੍ਹ ਵਿੱਚ ਕੈਦੀ ਦੇ ਆਚਰਣ ਦੇ ਅਧਾਰ 'ਤੇ ਇਹ ਫ਼ੈਸਲਾ ਲਿਆ ਜਾਂਦਾ ਹੈ।






PREETNAMA ਪ੍ਰੀਤਨਾਮਾ ਖਰਾ ਸੱਚ Online and Print Media


# ਇਜ਼ਰਾਈਲ ਦਾ ਉਹ ਕਿਹੜਾ ਡਿਫੈਂਸ ਸਿਸਟਮ ਹੈ ਜੋ ਕਈ ਹਮਲੇ ਨਾਕਾਮ ਕਰ ਰਿਹਾ ਹੈ




ਹਿਜ਼ਬੁੱਲ੍ਹਾ ਨੇ ਬੁੱਧਵਾਰ ਨੂੰ ਤੇਲ ਅਵੀਵ ਵਿੱਚ ਇਜ਼ਰਾਈਲੀ ਖ਼ੁਫ਼ੀਆ ਏਜੰਸੀ ਮੋਸਾਦ ਦੇ ਹੈੱਡਕੁਆਰਟਰ ’ਤੇ ਇੱਕ ਮਿਜ਼ਾਈਲ ਦਾਗ਼ੀ ਗਈ। ਦੱਸਿਆ ਜਾ ਰਿਹਾ ਹੈ ਕਿ ਇਹ ਈਰਾਨ ਵਲੋਂ ਬਣਾਈ ਗਈ ਕਾਦਿਰ-ਵਨ ਬੈਲਿਸਟਿਕ ਮਿਜ਼ਾਈਲ ਸੀ।ਇਹ ਮਿਜ਼ਾਈਲ 700 ਤੋਂ 1000 ਕਿਲੋਗ੍ਰਾਮ ਵਿਸਫੋਟਕ ਲੈ ਜਾ ਸਕਦੀ ਹੈ ਅਤੇ ਕਿਹਾ ਜਾਂਦਾ ਹੈ ਕਿ ਇਹ ਇੱਕ ਪੂਰੀ ਇਮਾਰਤ ਨੂੰ ਤਬਾਹ ਕਰਨ ਦੀ ਸਮਰੱਥਾ ਵੀ ਰੱਖਦੀ ਹੈ।ਇਜ਼ਰਾਈਲ ਸਰਕਾਰ ਦੇ ਬੁਲਾਰੇ ਡੇਵਿਡ ਮੈਨਸਰ ਦਾ ਕਹਿਣਾ ਹੈ ਕਿ ਇਜ਼ਰਾਈਲ ਹਿਜ਼ਬੁੱਲ੍ਹਾ ਦੇ ਇਸ ਹਮਲੇ ਨੂੰ ਰੋਕਣ ਵਿੱਚ ਕਾਮਯਾਬ ਰਿਹਾ ਕਿਉਂਕਿ ਉਸ ਕੋਲ ਡੇਵਿਡਜ਼ ਸਲਿੰਗ ਨਾਮ ਦਾ ਏਅਰ ਡਿਫ਼ੈਂਸ ਸਿਸਟਮ ਹੈ।

**ਡੇਵਿਡਜ਼ ਸਲਿੰਗ ਕੀ ਹੈ ?**

ਡੇਵਿਡਜ਼ ਸਲਿੰਗ ਨੂੰ ਸ਼ੁਰੂ ਵਿੱਚ ਇਜ਼ਰਾਈਲੀ ਪੈਟ੍ਰੀਅਟ ਮਿਜ਼ਾਈਲ ਰੱਖਿਆ ਪ੍ਰਣਾਲੀ ਦੇ ਬਦਲ ਵਜੋਂ ਵਿਕਸਤ ਕੀਤਾ ਗਿਆ ਸੀ।ਪੱਛਮ ਏਸ਼ੀਆਈ ਫ਼ੌਜੀ ਮਾਮਲਿਆਂ ’ਤੇ ਅਮਰੀਕੀ ਵਿਦੇਸ਼ ਮੰਤਰਾਲੇ ਦੇ ਸਾਬਕਾ ਸਲਾਹਕਾਰ ਕਰਨਲ ਅੱਬਾਸ ਦੋਹਾਕ ਨੇ ਬੀਬੀਸੀ ਨੂੰ ਦੱਸਿਆ ਕਿ ਡੇਵਿਡ ਸਲਿੰਗ ਸਿਸਟਮ ਦੀ ਰੇਂਜ ਪੈਟ੍ਰਿਅਟ ਸਿਸਟਮ ਦੇ ਮੁਕਾਬਲੇ 100 ਕਿਲੋਮੀਟਰ ਜ਼ਿਆਦਾ ਹੈ।ਇਜ਼ਰਾਈਲ ’ਚ ਟੈਕਨਾਲੋਜੀ ’ਤੇ ਨਜ਼ਰ ਰੱਖਣ ਵਾਲੀ 21ਸੀ ਵੈੱਬਸਾਈਟ ਦੇ ਮੁਤਾਬਕ, ਇਜ਼ਰਾਈਲ ਦੀ ਏਅਰ ਡਿਫੈਂਸ ਸਿਸਟਮ ਤਿੰਨ ਪਰਤਾਂ ’ਤੇ ਆਧਾਰਿਤ ਹੈ।ਇਜ਼ਰਾਈਲੀ ਰੱਖਿਆ ਕੰਪਨੀ ਰਾਫ਼ਾਲ ਦੇ ਮੁਤਾਬਕ, ਡੇਵਿਡਜ਼ ਸਲਿੰਗ ਇਜ਼ਰਾਈਲ ਦੇ ਰੱਖਿਆ ਪ੍ਰਣਾਲੀਆਂ ਵਿੱਚੋਂ ਇੱਕ ਮੱਧਮ ਰੇਂਜ ਦੀ ਰੱਖਿਆ ਪ੍ਰਣਾਲੀ ਹੈ ਜੋ ਆਇਰਨ ਡੋਮ ਤੋਂ ਬਾਅਦ ਸਭ ਤੋਂ ਸਫ਼ਲ ਰੱਖਿਆ ਹਥਿਆਰ ਮੰਨਿਆ ਜਾਂਦਾ ਹੈ।ਡੇਵਿਡਜ਼ ਸਲਿੰਗ ਨੂੰ ’ਕੰਪਲੀਟ ਮੀਡੀਅਮ ਟੂ ਲਾਂਗ ਰੇਂਜ ਐਂਡ ਏਅਰ ਮਿਜ਼ਾਈਲ ਡਿਫ਼ੈਂਸ ਸਿਸਟਮ’ ਵੀ ਮੰਨਿਆ ਜਾਂਦਾ ਹੈ।ਟਾਈਮਜ਼ ਆਫ਼ ਇਜ਼ਰਾਈਲ ਦੇ ਮੁਤਾਬਕ, ਹਥਿਆਰ ਦਾ ਨਾਮ ਬਾਈਬਲ ਵਿੱਚ ਦੱਸੀ ਗਈ ਇੱਕ ਕਹਾਣੀ ਦੇ ਆਧਾਰ ਉੱਤੇ ਰੱਖਿਆ ਗਿਆ ਹੈ ਜਿਸ ਵਿੱਚ ਡੇਵਿਡ (ਦਾਊਦ) ਨੇ ਜਾਲੂਤ ’ਤੇ ਪੱਥਰਾਂ ਦੇ ਮੀਂਹ ਨੂੰ ਰੋਕਣ ਲਈ ਇੱਕ ਗੁਲੇਲ ਦੀ ਵਰਤੋਂ ਕੀਤੀ ਸੀ।ਇਜ਼ਰਾਈਲ ਦੇ ਰੱਖਿਆ ਮੰਤਰਾਲੇ ਮੁਤਾਬਕ ਡੇਵਿਡਜ਼ ਸਲਿੰਗ ਬੈਲਿਸਟਿਕ ਅਤੇ ਕਰੂਜ਼ ਮਿਜ਼ਾਈਲ ਹਮਲਿਆਂ ਨੂੰ ਨਾਕਾਮ ਕਰਨ ਲਈ ਤਿਆਰ ਕੀਤੀ ਗਈ ਹੈ।ਦੂਜੇ ਪਾਸੇ ਆਇਰਨ ਡੋਮ ਛੋਟੀ ਦੂਰੀ ਦੀਆਂ ਮਿਜ਼ਾਈਲਾਂ ਅਤੇ ਸ਼ੈੱਲਾਂ ਨੂੰ ਨਸ਼ਟ ਕਰਦਾ ਹੈ।ਇਜ਼ਰਾਈਲੀ ਫੌਜ ਦੇ ਮੁਤਾਬਕ, ਡੇਵਿਡ ਸਲਿੰਗ ਇਜ਼ਰਾਈਲੀ ਕੰਪਨੀ ਰਾਫੇਲ ਅਤੇ ਅਮਰੀਕੀ ਕੰਪਨੀ ਰੇਥੀਓਨ ਵੱਲੋਂ ਬਣਾਈ ਗਈ ਸੀ ਅਤੇ ਇਸ ਨੂੰ 2017 ਵਿੱਚ ਵਰਤੋਂ ਵਿੱਚ ਲਿਆਂਦਾ ਗਿਆ ਸੀ।ਡੇਵਿਡਜ਼ ਸਲਿੰਗ ਨੂੰ ’ਜਾਦੂ ਦੀ ਛੜੀ’ ਵੀ ਕਿਹਾ ਜਾਂਦਾ ਹੈ ਜੋ 40 ਤੋਂ 300 ਕਿਲੋਮੀਟਰ ਦੀ ਦੂਰੀ ’ਤੇ ਰਾਕੇਟ ਅਤੇ ਮਿਜ਼ਾਈਲ ਹਮਲਿਆਂ ਨੂੰ ਰੋਕਣ ਦੀ ਸਮਰੱਥਾ ਰੱਖਦੀ ਹੈ।ਮਿਜ਼ਾਈਲ ਥਰੇਟ ਨਾਂ ਦੀ ਵੈੱਬਸਾਈਟ ਮੁਤਾਬਕ ਡੇਵਿਡ ਸਲਿੰਗ ’ਚ ਮਿਜ਼ਾਈਲ ਲਾਂਚਰ, ਈਐੱਲਐੱਮ 2084 ਰਡਾਰ, ਇੱਕ ਆਪਰੇਟਿੰਗ ਸਿਸਟਮ ਦੇ ਇਲਾਵਾ ਸਟੇਨਰ ਇੰਟਰਸੈਪਟਰ ਮਿਜ਼ਾਈਲਾਂ ਮੌਜੂਦ ਹਨ।ਡੇਵਿਡਜ਼ ਸਲਿੰਗ ਦੇ ਇੱਕ ਲਾਂਚਰ ਸਿਸਟਮ ਵਿੱਚ 12 ਮਿਜ਼ਾਈਲਾਂ ਲਾਈਆਂ ਜਾ ਸਕਦੀਆਂ ਹਨ ਅਤੇ ਇਨ੍ਹਾਂ ਦੇ ਸਾਰੇ ਪੁਰਜ਼ੇ ਅਮਰੀਕਾ ਵਿੱਚ ਬਣਾਏ ਜਾਂਦੇ ਹਨ।

**ਸਟੇਨਰ ਮਿਜ਼ਾਈਲ**

ਸੈਂਟਰ ਫ਼ਾਰ ਸਟ੍ਰੈਟੇਜਿਕ ਐਂਡ ਇੰਟਰਨੈਸ਼ਨਲ ਸਟੱਡੀਜ਼ ਦੀ ਵੈੱਬਸਾਈਟ ਮਿਜ਼ਾਈਲ ਥਰੇਟ ਮੁਤਾਬਕ ਸਟੇਨਰ ਮਿਜ਼ਾਈਲ 4.6 ਮੀਟਰ ਲੰਬੀ ਹੈ ਅਤੇ ਇਹ 15 ਕਿਲੋਮੀਟਰ ਦੀ ਉਚਾਈ ਤੋਂ ਆਉਣ ਵਾਲੇ ਕਿਸੇ ਵੀ ਰਾਕੇਟ ਜਾਂ ਮਿਜ਼ਾਈਲ ਨੂੰ ਨਸ਼ਟ ਕਰਨ ਦੀ ਸਮਰੱਥਾ ਰੱਖਦੀ ਹੈ।ਇਸ ਮਿਜ਼ਾਈਲ ਦਾ ਅਗਲਾ ਹਿੱਸਾ ਡਾਲਫ਼ਿਨ ਦੀ ਸ਼ਕਲ ਵਰਗਾ ਹੈ। ਜਿਸ ’ਤੇ ਦੋ ਸੈਂਸਰ ਲਗਾਏ ਜਾਂਦੇ ਹਨ; ਇਲੈਕਟ੍ਰੋ ਆਪਟੀਕਲ ਇਮੇਜਰੀ ਸੈਂਸਰ ਅਤੇ ਇੱਕ ਰਾਡਾਰ ਸੀਕਰ।ਡੇਵਿਡ ਸਲਿੰਗ ਸਿਸਟਮ ਆਪਣੇ ਟਾਰਗੈਟ ਨੂੰ ਨਿਸ਼ਾਨਾ ਬਣਾਉਣ ਅਤੇ ਉਸ ਨੂੰ ਜਾਮ ਕਰਨ ਦੀ ਸਮਰੱਥਾ ਰੱਖਦਾ ਹੈ।ਸਟੇਨਰ ਮਿਜ਼ਾਈਲ ਵਿੱਚ ਠੋਸ ਫ਼ਿਊਲ ਸਿਸਟਮ (ਈਂਧਨ ਪ੍ਰਣਾਲੀ) ਹੈ ਅਤੇ ਇਹ ਇੱਕ ਤੇਜ਼ ਰਫ਼ਤਾਰ ਵਾਲਾ ਹਥਿਆਰ ਹੈ।‘ਹਾਰੇਟਜ਼’ ਦਾ ਕਹਿਣਾ ਹੈ ਕਿ ਇੱਕ ਅੰਦਾਜ਼ੇ ਮੁਤਾਬਕ ਇੱਕ ਸਟੇਨਰ ਮਿਜ਼ਾਈਲ ਬਣਾਉਣ ’ਚ 10 ਲੱਖ ਡਾਲਰ ਦੀ ਲਾਗਤ ਆਉਂਦੀ ਹੈ।ਆਇਰਨ ਡੋਮ ’ਚ ਵਰਤੀ ਗਈ ਮਿਜ਼ਾਈਲ ਦੀ ਤੁਲਨਾ ’ਚ ਸਟੇਨਰ ਮਿਜ਼ਾਈਲ ਕੋਲ ਵਾਰਹੈੱਡ ਨਹੀਂ ਹੈ ਪਰ ਇਹ ਸਿੱਧਾ ਆਪਣੇ ਟਾਰਗੈਟ ਨੂੰ ਨਿਸ਼ਾਨਾ ਬਣਾਉਂਦੀ ਹੈ।

**ਰਡਾਰ ਸਿਸਟਮ**

ਡੇਵਿਡਜ਼ ਸਲਿੰਗ ਇੱਕ ਈਐੱਲਐੱਮ 2084 ਮਲਟੀ-ਮਿਸ਼ਨ ਰਡਾਰ ਨਾਲ ਵੀ ਲੈਸ ਹੈ ਜਿਸ ਵਿੱਚ ਜਹਾਜ਼ ਅਤੇ ਬੈਲਿਸਟਿਕ ਲੱਛਣਾਂ ਨੂੰ ਟਰੈਕ ਕਰਨ ਦੀ ਸਮਰੱਥਾ ਰੱਖਦਾ ਹੈ।ਇਸ ਰਡਾਰ ਦੀ ਵਰਤੋਂ ਹਵਾਈ ਨਿਗਰਾਨੀ ਜਾਂ ਅੱਗ ਕੰਟਰੋਲ ਮਿਸ਼ਨ ਦੋਵਾਂ ਲਈ ਕੀਤੀ ਜਾ ਸਕਦੀ ਹੈ।ਇਹ ਰਡਾਰ 474 ਕਿਲੋਮੀਟਰ ਦੇ ਦਾਇਰੇ ਵਿੱਚ ਤਕਰੀਬਨ 1100 ਟਾਰਗੈਟਸ ਨੂੰ ਟਰੈਕ ਕਰ ਸਕਦਾ ਹੈ ਜਦੋਂਕਿ ਇਹ ਇਲੈਕਟ੍ਰੀਕਲ ਸਿਸਟਮ ਰਾਹੀਂ ਹਰ ਚੀਜ਼ ਨੂੰ ਸਕੈਨ ਕਰਦਾ ਹੈ।ਜੇਕਰ ਅਸੀਂ ਫਾਇਰ ਕੰਟਰੋਲ ਮਿਸ਼ਨ ਦੀ ਗੱਲ ਕਰੀਏ ਤਾਂ ਇਹ 100 ਕਿਲੋਮੀਟਰ ਦੇ ਦਾਇਰੇ ਵਿੱਚ ਇੱਕ ਮਿੰਟ ਵਿੱਚ 200 ਲੱਛਣਾਂ ਨੂੰ ਟਰੈਕ ਕਰ ਸਕਦਾ ਹੈ।

**ਇਜ਼ਰਾਈਲ ਨੇ ਇਸ ਦੀ ਵਰਤੋਂ ਕਦੋਂ-ਕਦੋਂ ਕੀਤੀ ?**

2018 ਵਿੱਚ, ਇਜ਼ਰਾਈਲੀ ਅਖਬਾਰਾਂ ਨੇ ਰਿਪੋਰਟ ਦਿੱਤੀ ਕਿ ਜੁਲਾਈ 2018 ਵਿੱਚ, ਗੋਲਾਨ ਹਾਈਟਸ ਤੋਂ ਆਉਣ ਵਾਲੀਆਂ ਬੈਲਿਸਟਿਕ ਮਿਜ਼ਾਈਲਾਂ ਨੂੰ ਰੋਕਣ ਲਈ ਡੇਵਿਡਜ਼ ਸਲਿੰਗ ਦੀ ਵਰਤੋਂ ਪਹਿਲੀ ਵਾਰ ਕੀਤੀ ਗਈ ਸੀ।ਡਿਫੈਂਸ ਨਿਊਜ਼ ਵੈੱਬਸਾਈਟ ਦੇ ਮੁਤਾਬਕ, ਇਜ਼ਰਾਈਲ ਨੇ ਡੇਵਿਡਜ਼ ਸਲਿੰਗ ਦੀ ਵਰਤੋਂ ਕਰਦੇ ਹੋਏ ਦੋ ਇੰਟਰਸੇਪਟਰ ਮਿਜ਼ਾਈਲਾਂ ਦਾਗੀਆਂ।ਜਿਸ ਦਾ ਮਕਸਦ ਸੀਰੀਆ ਵੱਲੋਂ ਦਾਗ਼ੀਆਂ ਗਈਆਂ ਦੋ ਐੱਸਐੱਸ 21 ਬੈਲਿਸਟਿਕ ਮਿਜ਼ਾਈਲਾਂ ਨੂੰ ਰੋਕਣਾ ਸੀ।ਸੀਰੀਆ ਤੋਂ ਦਾਗੀਆਂ ਗਈਆਂ ਮਿਜ਼ਾਈਲਾਂ ਸੀਰੀਆ ਦੀ ਸਰਹੱਦ ਦੇ ਅੰਦਰ ਹੀ ਜਾ ਡਿੱਗੀਆਂ ਸਨ।ਜਦੋਂ ਕਿ ਇੱਕ ਇਜ਼ਰਾਈਲੀ ਮਿਜ਼ਾਈਲ ਗੋਲਾਨ ਹਾਈਟਸ ਉੱਤੇ ਆਪਣੇ ਆਪ ਹੀ ਨਸ਼ਟ ਹੋ ਗਈ ਸੀ।ਸੀਰੀਆਈ ਫ਼ੌਜ ਨੇ ਡੇਵਿਡ ਦੇ ਸਲਿੰਗ ਤੋਂ ਦਾਗ਼ੀ ਗਈ ਇੱਕ ਮਿਜ਼ਾਈਲ ਨੂੰ ਕਬਜ਼ੇ ਵਿੱਚ ਲੈ ਲਿਆ ਸੀ ਅਤੇ ਇਸ ਨੂੰ ਜਾਂਚ ਲਈ ਰੂਸ ਭੇਜ ਦਿੱਤਾ ਸੀ।ਮਈ 2023 ਵਿੱਚ ਵੀ ਇਜ਼ਰਾਈਲ ਨੇ ਡੇਵਿਡ ਸਲਿੰਗ ਦੀ ਵਰਤੋਂ ਕਰਨ ਦੀ ਜਾਣਕਾਰੀ ਦਿੱਤੀ ਸੀ।ਇਸ ਵਾਰ ਇਸ ਰੱਖਿਆ ਪ੍ਰਣਾਲੀ ਨੇ ਗਾਜ਼ਾ ਤੋਂ ਦਾਗ਼ੀਆਂ ਉਨ੍ਹਾਂ ਮਿਜ਼ਾਈਲਾਂ ਨੂੰ ਰੋਕਿਆ ਸੀ, ਜਿਨ੍ਹਾਂ ਨੂੰ ਆਇਰਨ ਡੋਮ ਰੋਕਣ ’ਚ ਨਾਕਾਮ ਰਿਹਾ ਸੀ।ਪਿਛਲੇ ਬੁੱਧਵਾਰ, ਹਿਜ਼ਬੁੱਲ੍ਹਾ ਅਤੇ ਇਜ਼ਰਾਈਲ ਵਿਚਕਾਰ ਵਧ ਰਹੇ ਤਣਾਅ ਦੇ ਚਲਦਿਆਂ, ਇਜ਼ਰਾਈਲੀ ਸਰਕਾਰ ਦੇ ਬੁਲਾਰੇ ਡੇਵਿਡ ਮੈਨਲਪ ਨੇ ਕਿਹਾ ਸੀ ਕਿ ਉਨ੍ਹਾਂ ਦੇ ਬਲਾਂ ਨੇ ਲੇਬਨਾਨੀ ਸੰਗਠਨ ਵੱਲੋਂ ਦਾਗ਼ੀ ਇੱਕ ਮਿਜ਼ਾਈਲ ਨੂੰ ਨਸ਼ਟ ਕਰ ਦਿੱਤਾ ਹੈ।ਡੇਵਿਡ ਮੈਨਸਰ ਦਾ ਕੀ ਕਹਿਣਾ ਹੈ, ਇਤਿਹਾਸ ਵਿੱਚ ਇਹ ਪਹਿਲੀ ਵਾਰ ਹੈ ਕਿ ਹਿਜ਼ਬੁੱਲ੍ਹਾ ਦੇ ਅੱਤਵਾਦੀਆਂ ਨੇ ਤੇਲ ਅਵੀਵ ’ਤੇ ਇੱਕ ਮਿਜ਼ਾਈਲ ਦਾਗ਼ੀ, ਪਰ ਇਜ਼ਰਾਈਲੀ ਏਅਰ ਡਿਫ਼ੈਂਸ ਸਿਸਟਮ ਡੇਵਿਡਜ਼ ਸਲਿੰਗ ਨੇ ਕਾਮਯਾਬੀ ਨਾਲ ਇਸ ਨੂੰ ਬੇਅਸਰ ਕਰ ਦਿੱਤਾ ਅਤੇ ਦੱਖਣੀ ਲੇਬਨਾਨ ਵਿੱਚ ਲਾਂਚਿੰਗ ਪੈਡਾਂ ਨੂੰ ਵੀ ਨਸ਼ਟ ਕਰ ਦਿੱਤਾ।ਕਰਨਲ ਅੱਬਾਸ ਦੋਹਾਕ ਕਹਿੰਦੇ ਹਨ ਕਿ ਇਜ਼ਰਾਈਲ ਦੀ ਹਵਾਈ ਰੱਖਿਆ ਪ੍ਰਣਾਲੀ, ਜਿਸ ਵਿੱਚ ਡੇਵਿਡਜ਼ ਸਲਿੰਗ ਵੀ ਸ਼ਾਮਲ ਹੈ, ਹਿਜ਼ਬੁੱਲ੍ਹਾ ਦੇ ਮਿਜ਼ਾਈਲ ਹਮਲਿਆਂ ਵਿਰੁੱਧ ਬਹੁਤ ਪ੍ਰਭਾਵਸ਼ਾਲੀ ਸਾਬਤ ਹੋਈ ਹੈ।ਉਨ੍ਹਾਂ ਦਾਅਵਾ ਕੀਤਾ, ਇਸ ਨੇ ਨਾ ਸਿਰਫ਼ ਕਈ ਰਾਕੇਟ ਤਬਾਹ ਕੀਤੇ ਹਨ ਬਲਕਿ ਵੱਖ-ਵੱਖ ਦਿਸ਼ਾਵਾਂ ਅਤੇ ਥਾਵਾਂ ਤੋਂ ਦਾਗ਼ੇ ਗਏ ਡਰੋਨ ਅਤੇ ਮਿਜ਼ਾਈਲਾਂ ਨੂੰ ਵੀ ਨਾਕਾਮ ਕਰ ਦਿੱਤਾ ਹੈ। ਜੌਰਡਨ ਦੇ ਫ਼ੌਜੀ ਮਾਮਲਿਆਂ ਦੇ ਮਾਹਰ ਬ੍ਰਿਗੇਡੀਅਰ ਜਨਰਲ ਮੂਸਾ ਅਲ-ਕਲਬ ਵੀ ਕਰਨਲ ਅੱਬਾਸ ਦੋਹਾਕ ਨਾਲ ਸਹਿਮਤ ਨਜ਼ਰ ਆਉਂਦੇ ਹਨ।ਉਨ੍ਹਾਂ ਦਾ ਕਹਿਣਾ ਹੈ ਕਿ ਡੇਵਿਡਜ਼ ਸਲਿੰਗ ਸਿਸਟਮ ਦੇ ਕਾਰਨ, ਇਜ਼ਰਾਈਲ 2006 ਦੀ ਲੜਾਈ ਦੇ ਮੁਕਾਬਲੇ ਹਿਜ਼ਬੁੱਲ੍ਹਾ ਉੱਤੇ ਭਾਰੀ ਸਾਬਤ ਹੋਇਆ ਹੈ।ਉਹ ਕਹਿੰਦੇ ਹਨ ਕਿ ਸ਼ਾਇਦ ਹਿਜ਼ਬੁੱਲ੍ਹਾ ਦੀਆਂ ਕੁਝ ਮਿਜ਼ਾਈਲਾਂ ਡੇਵਿਡਜ਼ ਸਲਿੰਗ ਦੇ ਟਿਕਾਣੇ ਤੱਕ ਪਹੁੰਚਣ ਅਤੇ ਉਸ ਨੂੰ ਨੁਕਸਾਨ ਪਹੁੰਚਾਉਣ ਵਿੱਚ ਸਫ਼ਲ ਹੋ ਸਕਦੀਆਂ ਹਨ, ਪਰ ਇਸਦਾ ਅਸਰ ਸੀਮਤ ਹੋਵੇਗਾ।ਕਰਨਲ ਅੱਬਾਸ ਦੋਹਕ ਦਾ ਕਹਿਣਾ ਹੈ ਕਿ ਡੇਵਿਡਜ਼ ਸਲਿੰਗ ਨੂੰ ਹਾਈਪਰਸੋਨਿਕ ਮਿਜ਼ਾਈਲਾਂ ਨੂੰ ਰੋਕਣ ਵਿੱਚ ਮੁਸ਼ਕਲ ਹੋ ਸਕਦੀ ਹੈ ਕਿਉਂਕਿ ਉਹ ਬਹੁਤ ਤੇਜ਼ ਰਫ਼ਤਾਰ ਹੁੰਦੀਆਂ ਹਨ।ਉਨ੍ਹਾਂ ਮੁਤਾਬਕ ਉਹ ਨਹੀਂ ਜਾਣਦੇ ਕਿ ਹਿਜ਼ਬੁੱਲ੍ਹਾ ਕੋਲ ਇਹ ਮਿਜ਼ਾਈਲ ਹੈ ਜਾਂ ਨਹੀਂ।ਪਰ ਮੂਸਾ ਅਲ-ਕਲਬ ਦਾ ਕਹਿਣਾ ਹੈ ਕਿ ਉਹ ਨਹੀਂ ਸੋਚਦੇ ਕਿ ਹਿਜ਼ਬੁੱਲ੍ਹਾ ਕੋਲ ਰੂਸ ਦੀ ਮਦਦ ਨਾਲ ਬਣੀ ਜ਼ਰਕੁਨ ਮਿਜ਼ਾਈਲ ਹੋ ਸਕਦੀ ਹੈ।ਉਨ੍ਹਾਂ ਦਾ ਕਹਿਣਾ ਹੈ ਕਿ ਇਹ ਯਕੀਨੀ ਤੌਰ ’ਤੇ ਸੰਭਵ ਹੈ ਕਿ ਇਰਾਨ ਨੇ ਥੋੜ੍ਹੀ ਗਿਣਤੀ ਵਿੱਚ ਇਹ ਮਿਜ਼ਾਈਲਾਂ ਹਿਜ਼ਬੁੱਲ੍ਹਾ ਨੂੰ ਦਿੱਤੀਆਂ ਹੋਣ।ਪਰ ਉਹ ਨਹੀਂ ਸਮਝਦੇ ਕਿ ਅਜਿਹਾ ਹੋਇਆ ਹੋਵੇਗਾ ਕਿਉਂਕਿ ਇਹ ਫ਼ੈਸਲਾ ਈਰਾਨ ਦੀ ਉੱਚ ਪੱਧਰੀ ਲੀਡਰਸ਼ਿਪ ਦਾ ਵਿਸ਼ੇਸ਼ ਅਧਿਕਾਰ ਹੈ।

ਨਵੰਬਰ 2023 ਵਿੱਚ, ਇਜ਼ਰਾਈਲੀ ਰੱਖਿਆ ਮੰਤਰਾਲੇ ਨੇ ਫਿਨਲੈਂਡ ਨੂੰ ਡੇਵਿਡਜ਼ ਸਲਿੰਗ ਮੁਹੱਈਆ ਕਰਵਾਉਣ ਲਈ 35.5 ਕਰੋੜ ਡਾਲਰ ਦੇ ਸਮਝੌਤੇ ’ਤੇ ਹਸਤਾਖਰ ਕੀਤੇ ਸਨ।ਉਸ ਸਮੇਂ ਰੱਖਿਆ ਮੰਤਰਾਲੇ ਨੇ ਕਿਹਾ ਸੀ ਕਿ ਡੇਵਿਡਜ਼ ਸਲਿੰਗ ਬੈਲਿਸਟਿਕ, ਕਰੂਜ਼ ਮਿਜ਼ਾਈਲਾਂ, ਡਰੋਨ ਅਤੇ ਲੜਾਕੂ ਜਹਾਜ਼ਾਂ ਨੂੰ ਟਰੈਕ ਕਰਨ ਉਨ੍ਹਾਂ ਨੂੰ ਨਸ਼ਟ ਕਰਨ ਦੀ ਸਮਰੱਥਾ ਰੱਖਣ ਵਾਲੇ ਦੁਨੀਆ ਦੇ ਆਧੁਨਿਕ ਹਥਿਆਰਾਂ ਵਿੱਚੋਂ ਇੱਕ ਹੈ।

**ਕਮਜ਼ੋਰੀਆਂ**

ਮੂਸਾ ਅਲ-ਕਲਬ ਦਾ ਕਹਿਣਾ ਹੈ ਕਿ ਇਜ਼ਰਾਇਲੀ ਰੱਖਿਆ ਪ੍ਰਣਾਲੀ ਦੀਆਂ ਵੀ ਕੁਝ ਕਮਜ਼ੋਰੀਆਂ ਹਨ ਕਿਉਂਕਿ ਇਨ੍ਹਾਂ ਨੂੰ ਇੱਕ ਥਾਂ ਤੋਂ ਦੂਜੀ ਥਾਂ ਲਿਜਾਣਾ ਔਖਾ ਹੈ ਅਤੇ ਇਸ ਸਮੇਂ ਦੌਰਾਨ ਕੋਈ ਵੀ ਪਾਰਟੀ ਉਨ੍ਹਾਂ ਹਥਿਆਰਾਂ ਨੂੰ ਨਿਸ਼ਾਨਾ ਬਣਾ ਕੇ ਨਸ਼ਟ ਕਰ ਸਕਦੀ ਹੈ।ਉਹ ਕਹਿੰਦੇ ਹਨ ਕਿ ਡੇਵਿਡਜ਼ ਸਲਿੰਗ ਵਿੱਚ ਲੱਗਣ ਵਾਲੀ ਇੱਕ ਮਿਜ਼ਾਈਲ ਦੀ ਕੀਮਤ 10 ਲੱਖ ਡਾਲਰ ਹੈ।ਮੂਸਾ ਅਲ-ਕਲਬ ਦਾ ਵਿਚਾਰ ਹੈ ਕਿ ਇਜ਼ਰਾਈਲ ਤਕਨੀਕੀ ਕਾਰਨਾਂ ਕਰਕੇ ਆਇਰਨ ਡੋਮ ਵਾਂਗ ਡੇਵਿਡਜ਼ ਸਲਿੰਗ ਦੀ ਵਰਤੋਂ ਨਹੀਂ ਕਰੇਗਾ।

## ਡੇਵਿਡਜ਼ ਸਲਿੰਗ ਕਦੋਂ ਬਣਾਈ ਗਈ ਸੀ ?

ਇਜ਼ਰਾਈਲ ਨੇ 2006 ਵਿੱਚ ਡੇਵਿਡਜ਼ ਸਲਿੰਗ ਸਿਸਟਮ ਉੱਤੇ ਕੰਮ ਕਰਨਾ ਸ਼ੁਰੂ ਕੀਤਾ ਸੀ ਅਤੇ ਫਿਰ ਇਸ ਨੇ ਇਸ ਪ੍ਰਣਾਲੀ ਨੂੰ ਬਣਾਉਣ ਲਈ ਅਗਸਤ 2008 ਵਿੱਚ ਅਮਰੀਕਾ ਨਾਲ ਇੱਕ ਸਮਝੌਤਾ ਵੀ ਕੀਤਾ।ਕਾਂਗਰੇਸ਼ਨਲ ਰਿਸਰਚ ਸਰਵਿਸ ਦੀ ਖੋਜ ਮੁਤਾਬਕ 2006 ਤੋਂ 2020 ਦਰਮਿਆਨ ਅਮਰੀਕਾ ਨੇ ਡੇਵਿਡਜ਼ ਸਲਿੰਗ ਬਣਾਉਣ ਲਈ ਇਜ਼ਰਾਈਲ ਨੂੰ ਦੋ ਅਰਬ ਡਾਲਰ ਦੀ ਰਕਮ ਦਿੱਤੀ ਹੈ।ਅਕਤੂਬਰ 2009 ਵਿੱਚ, ਇਜ਼ਰਾਈਲੀ ਕੰਪਨੀ ਰਾਫ਼ੇਲ ਐਡਵਾਂਸਡ ਡਿਫ਼ੈਂਸ ਸਿਸਟਮ ਨੇ ਅਮਰੀਕੀ ਕੰਪਨੀ ਰੇਥੀਓਨ ਨਾਲ ਇੰਟਰਨੈਸ਼ਨਲ ਮਿਜ਼ਾਈਲ ਅਤੇ ਲਾਂਚਰ ਬਣਾਉਣ ਲਈ 10 ਕਰੋੜ ਡਾਲਰ ਦਾ ਸਮਝੌਤਾ ਕੀਤਾ ਸੀ।ਫੌਜੀ ਸਾਜ਼ੋ-ਸਾਮਾਨ ਨੂੰ ਟ੍ਰੈਕ ਕਰਨ ਵਾਲੀ ਵੈੱਬਸਾਈਟ ਡਿਫੈਂਸ ਨਿਊਜ਼ ਦੇ ਮੁਤਾਬਕ, ਇਜ਼ਰਾਈਲੀ ਕੰਪਨੀ ਰਾਫ਼ੇਲ ਨੇ ਸਭ ਤੋਂ ਪਹਿਲਾਂ ਡੇਵਿਡਜ਼ ਸਲਿੰਗ ਨੂੰ 2013 ਵਿੱਚ ਪੈਰਿਸ ਏਅਰ ਸ਼ੋਅ ਵਿੱਚ ਪ੍ਰਦਰਸ਼ਿਤ ਕੀਤਾ ਸੀ।ਟਾਈਮਜ਼ ਆਫ਼ ਇਜ਼ਰਾਈਲ ਦੇ ਮੁਤਾਬਕ, ਡੇਵਿਡਜ਼ ਸਲਿੰਗ ਦਾ ਪਹਿਲਾ ਸਫਲ ਪ੍ਰੀਖਣ 2012 ਵਿੱਚ ਇੱਕ ਰੇਗਿਸਤਾਨ ਵਿੱਚ ਕੀਤਾ ਗਿਆ ਸੀ।ਡਿਫੈਂਸ ਨਿਊਜ਼ ’ਤੇ 2015 ਦੀ ਇੱਕ ਰਿਪੋਰਟ ਦੇ ਮੁਤਾਬਕ, ਡੇਵਿਡਜ਼ ਸਲਿੰਗ 302 ਐੱਮਐੱਮਓ ਰਾਕੇਟ ਅਤੇ ਈਰਾਨੀ ਫ਼ਤਿਹ 110 ਮਿਜ਼ਾਈਲ ਨੂੰ ਰੋਕਣ ਦੀ ਸਮਰੱਥਾ ਵੀ ਰੱਖਦਾ ਹੈ।

# ਚੰਡੀਗੜ੍ਹ ਤੋਂ ਉੱਡਿਆ ਹਵਾਈ ਸੈਨਾ ਦਾ ਜਹਾਜ਼ ਕ੍ਰੈਸ਼; ਫੌਜ ਨੇ 56 ਸਾਲਾਂ ਬਾਅਦ ਲੱਭੀਆਂ ਲਾਸ਼ਾਂ...

ਕਰੀਬ 56 ਸਾਲ ਪਹਿਲਾਂ ਹਿਮਾਚਲ ਪ੍ਰਦੇਸ਼ ਵਿੱਚ ਇੱਕ ਹਾਦਸਾ ਵਾਪਰਿਆ ਸੀ। ਭਾਰਤੀ ਹਵਾਈ ਸੈਨਾ ਦਾ ਜਹਾਜ਼ ਏਐਨ-12 ਰੋਹਤਾਂਗ ਦੱਰੇ ਨੇੜੇ ਹਾਦਸੇ ਦਾ ਸ਼ਿਕਾਰ ਹੋ ਗਿਆ। ਇਸ ਵਿੱਚ 102 ਫੌਜ ਨਾਲ ਜੁੜੇ ਲੋਕ ਸਵਾਰ ਸਨ। ਫਿਰ ਕਾਫੀ ਭਾਲ ਕੀਤੀ ਗਈ ਪਰ ਸਾਰੀਆਂ ਲਾਸ਼ਾਂ ਨਹੀਂ ਮਿਲੀਆਂ ਸਨ। ਪਰ ਫੌਜ ਨੇ ਹਾਰ ਨਹੀਂ ਮੰਨੀ ਅਤੇ ਅੱਜ 56 ਸਾਲਾਂ ਬਾਅਦ ਚਾਰ ਲਾਸ਼ਾਂ ਮਿਲੀਆਂ ਹਨ। ਇਸ ਨੂੰ ਭਾਰਤ ਦੇ ਸਭ ਤੋਂ ਲੰਬੇ ਖੋਜ ਕਾਰਜਾਂ ਵਿੱਚੋਂ ਇੱਕ ਮੰਨਿਆ ਜਾ ਰਿਹਾ ਹੈ। ਫੌਜ ਦੇ ਅਧਿਕਾਰੀਆਂ ਨੇ ਦੱਸਿਆ ਕਿ ਇਹ ਚਾਰੇ ਲਾਸ਼ਾਂ ਭਾਰਤੀ ਫੌਜ ਦੇ ਡੋਗਰਾ ਸਕਾਊਟਸ ਅਤੇ ਤਿਰੰਗਾ ਮਾਊਂਟ ਰੈਸਕਿਊ ਸੈਨਿਕਾਂ ਨੇ ਜੰਗਲ ਦੇ ਵਿਚਕਾਰੋਂ ਬਰਾਮਦ ਕੀਤੀਆਂ ਹਨ। ਘਟਨਾ 7 ਫਰਵਰੀ, 1968 ਦੀ ਹੈ। ਡਬਲ ਇੰਜਣ ਵਾਲਾ ਟਰਬੋਪ੍ਰੌਪ ਜਹਾਜ਼ 102 ਯਾਤਰੀਆਂ ਨੂੰ ਲੈ ਕੇ ਚੰਡੀਗੜ੍ਹ ਤੋਂ ਲੇਹ ਜਾ ਰਿਹਾ ਸੀ, ਪਰ ਅੱਧ ਵਿਚਾਲੇ ਹੀ ਖਰਾਬ ਹੋ ਗਿਆ ਅਤੇ ਰੋਹਤਾਂਗ ਦੱਰੇ ’ਤੇ ਹਾਦਸਾਗ੍ਰਸਤ ਹੋ ਗਿਆ। 2003 ਵਿੱਚ, ਅਟਲ ਬਿਹਾਰੀ ਵਾਜਪਾਈ ਇੰਸਟੀਚਿਊਟ ਆਫ ਮਾਊਂਟੇਨੀਅਰਿੰਗ ਦੇ ਪਰਬਤਾਰੋਹੀਆਂ ਨੇ ਮਲਬੇ ਦੀ ਖੋਜ ਕੀਤੀ। ਇਸ ਤੋਂ ਬਾਅਦ ਸਰਚ ਆਪਰੇਸ਼ਨ ’ਚ ਭਾਰਤੀ ਫੌਜ ਖਾਸ ਕਰਕੇ ਡੋਗਰਾ ਸਕਾਊਟਸ ਨੂੰ ਤਾਇਨਾਤ ਕੀਤਾ ਗਿਆ। ਡੋਗਰਾ ਸਕਾਊਟਸ ਨੇ 2005, 2006, 2013 ਅਤੇ ਫਿਰ 2019 ਵਿੱਚ ਆਪਣੀ ਜ਼ਿੰਮੇਵਾਰੀ ਸੰਭਾਲੀ ਸੀ। ਅਧਿਕਾਰੀਆਂ ਨੇ ਦੱਸਿਆ ਕਿ ਜਿੱਥੇ ਇਹ ਹਾਦਸਾ ਹੋਇਆ, ਉੱਥੇ ਸਥਿਤੀ ਬਹੁਤ ਮੁਸ਼ਕਲ ਸੀ। 2019 ਤਕ ਸਿਰਫ਼ ਪੰਜ ਲਾਸ਼ਾਂ ਹੀ ਬਰਾਮਦ ਹੋ ਸਕੀਆਂ ਸਨ। ਹੁਣ ਚਾਰ ਹੋਰ ਲਾਸ਼ਾਂ ਬਰਾਮਦ ਕੀਤੀਆਂ ਹਨ, ਜਿਸ ਨਾਲ ਮ੍ਰਿਤਕਾਂ ਦੇ ਪਰਿਵਾਰਾਂ ਨੂੰ ਥੋੜ੍ਹੀ ਰਾਹਤ ਮਿਲੇਗੀ। ਹੁਣ ਮਿਲੀਆਂ ਲਾਸ਼ਾਂ ਵਿੱਚੋਂ ਤਿੰਨ ਦੀ ਪਛਾਣ ਹੋ ਗਈ ਹੈ। ਇਨ੍ਹਾਂ ਦੇ ਨਾਂ ਮੱਖਣ ਸਿੰਘ, ਕਾਂਸਟੇਬਲ ਨਰਾਇਣ ਸਿੰਘ ਅਤੇ ਕਾਰੀਗਰ ਥਾਮਸ ਚਰਨ ਹਨ। ਲਾਸ਼ਾਂ ਨੇੜਿਓਂ ਮਿਲੇ ਦਸਤਾਵੇਜ਼ਾਂ ਤੋਂ ਇਨ੍ਹਾਂ ਦੀ ਪਛਾਣ ਕੀਤੀ ਗਈ ਹੈ। ਚੌਥੀ ਲਾਸ਼ ਦੀ ਅਜੇ ਤਕ ਪਛਾਣ ਨਹੀਂ ਹੋ ਸਕੀ ਹੈ।

# ਪੰਚਾਇਤੀ ਚੋਣਾਂ ’ਚ ਰਾਖਵੇਂਕਰਨ ਅਤੇ ਹੋਰ ਮੁੱਦਿਆਂ ਸਬੰਧੀ ਹਾਈ ਕੋਰਟ ਵਿੱਚ ਕਈ ਪਟੀਸ਼ਨਾਂ ਦਾਇਰ

ਚੰਡੀਗੜ੍ਹ : ਪੰਜਾਬ ’ਚ ਪੰਚਾਇਤੀ ਚੋਣਾਂ ਵਿੱਚ ਰਾਖਵੇਂਕਰਨ ਅਤੇ ਹੋਰ ਮੁੱਦਿਆਂ ਨੂੰ ਲੈ ਕੇ ਹਾਈ ਕੋਰਟ ਵਿੱਚ ਕਈ ਪਟੀਸ਼ਨਾਂ ਦਾਇਰ ਕੀਤੀਆਂ ਗਈਆਂ ਹਨ। ਹਾਈ ਕੋਰਟ ਦੇ ਜਸਟਿਸ ਸੁਰੇਸ਼ਵਰ ਠਾਕੁਰ ਦੀ ਅਗਵਾਈ ਵਾਲੇ ਬੈਂਚ ਨੇ ਸਰਕਾਰ ਨੂੰ ਵੀਰਵਾਰ ਨੂੰ ਅਦਾਲਤ ਵਿੱਚ ਚੋਣਾਂ ਵਿੱਚ ਰਾਖਵੇਂਕਰਨ ਦਾ ਪੂਰਾ ਰਿਕਾਰਡ ਪੇਸ਼ ਕਰਨ ਦਾ ਹੁਕਮ ਦਿੱਤਾ ਹੈ। ਇਸ ਮਾਮਲੇ ’ਚ ਗੁਰਦਾਸਪੁਰ ਦੇ ਵਸਨੀਕ ਸੁੱਚਾ ਸਿੰਘ ਅਤੇ ਅਨਿਆ ਨੇ ਦੋਸ਼ ਲਾਇਆ ਕਿ ਰਾਖਵੇਂਕਰਨ ਸਬੰਧੀ ਚੋਣ ਨੋਟੀਫਿਕੇਸ਼ਨ ਜਾਰੀ ਕਰਨ ਤੋਂ ਪਹਿਲਾਂ ਰਾਖਵੇਂਕਰਨ ਦਾ ਗਜ਼ਟ ਨੋਟੀਫਿਕੇਸ਼ਨ ਹੋਣਾ ਚਾਹੀਦਾ ਸੀ, ਜੋ ਅੱਜ ਤਕ ਨਹੀਂ ਕੀਤਾ ਗਿਆ। ਦੋਸ਼ ਲਗਾਇਆ ਗਿਆ ਕਿ ਸਰਕਾਰ ਵੱਲੋਂ ਜਲਦਬਾਜ਼ੀ ’ਚ ਇਨ੍ਹਾਂ ਚੋਣਾਂ ਦਾ ਨੋਟੀਫਿਕੇਸ਼ਨ ਦਿੰਦੇ ਸਮੇਂ ਇਹ ਗਲਤੀਆਂ ਹੋਈਆਂ ਹਨ। ਚੋਣ ਕਮਿਸ਼ਨ ਵੱਲੋਂ ਬਿਨਾਂ ਕਾਰਨ ਸਰਟੀਫਿਕੇਟ ਲਈ ਜਾਰੀ ਪੱਤਰ ਨੂੰ ਵੀ ਚੁਣੌਤੀ ਦਿੱਤੀ ਗਈ ਹੈ। ਪਟੀਸ਼ਨਰ ਨੇ ਕਿਹਾ ਕਿ ਜੋ ਚੋਣ ਪ੍ਰੋਗਰਾਮ ਜਾਰੀ ਕੀਤਾ ਗਿਆ ਹੈ, ਉਹ ਨਿਰਧਾਰਿਤ ਵਿਵਸਥਾਵਾਂ ਦੇ ਉਲਟ ਕੀਤਾ ਗਿਆ ਹੈ। ਜੇਕਰ ਇਸ ਪ੍ਰੋਗਰਾਮ ਰਾਹੀਂ ਚੋਣਾਂ ਕਰਵਾਈਆਂ ਜਾਂਦੀਆਂ ਹਨ ਤਾਂ ਅਦਾਲਤ ਵਿੱਚ ਪਟੀਸ਼ਨਾਂ ਦਾ ਹੜ੍ਹ ਆ ਜਾਵੇਗਾ। ਅਜਿਹੀ ਸਥਿਤੀ ਵਿੱਚ ਪੰਜਾਬ ਸਰਕਾਰ ਨੂੰ ਨਿਰਧਾਰਿਤ ਵਿਵਸਥਾਵਾਂ ਅਨੁਸਾਰ ਚੋਣਾਂ ਕਰਵਾਉਣ ਦੇ ਹੁਕਮ ਦਿੱਤੇ ਜਾਣੇ ਚਾਹੀਦੇ ਹਨ। ਪਟੀਸ਼ਨਰ ਨੇ ਹਾਈ ਕੋਰਟ ਨੂੰ ਅਪੀਲ ਕੀਤੀ ਹੈ ਕਿ ਪਟੀਸ਼ਨ ਪੈਂਡਿੰਗ ਹੋਣ ਤੱਕ ਚੋਣਾਂ ’ਤੇ ਰੋਕ ਲਗਾਈ ਜਾਵੇ। ਪੰਜਾਬ ’ਚ ਕਈ ਥਾਵਾਂ ’ਤੇ ਸਰਪੰਚਾਂ ਦੀਆਂ ਅਸਾਮੀਆਂ ਦੀ ਬੋਲੀ ਦੇ ਖਿਲਾਫ਼ ਹਾਈਕੋਰਟ ’ਚ ਪਟੀਸ਼ਨ ਦਾਇਰ ਕਰਕੇ ਇਸ ’ਤੇ ਰੋਕ ਲਗਾਉਣ ਦੀ ਮੰਗ ਵੀ ਕੀਤੀ ਗਈ ਹੈ। ਹਾਈਕੋਰਟ ਦੀ ਵਕੀਲ ਸਤਿੰਦਰ ਕੌਰ ਵੱਲੋਂ ਪਾਈ ਪਟੀਸ਼ਨ ਵਿੱਚ ਦੋਸ਼ ਲਾਇਆ ਗਿਆ ਹੈ ਕਿ ਸਰਪੰਚ ਦੀਆਂ ਅਸਾਮੀਆਂ ਵੇਚਣ ਦਾ ਮਾਮਲਾ ਪੂਰੀ ਤਰ੍ਹਾਂ ਗੈਰ ਸੰਵਿਧਾਨਕ ਹੈ। ਚੋਣ ਜ਼ਾਬਤੇ ਅਤੇ ਪੰਜਾਬ ਰਾਜ ਚੋਣ ਐਕਟ ਦੀ ਵੀ ਉਲੰਘਣਾ ਕਰਕੇ ਇਸ ਸਬੰਧੀ ਹਾਈਕੋਰਟ ਨੂੰ ਹਦਾਇਤਾਂ ਜਾਰੀ ਕਰਨ ਦੀ ਮੰਗ ਕੀਤੀ ਗਈ ਹੈ। ਪਟੀਸ਼ਨ ਮੁਤਾਬਕ ਸੁਪਰੀਮ ਕੋਰਟ ਅਤੇ ਹਾਈ ਕੋਰਟ ਦੇ ਕਈ ਫੈਸਲੇ ਹਨ, ਜਿਨ੍ਹਾਂ ਦੀ ਉਲੰਘਣਾ ਹੋਈ ਹੈ।

# ਕੈਨੇਡਾ: ਟਰੂਡੋ ਸਰਕਾਰ ਬੇਭਰੋਸਗੀ ਮਤੇ ਤੋਂ ਬਚੀ ਪਰ ਸੰਕਟ ਹਾਲੇ ਵੀ ਕਿਉਂ ਨਹੀਂ ਟਲਿਆ



ਕੈਨੇਡਾ ਵਿੱਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਅਗਵਾਈ ਵਾਲੀ ਸਰਕਾਰ ਬੇਭਰੋਸਗੇ ਦੇ ਮਤੇ ਤੋਂ ਬਚ ਗਈ ਹੈ। ਸਰਕਾਰ ਨੂੰ ਸੁੱਟ ਕੇ ਚੋਣਾਂ ਕਰਵਾਉਣ ਲਈ ਪਾਰਲੀਮੈਂਟ ਵਿੱਚ ਮਤਾ ਲਿਆਂਦਾ ਗਿਆ ਸੀ।ਟਰੂਡੋ ਦੀ ’ਘਟਦੀ ਲੋਕਪ੍ਰਿਅਤਾ’ ਦੇ ਦੌਰਾਨ ਵਿਰੋਧੀ ਕੰਜ਼ਰਵੇਟਿਵ ਪਾਰਟੀ ਇਸ ਤੋਂ ਪਹਿਲਾਂ ਵੀ ਅਜਿਹੇ ਮਤੇ ਲਿਆ ਚੁੱਕੀ ਹੈ। ਬੁੱਧਵਾਰ ਦਾ ਮਤਾ ਵੀ ਇਸ ਲੜੀ ਦਾ ਇੱਕ ਹਿੱਸਾ ਸੀ।ਵਿਰੋਧੀ ਧਿਰ ਦੇ ਆਗੂ ਪੀਅਰੇ ਪੋਲੀਵਰੇ ਸੰਸਦ ਵਿੱਚ ਦੋ ਹੋਰ ਵਿਰੋਧੀ ਪਾਰਟੀਆਂ— ਨਿਊ ਡੈਮੋਕ੍ਰੇਟਿਕ ਪਾਰਟੀ ਅਤੇ ਬਲੌਕ ਕਿਊਬੈਕ— ਦੇ ਆਗੂਆਂ ਦੀ ਹਮਾਇਤ ਹਾਸਲ ਕਰਨ ਵਿੱਚ ਨਾਕਾਮ ਰਹੇ ਤਾਂ ਮਤਾ ਵੀ ਨਾਕਾਮ ਹੋ ਗਿਆ।ਜ਼ਿਕਰਯੋਗ ਹੈ ਕਿ ਟਰੂਡੋ ਪਿਛਲੇ ਨੌਂ ਸਾਲਾਂ ਤੋਂ ਇੱਕ ਅਲਪਮਤ ਸਰਕਾਰ ਦੇ ਪ੍ਰਧਾਨ ਮੰਤਰੀ ਹਨ।ਮਤੇ ਲਈ ਵੋਟਿੰਗ ਬੁੱਧਵਾਰ ਬਾਅਦ ਦੁਪਹਿਰ ਨੂੰ ਉਸੇ ਦਿਨ ਹੋਈ ਜਦੋਂ ਪ੍ਰਧਾਨ ਮੰਤਰੀ ਨੇ ਫਰਾਂਸ ਦੇ ਰਾਸ਼ਟਰਪਤੀ ਇਮੈਨੂਅਲ ਮੈਕਰੋਂ ਦੀ ਮੇਜ਼ਬਾਨੀ ਕਰਨੀ ਸੀ।ਇਸ ਤੋਂ ਬਾਅਦ ਉਮੀਦ ਹੈ ਕਿ ਵੀਰਵਾਰ ਨੂੰ ਕੰਜ਼ਰਵੇਟਿਵ ਪਾਰਟੀ ਦੋ ਹੋਰ ਬੇਭਰੋਸਗੀ ਮਤੇ ਲਿਆ ਸਕਦੀ ਹੈ ਤਾਂ ਜੋ ਦੇਸ ਵਿੱਚ ਚੋਣਾਂ ਕਰਵਾਈਆਂ ਜਾ ਸਕਣ।

**ਸੰਕਟ ਦੀ ਸ਼ੁਰੂਆਤ**

ਟਰੂਡੋ ਉੱਤੇ ਪਿਛਲੇ ਕਈ ਮਹੀਨਿਆਂ ਤੋਂ ਆਪਣੇ ਅਹੁਦੇ ਤੋਂ ਹਟਣ ਦਾ ਦਬਾਅ ਹੈ।ਜਦੋਂ ਉਹ ਪ੍ਰਧਾਨ ਮੰਤਰੀ ਬਣੇ ਸਨ ਤਾਂ ਉਨ੍ਹਾਂ ਦੀਆਂ ਅਪਰੂਵਲ ਰੇਟਿੰਗ 63% ਸਨ ਜੋ ਕਿ ਇਸ ਜੂਨ ਵਿੱਚ ਘਟ ਕੇ 28% ਉੱਤੇ ਆ ਗਈਆਂ ਹਨ।ਇੱਕ ਪੋਲ ਟਰੈਕਰ ਮੁਤਾਬਕ ਇਸ ਦੀ ਵਜ੍ਹਾ ਮਹਿੰਗੇ ਹੁੰਦੇ ਜਾ ਰਹੇ ਘਰ ਅਤੇ ਰਹਿਣ ਸਹਿਣ ਹਨ। ਉਨ੍ਹਾਂ ਦੀ ਲਿਬਰਲ ਪਾਰਟੀ ਇਸ ਸਾਲ - ਟੋਰਾਂਟੋ ਅਤੇ ਮੋਂਟਰੀਅਲ ਦੀਆਂ ਦੋ ਜ਼ਿਮਨੀ ਚੋਣਾਂ ਹਾਰ ਗਈ ਸੀ।ਸਾਲ 2021 ਦੀਆਂ ਪਿਛਲੀਆਂ ਆਮ ਚੋਣਾਂ ਵਿੱਚ ਜਗਮੀਤ ਸਿੰਘ ਦੀ ਐੱਨਡੀਪੀ ਨਾਲ ਹੋਏ ਸਮਝੌਤੇ ਕਾਰਨ ਉਹ ਬਹੁਮਤ ਵਿੱਚ ਨਾ ਆਉਣ ਦੇ ਬਾਵਜੂਦ ਸਰਕਾਰ ਬਣਾਉਣ ਵਿੱਚ ਕਾਮਯਾਬ ਹੋ ਗਏ ਸਨ।ਜਗਮੀਤ ਸਿੰਘ ਗਠਜੋੜ ਵਿੱਚੋਂ ਬਾਹਰ ਆ ਗਏ ਹਨ ਅਤੇ ਇਸਦੇ ਨਾਲ ਹੀ ਸਤੰਬਰ ਦੇ ਸ਼ੁਰੂ ਵਿੱਚ ਇਹ ਸਮਝੌਤਾ ਟੁੱਟ ਗਿਆ। ਉਨ੍ਹਾਂ ਦਾ ਕਹਿਣਾ ਸੀ ਕਿ ਲਿਬਰਲ ਸਰਕਾਰ ਚਲਾਉਣ ਲਈ ਬਹੁਤ ਕਮਜ਼ੋਰ ਅਤੇ ਬਹੁਤ ਮਤਲਬ ਪ੍ਰਸਤ ਹਨ।

**ਸਦਨ ਦਾ ਗਣਿਤ**

ਲੋਹਾ ਗਰਮ ਦੇਖਦਿਆਂ ਵਿਰੋਧੀ ਆਗੂ ਪੈਰੀ ਨੇ ਕਿਹਾ ਕਿ ਉਹ ਸਰਕਾਰ ਖਿਲਾਫ਼ ਬੇਭਰੋਸਗੀ ਮਤਾ ਲਿਆਉਣਗੇ।ਮਤੇ ਨੂੰ ਕਾਮਯਾਬ ਹੋਣ ਲਈ 338 ਮੈਂਬਰਾਂ ਦੇ ਬਹੁਮਤ ਦੀ ਲੋੜ ਹੁੰਦੀ ਹੈ।ਲਿਬਰਲ ਪਾਰਟੀ ਜਿਸ ਕੋਲ 153 ਸੀਟਾਂ ਹਨ, ਉਨਾਂ ਨੇ ਇਸਦੇ ਖਿਲਾਫ਼ ਵੋਟ ਕੀਤਾ। ਜਦਕਿ ਕੰਜ਼ਰਵੇਟਿਵ ਪਾਰਟੀ ਕੋਲ 119 ਸੀਟਾਂ ਹਨ, ਉਨ੍ਹਾਂ ਨੇ ਹਮਾਇਤ ਵਿੱਚ ਵੋਟਿੰਗ ਕੀਤੀ।ਦੂਜੀਆਂ ਸੀਟਾਂ ਐੱਨਡੀਪੀ ਅਤੇ ਬਲੌਕ ਕਿਊਬੈਕ ਕੋਲ ਹਨ। ਉਨ੍ਹਾਂ ਨੇ ਵੀ ਮਤੇ ਦੇ ਵਿਰੋਧ ਵਿੱਚ ਵੋਟ ਦਾ ਇਸਤੇਮਾਲ ਕੀਤਾ। ਅਖੀਰ ਨੂੰ ਮਤਾ 211 ਵੋਟਾਂ ਨਾਲ ਹਾਰ ਗਿਆ।

## ‘ਟਰੂਡੋ ਆਗੂ ਬਣਨ ਲਈ ਪੈਦਾ ਹੋਏ ਹਨ’

ਜਸਟਿਨ ਟਰੂਡੋ ਦਾ ਵਧੇਰੇ ਬਚਪਨ ਸਿਆਸਤ ਤੋਂ ਦੂਰ ਰਿਹਾ। ਉਨ੍ਹਾਂ ਨੇ ਮਕਗਿਲ ਯੂਨੀਵਰਸਿਟੀ ਅਤੇ ਫੇਰ ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆਂ ਤੋਂ ਪੜ੍ਹਾਈ ਕੀਤੀ ਅਤੇ ਫਿਰ ਅਧਿਆਪਕ ਬਣੇ।ਜਸਟਿਨ ਟਰੂਡੋ ਜਦੋਂ ਸਿਰਫ਼ ਚਾਰ ਮਹੀਨਿਆਂ ਦੇ ਸਨ ਤਾਂ ਉਸ ਵੇਲੇ ਦੇ ਅਮਰੀਕੀ ਰਾਸ਼ਟਰਪਤੀ ਰਿਚਰਡ ਨਿਕਸਨ ਨੇ ਇਹ ਭਵਿੱਖਵਾਣੀ ਕੀਤੀ ਸੀ ਕਿ ਇਹ ਬੱਚਾ ਇੱਕ ਦਿਨ ਆਪਣੇ ਪਿਤਾ ਦੀਆਂ ਪੈੜਾਂ ਉੱਤੇ ਤੁਰੇਗਾ।ਸਾਲ 1972 ਦੀ ਗੱਲ ਹੈ, ਜਦੋਂ ਰਿਚਰਡ ਨਿਕਸਨ ਕੈਨੇਡਾ ਦੇ ਅਧਿਕਾਰਤ ਦੌਰੇ ਉੱਤੇ ਸਨ, ਇਸ ਦੌਰਾਨ ਗਾਲਾ ਡਿਨਰ ਦੇ ਮੌਕੇ ਉਨ੍ਹਾਂ ਨੇ ਆਪਣੇ ਕੈਨੇਡਾਈ ਹਮਰੁਤਬਾ ਨੂੰ ਕਿਹਾ, ਅੱਜ ਰਾਤ ਹੁਣ ਅਸੀਂ ਕੋਈ ਰਸਮੀ ਗੱਲ ਨਹੀਂ ਕਰਾਂਗੇ, ਮੈਂ ਇਹ ਜਾਮ ਕੈਨੇਡਾ ਦੇ ਭਵਿੱਖ ਦੇ ਨਾਂ ਕਰਦਾ ਹਾਂ, ਜਸਟਿਨ ਪਿਅਰ ਟਰੂਡੋ ਦੇ ਨਾਂਅ ਕਰਦਾ ਹਾਂ।



**ਸਿਆਸੀ ਖਿੱਚੋਤਾਣ**

ਪੀਅਰੇ ਪੋਲੀਵਰੇ ਜਿਨ੍ਹਾਂ ਨੇ ਕੰਜ਼ਰਵੇਟਿਵ ਪਾਰਟੀ ਦੀ ਕਈ ਆਮ ਚੋਣਾਂ ਵਿੱਚ ਅਗਵਾਈ ਕੀਤੀ ਹੈ। ਉਨ੍ਹਾਂ ਨੇ ਕੰਜ਼ਰਵੇਟਿਵ ਪਾਰਟੀ ਦਾ ਕੈਨੇਡਾ ਲਈ ਵਿਜ਼ਨ ਸਾਹਮਣੇ ਰੱਖਦੇ ਹੋਏ ਸੰਸਦ ਮੈਂਬਰਾਂ ਨੂੰ ਮਤੇ ਦੇ ਹੱਕ ਵਿੱਚ ਵੋਟ ਕਰਨ ਦੀ ਅਪੀਲ ਕੀਤੀ ਸੀ।ਉਨ੍ਹਾਂ ਨੇ ਮੰਗਲਵਾਰ ਨੂੰ ਸਦਨ ਵਿੱਚ ਕਿਹਾ ਕਿ ਉਹ ਕੈਨੇਡਾ ਦਾ ਚੰਗੀਆਂ ਤਨਖ਼ਾਹਾਂ ਵਾਲਾ ਸੁਫ਼ਨਾ ਪੂਰਾ ਕਰਨਗੇ ਤਾਂ ਜੋ ਲੋਕਾਂ ਦੀ ਅਫੋਰਡੇਬਲ ਖੁਰਾਕ, ਗੈਸ, ਘਰਾਂ ਅਤੇ ਨਾਗਰਿਕ ਸੁਰੱਖਿਆ ਤੱਕ ਪਹੁੰਚ ਹੋ ਸਕੇ।ਇਸਦੇ ਮੁਕਾਬਲੇ ਜਗਮੀਤ ਸਿੰਘ ਨੇ ਕਿਹਾ ਕਿ ਉਹ ਪੈਰੀ ਦੇ ਖਿਲਾਫ਼ ਵੋਟ ਕਰਨਗੇ ਕਿਉਂਕਿ ਉਨ੍ਹਾਂ ਨੂੰ ਲਗਦਾ ਹੈ ਕਿ ਕੰਜ਼ਰਵੇਟਿਵ ਪਾਰਟੀ ਸਰਕਾਰ ਵਿੱਚ ਆਈ ਤਾਂ ਉਹ ਦੰਦ ਸੰਭਾਲ ਅਤੇ ਫਾਰਮਾਕੇਅਰ ਵਰਗੇ ਸਮਾਜਿਕ ਪ੍ਰੋਗਰਾਮਾਂ ਵਿੱਚ ਕਟੌਤੀ ਕਰੇਗੀ।ਬਲੌਕ ਕਿਊਬਿਕੋਇਸ - ਜੋ ਕਿ ਕੈਨੇਡਾ ਦੇ ਫਰੈਂਚ ਬੋਲਣ ਵਾਲੇ ਕਿਬੇਕ ਸੂਬੇ ਦੀ ਨੁਮਾਇੰਦਗੀ ਕਰਦੀ ਹੈ। ਉਨ੍ਹਾਂ ਨੇ ਕਿਹਾ ਕਿ ਉਹ ਲਿਬਰਲ ਸਰਕਾਰ ਨਾਲ ਮਿਲ ਕੇ ਫਰੈਂਚ ਇਲਾਕਿਆਂ ਦੇ ਹੱਕਾਂ ਦੀ ਰਾਖੀ ਲਈ ਕੰਮ ਕਰਨਗੇ।ਟਰੂਡੋ ਪਿਛਲੇ ਹਫ਼ਤੇ ਹੀ ਅਮਰੀਕਾ ਦੇ ਨਿਊਯਾਰਕ ਵਿੱਚ ਹੋਈ ਸੰਯੁਕਤ ਰਾਸ਼ਟਰ ਦੀ ਆਮ ਸਭਾ ਵਿੱਚ ਸਨ।ਕੋਲਬਰਟ ਦੇ ਲੇਟ ਸ਼ੋਅ ਵਿੱਚ ਗਲ ਕਰਦਿਆਂ ਉਨ੍ਹਾਂ ਨੇ ਮੰਨਿਆ ਕਿ ਕੈਨੇਡੀਅਨ ਲੋਕ ਗੈਸ, ਕਰਿਆਨੇ ਅਤੇ ਕਿਰਾਏ ਚੁਕਾਉਣ ਲਈ ਬਹੁਤ ਜ਼ਿਆਦਾ ਮੁਸ਼ਕਿਲ ਸਮੇਂ ਵਿੱਚੋਂ ਲੰਘ ਰਹੇ ਸਨ।ਹਾਲਾਂਕਿ ਉਨ੍ਹਾਂ ਨੇ ਆਪਣੀ ਸਰਕਾਰ ਦਾ ਬਚਾਅ ਕੀਤਾ ਕਿ ਉਨ੍ਹਾਂ ਦੀ ਸਰਕਾਰ ਕੈਨੇਡੀਅਨ ਲੋਕਾਂ ਵਿੱਚ ਨਿਵੇਸ਼ ਕਰਦੀ ਹੈ ਅਤੇ ਕਰਦੀ ਰਹੇਗੀ।ਉਨ੍ਹਾਂ ਨੇ ਕਿਹਾ, ਮੈਂ ਲੜਦਾ ਰਹਾਂਗਾ ।

# ਜਗਤਾਰ ਸਿੰਘ ਹਵਾਰਾ ਨੂੰ ਪੰਜਾਬ ਦੀ ਜੇਲ੍ਹ ਵਿੱਚ ਤਬਦੀਲ ਕਰਨ ਦੀ ਮੰਗ ਵਾਲੀ ਪਟੀਸ਼ਨ ਸੁਪਰੀਮ ਕੋਰਟ ’ਚ ਦਾਖ਼ਲ

## ਅਦਾਲਤ ਨੇ ਕੇਂਦਰ, ਦਿੱਲੀ ਅਤੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰਕੇ ਮੰਗਿਆ ਜਵਾਬ

ਨਵੀਂ ਦਿੱਲੀ :ਸੁਪਰੀਮ ਕੋਰਟ ਨੇ ਸ਼ੁੱਕਰਵਾਰ ਨੂੰ ਜਗਤਾਰ ਸਿੰਘ ਹਵਾਰਾ ਦੀ ਪਟੀਸ਼ਨ ’ਤੇ ਕੇਂਦਰ ਅਤੇ ਹੋਰਾਂ ਤੋਂ ਜਵਾਬ ਮੰਗਿਆ ਹੈ। ਹਵਾਰਾ 1995 ਵਿੱਚ ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਕੇਸ ਵਿੱਚ ਉਮਰ ਕੈਦ ਦੀ ਸਜ਼ਾ ਕੱਟ ਰਿਹਾ ਹੈ। ਹਵਾਰਾ ਨੇ ਆਪਣੇ ਆਪ ਨੂੰ ਦਿੱਲੀ ਦੀ ਤਿਹਾੜ ਜੇਲ੍ਹ ਤੋਂ ਪੰਜਾਬ ਦੀ ਕਿਸੇ ਜੇਲ੍ਹ ਵਿੱਚ ਤਬਦੀਲ ਕਰਨ ਦੀ ਬੇਨਤੀ ਕੀਤੀ ਹੈ। ਜਸਟਿਸ ਬੀ.ਆਰ.ਗਵਈ ਅਤੇ ਜਸਟਿਸ ਕੇ. ਵੀ.ਵਿਸ਼ਵਨਾਥਨ ਦੀ ਬੈਂਚ ਨੇ ਹਵਾਰਾ ਦੀ ਪਟੀਸ਼ਨ ’ਤੇ ਕੇਂਦਰ, ਦਿੱਲੀ ਅਤੇ ਪੰਜਾਬ ਸਰਕਾਰਾਂ ਨੂੰ ਨੋਟਿਸ ਜਾਰੀ ਕਰਕੇ ਜਵਾਬ ਮੰਗਿਆ ਹੈ। ਹਵਾਰਾ 31 ਅਗਸਤ, 1995 ਨੂੰ ਚੰਡੀਗੜ੍ਹ ਦੇ ਸਿਵਲ ਸਕੱਤਰੇਤ ਦੇ ਪ੍ਰਵੇਸ਼ ਦੁਆਰ ’ਤੇ ਹੋਏ ਬੰਬ ਧਮਾਕੇ ’ਚ ਬੇਅੰਤ ਸਿੰਘ ਦੀ ਹੱਤਿਆ ਦੇ ਮਾਮਲੇ ’ਚ ਉਮਰ ਕੈਦ ਦੀ ਸਜ਼ਾ ਕੱਟ ਰਿਹਾ ਹੈ। ਇਸ ਘਟਨਾ ਵਿੱਚ 16 ਹੋਰ ਲੋਕ ਵੀ ਮਾਰੇ ਗਏ ਸਨ। ਸੁਪਰੀਮ ਕੋਰਟ ਵਿੱਚ ਦਾਇਰ ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਹਵਾਰਾ ਦਾ ਜੇਲ੍ਹ ਵਿੱਚ ਵਿਵਹਾਰ ਇੱਕ ਕਥਿਤ ਘਟਨਾ ਨੂੰ ਛੱਡ ਕੇ ਚੰਗਾ ਸੀ ਜਿਸ ਵਿੱਚ ਉਹ 22 ਜਨਵਰੀ 2004 ਨੂੰ ਜੇਲ੍ਹ ਵਿੱਚ ਸੁਰੰਗ ਪੁੱਟ ਕੇ ਫਰਾਰ ਹੋ ਗਿਆ ਸੀ ਅਤੇ ਬਾਅਦ ਵਿੱਚ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਬੈਂਚ ਨੇ ਹਵਾਰਾ ਵੱਲੋਂ ਪੇਸ਼ ਹੋਏ ਸੀਨੀਅਰ ਐਡਵੋਕੇਟ ਕੋਲਿਨ ਗੋਂਸਾਲਵੇਸ ਨੂੰ ਪੁੱਛਿਆ ਕਿ ਤੁਸੀਂ (ਹਵਾਰਾ) ਸੁਰੰਗ ਪੁੱਟਣ ਵਿੱਚ ਕਿਵੇਂ ਕਾਮਯਾਬ ਹੋਏ ? ਗੋਂਸਾਲਵੇਸ ਨੇ ਕਿਹਾ, ‘ਅੱਜ ਮੁੱਖ ਘਟਨਾ ਨੂੰ ਲਗਭਗ 30 ਸਾਲ ਅਤੇ ਜੇਲ ਤੋਂ ਭੱਜਣ ਦੀ ਘਟਨਾ ਨੂੰ 20 ਸਾਲ ਹੋ ਗਏ ਹਨ।’ ਬੈਂਚ ਨੇ ਉਸ ਦੀ ਪਟੀਸ਼ਨ ’ਤੇ ਨੋਟਿਸ ਜਾਰੀ ਕੀਤਾ ਅਤੇ ਚਾਰ ਹਫ਼ਤਿਆਂ ਬਾਅਦ ਸੁਣਵਾਈ ਲਈ ਨਿਰਧਾਰਤ ਕੀਤਾ। ਐਡਵੋਕੇਟ ਸੱਤਿਆ ਮਿੱਤਰਾ ਰਾਹੀਂ ਦਾਇਰ ਪਟੀਸ਼ਨ ਵਿੱਚ ਹਵਾਰਾ ਨੂੰ ਦਿੱਲੀ ਦੀ ਤਿਹਾੜ ਜੇਲ੍ਹ ਤੋਂ ਪੰਜਾਬ ਦੀ ਕਿਸੇ ਹੋਰ ਜੇਲ੍ਹ ਵਿੱਚ ਤਬਦੀਲ ਕਰਨ ਦੀ ਮੰਗ ਕੀਤੀ ਗਈ ਹੈ ਅਤੇ ਕਿਹਾ ਗਿਆ ਹੈ ਕਿ ਕੌਮੀ ਰਾਜਧਾਨੀ ਵਿੱਚ ਉਸ ਖ਼ਿਲਾਫ਼ ਕੋਈ ਕੇਸ ਲੰਬਿਤ ਨਹੀਂ ਹੈ। ਪਟੀਸ਼ਨ ’ਚ ਹਵਾਰਾ ਦੇ ਹੁਣ ਤਕ ਦੀ ਕੈਦ ਦੌਰਾਨ ਜੇਲ੍ਹ ’ਚ ਹੋਏ ਵਿਵਹਾਰ ਦਾ ਸਾਰਾ ਰਿਕਾਰਡ ਅਦਾਲਤ ਸਾਹਮਣੇ ਪੇਸ਼ ਕਰਨ ਲਈ ਜਵਾਬਦੇਹੀਆਂ ਨੂੰ ਨਿਰਦੇਸ਼ ਦੇਣ ਦੀ ਮੰਗ ਕੀਤੀ ਗਈ ਹੈ। ਇਸ ਵਿੱਚ ਕਿਹਾ ਗਿਆ ਹੈ, ÷ਪਟੀਸ਼ਨਕਰਤਾ (ਹਵਾਰਾ) ਇਸ ਸਮੇਂ ਪੰਜਾਬ ਰਾਜ ਵਿੱਚ ਦਰਜ ਇੱਕ ਕੇਸ ਵਿੱਚ ਉਮਰ ਕੈਦ ਦੀ ਸਜ਼ਾ ਕੱਟ ਰਿਹਾ ਹੈ... ਉਹ ਪੰਜਾਬ ਰਾਜ ਦੇ ਫਤਿਹਗੜ੍ਹ ਸਾਹਿਬ ਜ਼ਿਲ੍ਹੇ ਦਾ ਵਸਨੀਕ ਹੈ ਅਤੇ ਉਸਨੂੰ ਪੰਜਾਬ ਦੀ ਜੇਲ੍ਹ ਵਿੱਚ ਬੰਦ ਕੀਤਾ ਜਾਣਾ ਚਾਹੀਦਾ ਹੈ।÷ ਪਟੀਸ਼ਨ ਵਿਚ ਦਾਅਵਾ ਕੀਤਾ ਗਿਆ ਸੀ ਕਿ ਬੇਅੰਤ ਸਿੰਘ ਦੇ ਕਤਲ ਤੋਂ ਬਾਅਦ ਪਟੀਸ਼ਨਰ ’ਤੇ 36 ਝੂਠੇ ਮੁਕੱਦਮੇ ਲਗਾਏ ਗਏ ਸਨ ਅਤੇ ਇਕ ਮਾਮਲੇ ਨੂੰ ਛੱਡ ਕੇ ਬਾਕੀ ਸਾਰੇ ਬਰੀ ਹੋ ਗਏ ਸਨ। ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਇਨ੍ਹਾਂ ਵਿੱਚੋਂ ਇੱਕ ਵਿਅਕਤੀ, ਜੋ ਇਸੇ ਕਤਲ ਕੇਸ ਵਿੱਚ ਦੋਸ਼ੀ ਸੀ ਅਤੇ ਜੇਲ੍ਹ ਵਿੱਚੋਂ ਭੱਜਣ ਦੀ ਘਟਨਾ ਵਿੱਚ ਵੀ ਸ਼ਾਮਲ ਸੀ, ਨੂੰ ਤਿਹਾੜ ਜੇਲ੍ਹ ਤੋਂ ਚੰਡੀਗੜ੍ਹ ਜੇਲ੍ਹ ਵਿੱਚ ਤਬਦੀਲ ਕਰ ਦਿੱਤਾ ਗਿਆ ਹੈ। ਹੇਠਲੀ ਅਦਾਲਤ ਨੇ ਮਾਰਚ, 2007 ਵਿੱਚ ਹਵਾਰਾ ਨੂੰ ਇਸ ਮਾਮਲੇ ਵਿੱਚ ਮੌਤ ਦੀ ਸਜ਼ਾ ਸੁਣਾਈ ਸੀ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਅਕਤੂਬਰ 2010 ਵਿੱਚ ਉਸ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਤਬਦੀਲ ਕਰ ਦਿੱਤਾ ਸੀ ਅਤੇ ਇਹ ਵੀ ਹਦਾਇਤ ਕੀਤੀ ਸੀ ਕਿ ਉਸ ਨੂੰ ਉਮਰ ਭਰ ਜੇਲ੍ਹ ਵਿੱਚੋਂ ਰਿਹਾਅ ਨਹੀਂ ਕੀਤਾ ਜਾਵੇਗਾ। ਹਵਾਰਾ ਦੀ ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਉਸ ਵੱਲੋਂ ਦਾਇਰ ਅਪੀਲਾਂ ਅਤੇ ਹਾਈਕੋਰਟ ਦੇ ਫੈਸਲੇ ਵਿਰੁੱਧ ਇਸਤਗਾਸਾ ਪੱਖ ਸੁਪਰੀਮ ਕੋਰਟ ਵਿੱਚ ਵਿਚਾਰ ਅਧੀਨ ਹਨ।



## ਹਾਈ ਕੋਰਟ ਵੱਲੋਂ ਟਾਈਟਲਰ ਦੀ ਚੁਣੌਤੀ ਪਟੀਸ਼ਨ ’ਤੇ ਸੁਣਵਾਈ 29 ਨਵੰਬਰ ਨੂੰ

ਨਵੀਂ ਦਿੱਲੀ : 1984 ਦੇ ਸਿੱਖ ਵਿਰੋਧੀ ਦੰਗਿਆਂ ਨਾਲ ਸਬੰਧਤ ਪੁਲਬੰਗਸ਼ ਗੁਰਦੁਆਰਾ ਹਿੰਸਾ ਮਾਮਲੇ ਦੇ ਦੋਸ਼ੀ ਜਗਦੀਸ਼ ਟਾਈਟਲਰ ਨੂੰ ਫਿਲਹਾਲ ਕੋਈ ਰਾਹਤ ਨਹੀਂ ਮਿਲੀ ਹੈ। ਹਾਈ ਕੋਰਟ ਨੇ ਹੇਠਲੀ ਅਦਾਲਤ ਵੱਲੋਂ ਦੋਸ਼ ਤੈਅ ਕਰਨ ਦੇ ਹੁਕਮਾਂ ਖ਼ਿਲਾਫ਼ ਦਾਇਰ ਪਟੀਸ਼ਨ ’ਤੇ 29 ਨਵੰਬਰ ਨੂੰ ਸੁਣਵਾਈ ਕਰਨ ਦਾ ਹੁਕਮ ਦਿੱਤਾ ਹੈ। ਜਸਟਿਸ ਮਨੋਜ ਕੁਮਾਰ ਓਹਰੀ ਦੀ ਬੈਂਚ ਨੇ ਹੇਠਲੀ ਅਦਾਲਤ ’ਚ ਚੱਲ ਰਹੀ ਸੁਣਵਾਈ ’ਤੇ ਕੋਈ ਰੋਕ ਲਗਾਉਣ ਤੋਂ ਇਨਕਾਰ ਕਰ ਦਿੱਤਾ ਹੈ। ਹਾਈ ਕੋਰਟ



ਨੇ ਟਾਈਟਲਰ ਦੇ ਵਕੀਲ ਅਰਵਿੰਦ ਨਿਗਮ ਨੂੰ ਗਵਾਹਾਂ ਦੇ ਬਿਆਨ ਦਰਜ ਕਰਨ ਦੇ ਨਿਰਦੇਸ਼ ਦਿੱਤੇ ਹਨ। ਅਰਵਿੰਦ ਨਿਗਮ ਨੇ ਕਿਹਾ ਕਿ ਹੇਠਲੀ ਅਦਾਲਤ ਦਾ ਦੋਸ਼ ਤੈਅ ਕਰਨ ਦਾ ਹੁਕਮ ਗੈਰ-ਕਾਨੂੰਨੀ ਹੈ। ਉਨ੍ਹਾਂ ਕਿਹਾ ਕਿ ਚਾਰ ਦਹਾਕੇ ਪੁਰਾਣੇ ਇਸ ਮਾਮਲੇ ਵਿੱਚ ਟਾਈਟਲਰ ਨੂੰ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਇਸ ਮਾਮਲੇ ਵਿੱਚ ਟਾਈਟਲਰ ਤੋਂ ਇਲਾਵਾ ਕੋਈ ਹੋਰ ਮੁਲਜ਼ਮ ਨਹੀਂ ਹੈ। ਸੀ.ਬੀ.ਆਈ. ਨੇ ਇਸ ਮਾਮਲੇ ਵਿੱਚ ਸਪਲੀਮੈਂਟਰੀ ਚਾਰਜਸ਼ੀਟ ਦਾਇਰ ਕਰਨ ਤੋਂ ਬਾਅਦ ਕਲੋਜ਼ਰ ਰਿਪੋਰਟ ਵੀ ਦਾਖ਼ਲ ਕੀਤੀ ਸੀ।

# ਹਫ਼ਤਾਵਾਰੀ ਪ੍ਰੀਤਨਾਮਾ

Weekly Preetnama www.preetnama.com +1 (201) 312-4180





**PRITPAL KAUR**
Editor-In-Chief
+1 201-312-4180
+1 917-328-8436

ADVISORY BOARD

Joga Singh
******************************
Jaswinder Singh New Jersey
**********************************
Mindi Manak
NewYork
**********************************
Jagjit Singh Dasuya
******************************
Gurmeet Singh Dhalwan
Chicago
******************************
G. S Singh Punjab
******************************
Sujan Nag, USA
******************************
Dr. Jagdeep Dhimaan, India
******************
Sarabjit Kaur Punjab
**********************
Sukhmandar Brar
(Bhagata Bhaika) Vancouver,

******************************
Sunil Kumar Gund
(Journalist) India
**********************************
Raj Rani
Video editor
**************************************
Jagmeet Kaur
97817-41631
******************************

ਪ੍ਰੀਤਨਾਮ ਪੰਜਾਬੀ ਮਾਂ ਬੋਲੀ, ਸਭਿਆਚਾਰ ਅਤੇ ਪੰਜਾਂ ਪਾਣੀਆਂ ਦੀ ਧਰਤੀ ਦੀ ਸਲਾਮਤੀ ਨੂੰ ਸਮਰਪਿਤ ਹੈ। ਪ੍ਰੀਤਨਾਮਾ ਵਿਚ ਛਪੀਆਂ ਰਚਨਾਵਾਂ ਨਾਲ ਸੰਪਾਦਕ ਜਾਂ ਅਖਬਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਲੇਖਕ ਆਪਣੀਆਂ ਰਚਨਾਵਾਂ ਨੂੰ ਈਮੇਲ ਰਾਹੀਂ ਭੇਜ ਸਕਦੇ ਹਨ। ਈਮੇਲ ਵਾਲੀਆਂ ਰਚਨਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ। ਪ੍ਰੀਤਨਾਮਾ ਨੂੰ ਰਚਨਾਵਾਂ ਵਿਚ ਲੋੜ ਅਨੁਸਾਰ ਕਾਂਟ ਛਾਂਟ ਕਰਨ ਦਾ ਜਾਂ ਬਿਲਕੁਲ ਨਾ ਛਾਪਣ ਦਾ ਅਧਿਕਾਰ ਹੈ। ਇਸ਼ਤਿਹਾਰ ਵਿਚ ਛਪੀ ਸਮਗਰੀ ਲਈ ਇਸ਼ਤਿਹਾਰਦਾਤਾ ਖੁਦ ਜ਼ਿੰਮੇਵਾਰ ਹੋਵੇਗਾ। ਇਸ਼ਤਿਹਾਰਾਂ ਵਿਚ ਦਿੱਤੀ ਗਈ ਜਾਣਕਾਰੀ, ਕੀਮਤ, ਵਰੰਟੀ, ਕੁਆਲਿਟੀ, ਸੁਝਾਵਾਂ ਲਈ ਸਿਰਫ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਵਾਰ ਹੋਵੇਗੀ।

**The Preetnama is not responsible or legally lible for any news, article, advertisement or typing mistakes in the news or articles**

ਪਿਛਲੇ ਕੁਝ ਹਫਤਿਆਂ ਤੋਂ ਪਾਠਕਾਂ ਵੱਲੋਂ ਲੇਖ ਪ੍ਰਕਾਸ਼ਿਤ ਨਾ ਹੋਣ ਦੇ ਲਗਾਤਾਰ ਫੋਨ ਆ ਰਹੇ ਹਨ, ਜਿਸ ਲਈ ਲਈ ਖਿਮਾ ਦੇ ਜਾਚਕ ਹਾਂ। ਪ੍ਰੀਤਨਾਮਾ ਵੱਲੋਂ ਲੇਖਕਾਂ ਨੂੰ ਬੇਨਤੀ ਹੈ ਕਿ ਇੱਕ ਵਾਰ ਵਿਚ ਇੱਕ ਹੀ ਲੇਖ ਭੇਜਿਆ ਜਾਵੇ ਤਾਂ ਜੋ ਢੁੱਕਵੀਂ ਜਗ੍ਹਾਂ 'ਤੇ ਪ੍ਰਕਾਸ਼ਿਤ ਕੀਤਾ ਜਾ ਸਕੇ।

**Preetnamausa@gmail.com**
**www.preetnama.com**


# ਘਰਾਂ ਦੇ ਜੰਦਰੇ ਤੇ ਵਿਰਸੇ ਦਾ ਸਰਮਾਇਆ ਹੁੰਦੇ ਨੇ ਬਜ਼ੁਰਗ

**ਰਮੇਸ਼ ਬੱਗਾ ਚੋਹਲਾ**

ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਖ਼ਾਲਸਾ ਪੰਥ ਦੀ ਸਾਜਨਾ ਕਰਨ ਦੇ ਨਾਲ ਹੀ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸੇ ਲਈ ਵਿਸ਼ੇਸ਼ ਰਹਿਤ-ਮਰਯਾਦਾ (ਸੰਜਮੀ,ਨਿਯਮਤ,ਦਲੇਰ ਅਤੇ ਪਰਉਪਕਾਰੀ ਜੀਵਨ ਵਾਲੀ) ਵੀ ਨਿਰਧਾਰਿਤ ਕਰ ਦਿੱਤੀ।ਇਸ ਮਰਯਾਦਾ ਵਿਚ ਜਿਥੇ ਨਾਮ ਸਿਮਰਨ,ਸੇਵਾ ਅਤੇ ਪਰਉਪਕਾਰ ਨੂੰ ਖ਼ਾਲਸੇ ਦੇ ਜੀਵਨ ਦਾ ਆਧਾਰ ਬਣਾਇਆ ਗਿਆ,ਉੱਥੇ ਨਾਲ ਹੀ ਜੇ ਜੀਵੈ ਪਤਿ ਲਥੀ ਜਾਇ,ਸਭੁ ਹਰਾਮੁ ਜੇਤਾ ਕਿਛ ਖਾਇ ਦਾ ਅਣਖੀਲਾ ਪਾਠ ਵੀ ਪੜ੍ਹਾਇਆ ਗਿਆ। ਇਸ ਪਾਠ ਨੂੰ ਪੜ੍ਹਨ ਵਾਲੇ ਸੂਰਬੀਰ ਸਿੱਖਾਂ ਨੇ 'ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ਦੀ ਧਾਰਨਾ ਦੇ ਅਨੁਸਾਰੀ ਹੋ ਕੇ ਹਮੇਸ਼ਾਂ ਹੀ ਮੌਤ ਨੂੰ ਮਖੌਲ ਕੀਤੇ ਹਨ।ਜੁਝਾਰੂ ਬਿਰਤੀ ਦੇ ਧਨੀ ਸੂਰਮਿਆਂ ਨੇ 'ਸਿਰ ਤਲੀ 'ਤੇ ਧਰ ਕੇ' ਕਈ ਅਜਿਹੇ ਕਾਰਨਾਮੇ ਕੀਤੇ ਹਨ ਜਿਨ੍ਹਾਂ 'ਤੇ ਸਿੱਖ ਇਤਿਹਾਸ ਨੂੰ ਸਦਾ ਮਾਣ ਰਹੇਗਾ।ਇਸ ਤਰ੍ਹਾਂ ਦੇ ਕਾਰਨਾਮਿਆਂ ਵਿਚ ਹੀ ਸ਼ਾਮਿਲ ਹੈ ਬਹਾਦਰ ਬਚਿੱਤਰ ਸਿੰਘ ਦਾ ਨਸ਼ੇੜੀ ਹਾਥੀ ਨਾਲ ਮੁਕਾਬਲੇ ਦਾ ਦਲੇਰਾਨਾ ਕਾਰਨਾਮਾ। ਦਸਮੇਸ਼ ਪਿਤਾ ਦੇ ਸੂਰਮੇ ਸਿੱਖ ਭਾਈ ਬਚਿੱਤਰ ਸਿੰਘ ਦਾ ਜਨਮ 6 ਮਈ 1664 ਈ, ਨੂੰ ਭਾਈ ਮਨੀ ਸਿੰਘ ਅਤੇ ਮਾਤਾ ਸੀਤੋ (ਬਸੰਤ ਕੌਰ) ਦੇ ਗ੍ਰਹਿ ਪਿੰਡ ਅਲੀਪੁਰ (ਮੁਲਤਾਨ) ਵਿਖੇ ਹੋਇਆ।ਬਚਪਨ ਵਿੱਚ ਬਚਿੱਤਰ ਰਾਏ ਦੇ ਨਾਮ ਨਾਲ ਬੁਲਾਏ ਜਾਂਦੇ ਭਾਈ ਸਾਹਿਬ ਆਪਣੇ ਦਸ ਭਰਾਵਾਂ ਵਿਚੋਂ ਦੂਸਰੇ ਸਥਾਨ 'ਤੇ ਸਨ।ਸੰਮਤ 1756 (ਵਿਸਾਖੀ ਵਾਲੇ ਦਿਨ) ਵਿਚ ਪਰਿਵਾਰ ਦੇ ਬਾਕੀ ਜੀਆਂ ਨਾਲ ਅੰਮ੍ਰਿਤਪਾਨ ਕਰਨ ਤੋਂ ਬਾਅਦ 'ਸਿੰਘ' ਸ਼ਬਦ ਉਨ੍ਹਾਂ ਦੇ ਨਾਮ ਨਾਲ ਪੱਕੇ ਤੌਰ 'ਤੇ ਜੁੜ੍ਹ ਗਿਆ ਅਤੇ ਉਹ ਬਚਿੱਤਰ ਸਿੰਘ (ਸ਼ੇਰ) ਦੇ ਨਾਂਅ ਨਾਲ ਬੁਲਾਏ ਜਾਣ ਲੱਗੇ।ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨ ਤੋਂ ਬਾਅਦ ਭਾਈ ਸਾਹਿਬ ਮਨੋਂ-ਤਨੋਂ ਗੁਰੂ-ਘਰ ਦੀ ਸੇਵਾ ਨੂੰ ਸਮਰਪਿਤ ਹੋ ਗਏ। ਖ਼ਾਲਸੇ ਦੀ ਚੜ੍ਹਦੀਕਲਾ ਅਤੇ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਵੱਧਦੇ ਸਤਿਕਾਰ ਨੂੰ ਦੇਖ ਕੇ ਪਹਾੜੀ ਰਾਜਿਆਂ ਦੇ ਅੰਦਰ ਈਰਖਾ ਦੀ ਭਾਵਨਾ ਬਲਵਾਨ ਹੋਣ ਲੱਗੀ।ਇਸ ਭਾਵਨਾ ਤਹਿਤ ਜਿਥੇ ਉਹ ਗੁਰੂ ਸਾਹਿਬ ਨਾਲ ਈਰਖਾ ਕਰਨ ਲੱਗੇ ਉੱਥੇ ਨਾਲ ਹੀ ਗੁਰੂ-ਘਰ ਨੂੰ ਢਾਹ ਲਾਉਣ ਦੀਆਂ ਸਾਜਿਸ਼ਾਂ ਵੀ ਕਰਨ ਲੱਗੇ।ਪਹਾੜੀ ਰਾਜਿਆਂ ਅਤੇ ਗੁਰੂ-ਘਰ ਦੇ ਹੋਰ ਦੋਖੀਆਂ ਦੀ ਨੀਅਤ ਵਿਚਲੀ ਖ਼ੋਟ ਨੂੰ ਭਾਂਪਦਿਆਂ ਕਲਗੀਧਰ ਪਾਤਸ਼ਾਹ ਨੂੰ ਸ੍ਰੀ ਆਨੰਦਪੁਰ ਸਾਹਿਬ ਵਿਖੇ ਲੋਹਗੜ੍ਹ ਨਾਮਕ ਕਿਲ੍ਹੇ ਦੀ ਉਸਾਰੀ ਕਰਵਾਉਣੀ ਪਈ।

ਆਪਣੇ ਦਾਦਾ-ਗੁਰੂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਵਾਂਗ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਸ਼ਿਕਾਰ ਦਾ ਸ਼ੌਕ ਵੀ ਰੱਖਦੇ ਸਨ।ਇਹ ਸ਼ੌਕ ਰੱਖਣ ਕਰਕੇ ਸੰਮਤ 1757 ਨੂੰ ਜਦੋਂ ਗੁਰੂ ਸਾਹਿਬ ਕਟੋਚਾਂ ਦੀ ਹੱਦ ਉਪਰ ਸ਼ਿਕਾਰ ਖੇਡਣ ਲਈ ਗਏ ਤਾਂ ਪਹਾੜੀ ਰਾਜੇ ਆਲਮ ਚੰਦ ਅਤੇ ਬਲੀਆ ਚੰਦ ਨੇ ਉਨ੍ਹਾਂ ਉਪਰ ਅਚਾਨਕ ਹਮਲਾ ਕਰ ਦਿੱਤਾ।ਗੁਰੂ ਸਾਹਿਬ ਅਤੇ ਉਨ੍ਹਾਂ ਦੇ ਸਿੱਖਾਂ ਨੇ ਇਸ ਹਮਲੇ ਦਾ ਮੂੰਹ ਤੋੜਵਾਂ ਜਵਾਬ ਦਿੱਤਾ।ਸਿੱਟੇ ਵਜੋਂ ਰਾਜਾ ਬਲੀਆ ਚੰਦ ਤਾਂ ਸਰੀਰ ਛੱਡ ਗਿਆ ਅਤੇ ਆਲਮ ਚੰਦ ਦੀ ਇੱਕ ਬਾਂਹ ਵੱਢੀ ਗਈ।ਇਸ ਲੜਾਈ ਵਿਚ ਗੁਰੂ ਕਿਆਂ ਵੱਲੋਂ ਪਈ ਮਾਰ ਅਤੇ ਆਪਣੀ ਹਾਰ ਕਾਰਨ ਪਹਾੜੀ ਰਾਜੇ ਬਹੁਤ ਸ਼ਰਮਸਾਰ ਹੋਏ ਅਤੇ ਬਦਲੇ ਅੱਗ ਵਿਚ ਸੜਨ ਲੱਗੇ।

. ਕੁੱਝ ਇਤਿਹਾਸਕਾਰਾਂ ਦੀ ਰਾਇ ਹੈ ਕਿ ਜਦੋਂ ਗੁਰੂ ਗੋਬਿੰਦ ਸਿੰਘ ਜੀ ਭੰਗਾਣੀ ਦਾ ਯੁੱਧ ਲੜ੍ਹ ਰਹੇ ਸਨ ਤਾਂ ਭਾਈ ਬਚਿੱਤਰ ਸਿੰਘ ਨੇ ਆਪਣੇ ਪਿਤਾ ਭਾਈ ਮਨੀ ਸਿੰਘ ਸਮੇਤ ਗੁਰੂ ਕੀਆਂ ਫ਼ੌਜਾਂ ਦਾ ਡੱਟਵਾਂ ਸਾਥ ਦਿੱਤਾ।ਇਸ ਤੋਂ ਇਲਾਵਾ ਸ੍ਰੀ ਅਨੰਦਪੁਰ ਸਾਹਿਬ ਪਹਿਲੀ ਤੇ ਦੂਜੀ ਲੜਾਈ,ਨਿਰਮੋਹ ਅਤੇ ਬਸੌਲੀ ਦੀ ਜੰਗ ਸਮੇਂ ਵੀ ਭਾਈ ਬਚਿੱਤਰ ਸਿੰਘ ਮੈਦਾਨੇ ਜੰਗ ਵਿਚ ਜੂਝਦਾ ਰਿਹਾ। . ਜਦੋਂ ਵੀ ਪਹਾੜੀ ਰਾਜੇ ਗੁਰੂ-ਘਰ (ਸ੍ਰੀ ਅਨੰਦਪੁਰ ਸਾਹਿਬ) ਨਾਲ ਮੱਥਾ ਲਾਉਂਦੇ ਸਨ ਤਾਂ ਉਨਾਂ ਨੂੰ ਮੂੰਹ ਦੀ ਖਾਣੀ ਪੈਂਦੀ ਸੀ।ਵਾਰ- ਵਾਰ ਦੀ ਹਾਰ ਅਤੇ ਸ਼ਰਮਿੰਦਗੀ ਤੋਂ ਬਚਣ ਲਈ ਅਖੀਰ ਉਨ੍ਹਾਂ ਨੂੰ ਮੁਗਲ-ਦਰਬਾਰ ਦੀ ਓਟ ਲੈਣੀ ਪਈ।ਇਥੇ ਹੀ ਬੱਸ ਨਹੀਂ ਆਪਣੀ ਜਿੱਤ ਨੂੰ ਯਕੀਨੀ ਬਣਾਉਣ ਲਈ ਉਨ੍ਹਾਂ ਨੂੰ ਆਲੇ-ਦੁਆਲੇ ਦੇ ਗੁਜਰਾਂ ਅਤੇ ਰੰਘੜਾਂ ਦਾ ਸਹਿਯੋਗ ਵੀ ਲੈਣਾ ਪਿਆ। ਮੁਗਲ ਫੌਜ ਨਾਲ ਗੰਢ-ਤੁੱਪ ਕਰਕੇ ਪਹਾੜੀਆਂ ਨੇ ਸ੍ਰੀ ਅਨੰਦਪੁਰ ਸਾਹਿਬ ਉਪਰ ਤੀਸਰਾ ਹੱਲਾ ਬੋਲ ਦਿੱਤਾ।ਇਸ ਹੱਲੇ ਵਿਚ ਗੁਰੂ-ਨਗਰੀ ਤਾਂ ਉਨ੍ਹਾਂ ਦੇ ਕਬਜ਼ੇ ਵਿਚ ਆ ਗਈ ਪਰ ਖ਼ਾਲਸੇ ਦੇ ਖ਼ੌਫ ਕਾਰਨ ਉਹ ਕਿਲ੍ਹੇ ਤੱਕ ਨਾ ਪਹੁੰਚ ਸਕੇ।ਸਮਾਂ ਲੰਘਦਾ ਜਾ ਰਿਹਾ ਸੀ ਪਰ ਪਹਾੜੀਆਂ ਦੇ ਪੱਲੇ ਕੁੱਝ ਨਹੀਂ ਪੈ ਰਿਹਾ ਸੀ।ਅਖੀਰ 1 ਸਤੰਬਰ 1700 ਈ. ਨੂੰ ਗੁਰੂ-ਘਰ ਦੇ ਵਿਰੋਧੀਆਂ ਨੇ ਇੱਕ ਮਤਾ ਪਕਾਇਆ,ਜਿਸ ਦੇ ਅਨੁਸਾਰ ਕਿਲ੍ਹੇ ਨੂੰ ਤੋੜ੍ਹਨ ਦਾ ਇਰਾਦਾ ਕੀਤਾ ਗਿਆ।ਇਸ ਨੀਚ ਇਰਾਦੇ ਨੂੰ ਅਮਲੀ ਰੂਪ ਦੇਣ ਲਈ ਇੱਕ ਹਾਥੀ ਮੱਸੂ (ਹਾਥੀ ਦਾ ਨਾਮ) ਨੂੰ ਰੱਜਵੀਂ ਸ਼ਰਾਬ ਪਿਲਾਈ ਗਈ।ਉਸ ਦੇ ਸਰੀਰ ਨੂੰ ਲੋਹੇ ਨਾਲ ਮੜ੍ਹ ਕੇ ਸੁੰਡ ਨਾਲ ਵੱਡੀਆਂ ਤੱਵੀਆਂ ਬੰਨ੍ਹੀਆਂ ਗਈਆਂ।ਦੁਸ਼ਮਣਾਂ ਦੇ ਇਸ ਇਰਾਦੇ ਦੀ ਖ਼ਬਰ ਸਿੱਖਾਂ ਨੇ ਗੁਰੂ ਸਾਹਿਬ ਤੱਕ ਵੀ ਪਹੁੰਚਾ ਦਿੱਤੀ।ਸਿੱਖਾਂ ਨੂੰ ਹੌਸਲਾ ਦਿੰਦਿਆਂ ਦਸਵੇਂ ਪਾਤਸ਼ਾਹ ਨੇ ਕਿਹਾ-'ਕੋਈ ਗੱਲ ਨਹੀਂ ! ਉਨ੍ਹਾਂ ਦੇ ਹਾਥੀ ਦਾ ਮੁਕਾਬਲਾ ਕਰਨ ਲਈ ਇੱਕ ਹਾਥੀ ਸਾਡੇ ਕੋਲ ਵੀ ਹੈ।' ਗੁਰੂ ਸਾਹਿਬ ਦਾ ਇਸ਼ਾਰਾ ਭਾਈ ਸਾਲ੍ਹੋ ਦੇ ਪੋਤੇ ਭਾਈ ਦੁਨੀ ਚੰਦ ਵੱਲ ਸੀ ਜਿਹੜਾ ਭਾਰੀ-ਭਰਕਮ ਦੇਹੀ ਦਾ ਮਾਲਕ ਸੀ।ਗੁਰੂ ਸਾਹਿਬ ਨੇ ਉਸ ਨੂੰ 500 ਸਵਾਰਾਂ ਦਾ ਜਥੇਦਾਰ ਥਾਪ ਕੇ ਸਵੇਰੇ ਮੈਦਾਨ-ਏ-ਜੰਗ ਵਿਚ ਭੇਜਣ ਦਾ ਫ਼ੈਸਲਾ ਕਰ ਲਿਆ।ਜਦੋਂ ਦੁਨੀ ਚੰਦ ਨੂੰ ਇਸ ਫ਼ੈਸਲੇ ਦੀ ਭਿਨਕ ਪਈ ਤਾਂ ਉਹ ਰਾਤ ਨੂੰ ਆਪਣੇ ਕੁੱਝ ਡਰਪੋਕ ਸਾਥੀਆਂ ਨਾਲ ਕਿਲ੍ਹੇ ਦੀ ਕੰਧ ਟੱਪ ਗਿਆ ਅਤੇ ਲੰਗੜਵਾਹ (ਲੱਤ ਟੁੱਟ ਜਾਣ ਕਾਰਨ) ਭਗੌੜਾ ਹੋ ਗਿਆ।ਜਿਸ ਮੌਤ ਦੇ ਡਰੋਂ ਦੁਨੀ ਚੰਦ ਗੁਰੂ ਸਾਹਿਬ ਤੋਂ ਬੇਮੁੱਖ ਹੋਇਆ ਸੀ ਉਸ ਮੌਤ ਨੇ ਉਸ ਦਾ ਪਿੱਛਾ ਨਹੀਂ ਛੱਡਿਆ ਅਤੇ ਉਹ ਉਸ ਦੇ ਘਰ (ਅੰਮ੍ਰਿਤਸਰ) ਤੱਕ ਵੀ ਪਹੁੰਚ ਗਈ।ਮੰਜੀ 'ਤੇ ਪਏ ਨੂੰ ਇੱਕ ਜ਼ਹਰੀਲੇ ਸੱਪ ਨੇ ਡੰਗ ਮਾਰਿਆ ਅਤੇ ਦੁਨੀ ਚੰਦ ਦੁਨੀਆਂ ਤੋਂ ਰੁਖ਼ਸਤ ਹੋ ਗਿਆ।ਦੁਨੀ ਚੰਦ ਦੇ ਭਗੌੜੇਪਨ ਬਾਅਦ ਤੋਂ ਭਾਈ ਬਚਿੱਤਰ ਸਿੰਘ ਗੁਰੂ ਗੋਬਿੰਦ ਸਿੰਘ ਜੀ ਦੇ ਸਨਮੁੱਖ ਹੋਇਆ ਅਤੇ ਨਸ਼ੇੜੀ ਹਾਥੀ ਨਾਲ ਦੋ ਹੱਥ ਕਰਨ ਦਾ ਹੁੰਗਾਰਾ ਭਰਨ ਲੱਗਾ।ਉਸ ਦੇ ਦਲੇਰੀ ਭਰੇ ਹੁੰਗਾਰੇ ਨੂੰ ਸੁਣ ਕੇ ਕਲਗੀਧਰ ਪਾਤਸ਼ਾਹ ਨੇ ਉਸ ਨੂੰ ਘੁੱਟ ਕੇ ਛਾਤੀ ਨਾਲ ਲਾ ਲਿਆ।ਜਿਥੇ ਗੁਰੂ ਸਾਹਿਬ ਨੇ ਭਾਈ ਬਚਿੱਤਰ ਸਿੰਘ ਨੂੰ ਹਾਥੀ ਨਾਲ ਲੜ੍ਹਨ ਲਈ ਆਪਣਾ ਅਸ਼ੀਰਵਾਦ/ਥਾਪੜਾ ਦਿੱਤਾ ਉਥੇ ਨਾਲ ਹੀ ਇੱਕ ਨਾਗਣੀ (ਬਰਛਾ) ਵੀ ਬਖ਼ਸ਼ ਦਿੱਤੀ।ਪੰਜ ਜੈਕਾਰੇ ਛੱਡ ਕੇ ਗੁਰੂ ਸਾਹਿਬ ਨੇ ਕਿਲ੍ਹੇ ਦਾ ਦਰਵਾਜ਼ਾ ਖੋਲ੍ਹਣ ਦਾ ਹੁਕਮ ਦੇ ਦਿੱਤਾ।ਦਰਵਾਜ਼ਾ ਖੁੱਲ੍ਹਦਿਆਂ ਸਾਰ ਹੀ ਬਹਾਦਰ ਬਚਿੱਤਰ ਸਿੰਘ ਮਸਤ ਹਾਥੀ ਵੱਲ ਵਧਿਆ ਅਤੇ ਪੂਰੇ ਜ਼ੋਰ ਨਾਲ ਨਾਗਣੀ ਮੱਸੂ ਦੇ ਮੱਥੇ ਵਿਚ ਮਾਰੀ।ਨਾਗਣੀ ਦੇ ਵੱਜਣ ਨਾਲ ਹਾਥੀ ਜ਼ਖ਼ਮੀ ਹੋ ਗਿਆ ਅਤੇ ਚੰਗਿਆੜਾਂ ਮਾਰਦਾ ਹੋਇਆ ਪਿਛਾਂਹ ਨੂੰ ਭੱਜਣ ਲੱਗਾ।ਹਾਥੀ ਦੀ ਇਸ ਤਰਸਯੋਗ ਹਾਲਤ ਨੇ ਦੁਸ਼ਮਣਾਂ ਦੀ ਹਾਲਤ ਵੀ ਪਤਲੀ ਕਰ ਦਿੱਤੀ ਅਤੇ ਉਹ ਮੂੰਹ ਛੁਪਾ ਕੇ ਦੌੜ ਗਏ।ਚੁਸਤੀ,ਫੁਰਤੀ,ਜੁਝਾਰੂ ਬਿਰਤੀ ਅਤੇ ਗੁਰੂ ਸਾਹਿਬ ਦੀ ਕਿਰਪਾ ਸਦਕਾ ਇਹ ਮੈਦਾਨ ਭਾਈ ਬਚਿੱਤਰ ਸਿੰਘ ਦੇ ਹੱਥ ਰਿਹਾ।ਜਿਸ ਨਾਗਣੀ ਨਾਲ ਮੱਸੂ ਹਾਥੀ ਦਾ ਮੱਥਾ ਵਿਨ੍ਹਆਂ ਗਿਆ ਉਸ ਦੀ ਲੰਬਾਈ ਪੌਣੇ ਨੌ ਫੁੱਟ ਹੈ।

1705 ਈ. (ਕੁੱਝ ਇਤਿਹਾਸਕਾਰਾਂ ਮੁਤਾਬਿਕ 1704 ਈ.) ਨੂੰ ਸ਼ਾਹੀ ਫੌਜਾਂ ਅਤੇ ਪਹਾੜੀ ਰਾਜਿਆਂ ਨੇ ਸ੍ਰੀ ਅਨੰਦਪੁਰ ਸਾਹਿਬ ਨੂੰ ਘੇਰਾ ਪਾ ਲਿਆ।ਅੱਧੇ ਸਾਲ (ਸੱਤ ਮਹੀਨਿਆਂ) ਤੋਂ ਵੱਧ ਸਮਾਂ ਬੀਤ ਜਾਣ 'ਤੇ ਵੀ ਇਹ ਧਿਰ ਕਿਲ੍ਹੇ ਵਿਚ ਪ੍ਰਵੇਸ਼ ਨਾ ਕਰ ਸਕੀ।ਅਣਸੁਖਾਵੇਂ ਹਾਲਾਤ ਹੋ ਜਾਣ ਦੇ ਬਾਵਜੂਦ ਵੀ ਗੁਰੂ ਗੋਬਿੰਦ ਸਿੰਘ ਅਤੇ ਉਨ੍ਹਾਂ ਦੇ ਪਿਆਰੇ ਸਿੱਖ ਚੜ੍ਹਦੀਕਲ੍ਹਾ ਵਿਚ ਸਨ ਅਤੇ ਤੀਰਾਂ ਅਤੇ ਗੋਲਿਆਂ ਨਾਲ ਵੈਰੀਆਂ ਨੂੰ ਕਿਲ੍ਹੇ ਦੇ ਨੇੜੇ ਨਹੀਂ ਲੱਗਣ ਦੇ ਰਹੇ ਸਨ।ਅਖੀਰ ਹਾਕਮ ਧਿਰ ਅਤੇ ਪਹਾੜੀਆਂ ਨੇ ਵੱਲ-ਛੱਲ ਦੀ ਨੀਤੀ ਤੋਂ ਕੰਮ ਲਿਆ।



# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 271 | Website: www.preetnama.com Email preetnamausa@gmail.com | 27 SEPT TO 03 OCT , 2024




Preetnama
प्रीतनामा
खरा सच
Khara Sach
On our English language New Website
WWW.PREET NEWS.COM
Chief Editor
Pritpal Kaur
+1 201-312-4180
Vol 4, Issue 272 | Website: www.preetnama.com Email preetnamausa@gmail.com | 04 OCT TO 10 OCT ,2024

# विश्व के वित्तीय एवं निवेश संस्थान भारत के आर्थिक विकास के अनुमानों को बढ़ा रहे हैं

प्रहलादसबनानी
मोबाइलक्रमांक - 9987949940

आज जब विश्व में कई विकसित एवं विकासशील देशों की अर्थव्यवस्थाओं में विभिन्न प्रकार की आर्थिक समस्याएं दिखाई दे रही है, वैश्विक स्तर पर कई प्रकार की विपरीत परिस्थितियों के बीच भी भारतीय अर्थव्यवस्था विश्व में सबसे तेज गति से आगे बढ़ती अर्थव्यवस्था बनी हुई है। कई विदेशी एवं निवेश संस्थान भारत के सकल घरेलू उत्पाद में वृद्धि के सम्बंध में पूर्व में दिए गए अपने अनुमानों में संशोधन कर रहे हैं कि आगे आने वाले समय में भारतीय अर्थव्यवस्था में विकास की गति और अधिक तेज होगी।

विशेष रूप से कोरोना महामारी के पश्चात भारत ने आर्थिक विकास के क्षेत्र में तेज रफ्तार पकड़ ली है। भारत में आर्थिक क्षेत्र में सुधार कार्यक्रमों को लागू किया गया है। स्टैंडर्ड एवं पूअर (एसएंडपी) नामक विश्व विख्यात क्रेडिट रेटिंग संस्थान ने हाल ही में अपने एक प्रतिवेदन में बताया है कि भारत, केलेंडर वर्ष 2024 में एवं इसके बाद के वर्षों में 6.7 प्रतिशत की आर्थिक विकास दर के साथ वर्ष 2031 तक विश्व की तीसरी सबसे बड़ी अर्थव्यवस्था बन जाएगा तथा भारतीय अर्थव्यवस्था का वैश्विक अर्थव्यवस्था में योगदान वर्तमान के 3.6 प्रतिशत से बढ़कर 4.5 प्रतिशत के स्तर पर पहुंच जाएगा। साथ ही, भारत में प्रति व्यक्ति आय भी बढ़कर उच्च मध्यम आय समूह की श्रेणी की हो जाएगी। भारत के सकल घरेलू उत्पाद का आकार भी वर्तमान के 3.92 लाख करोड़ अमेरिकी डॉलर से बढ़कर 7 लाख करोड़ अमेरिकी डॉलर का हो जाएगा। हालांकि एसएंडपी ने भारत में आर्थिक विकास दर के 6.7 प्रतिशत प्रतिवर्ष बढ़ने का अनुमान लगाया है जबकि वित्तीय वर्ष 2023-24 में भारत की आर्थिक विकास दर के 7.3 प्रतिशत के अनुमान के विरुद्ध 8.2 प्रतिशत की रही है। भारत में अब सरकारी क्षेत्र के साथ ही निजी क्षेत्र भी पूंजीगत खर्चों को बढ़ाने पर ध्यान देता हुआ दिखाई दे रहा है, इससे आगे आने वाले समय में केंद्र सरकार पर पूंजीगत खर्चों में वृद्धि करने सम्बंधी दबाव कम होगा और केंद्र सरकार का बजटीय घाटा और अधिक तेजी से कम होगा, जिससे अंतत: विदेशी निवेशक भारत में अपना निवेश बढ़ाने के लिए आकर्षित होंगे।

इसी प्रकार, विश्व बैंक एवं अंतरराष्ट्रीय मुद्रा कोष ने भी वर्ष 2024, 2025 एवं 2026 में भारत के आर्थिक विकास सम्बंधी अपने अनुमानों के बढ़ाया है। विश्व बैंक का तो यह भी कहना है कि भारत ने केलेंडर वर्ष 2023 में विश्व के वार्षिक आर्थिक विकास में 16 प्रतिशत का योगदान दिया है और इस प्रकार भारत अब विश्व में आर्थिक विकास के इंजिन के रूप में कार्य करता हुआ दिखाई दे रहा है। भारत ने वर्ष 2023 में 7.2 प्रतिशत की आर्थिक विकास दर हासिल की थी, जो विश्व की अन्य उभरती हुई अर्थव्यवस्थाओं द्वारा इसी अवधि में हासिल की गई विकास दर से दुगुनी थी। अंतरराष्ट्रीय मुद्रा कोष ने भारत की आर्थिक विकास दर के वर्ष 2024 के अपने पूर्व अनुमान 6.7 प्रतिशत की विकास दर को बढ़ा कर 7 प्रतिशत कर दिया है।

ओईसीडी देशों के समूह ने भी वर्ष 2024 एवं 2025 में वैश्विक स्तर पर आर्थिक प्रगति के अनुमान जारी किए हैं। इन अनुमानों के अनुसार, वैश्विक स्तर पर वर्ष 2024 एवं 2025 में सकल घरेलू उत्पाद में 3.2 प्रतिशत की वृद्धि हासिल की जा सकेगी। वहीं भारत की आर्थिक विकास दर वर्ष 2024 के 6.7 प्रतिशत से बढ़कर वर्ष 2025 में 6.8 प्रतिशत रहने की सम्भावना व्यक्त की गई है। चीन की आर्थिक विकास दर वर्ष 2024 में 4.9 प्रतिशत से घटकर वर्ष 2025 में 4.5 रहने की सम्भावना है। इसी प्रकार रूस एवं अमेरिका की आर्थिक विकास दर भी वर्ष 2024 में क्रमश: 3.7 प्रतिशत एवं 2.6 प्रतिशत से घटकर वर्ष 2025 में क्रमश: 1.1 प्रतिशत एवं 1.6 प्रतिशत रहने की सम्भावना व्यक्त की गई है। कुल मिलाकर आज विश्व के लगभग समस्त वित्तीय एवं निवेश संस्थान आगे आने वाले वर्षों में भारत की आर्थिक विकास दर के बढ़ने के अनुमान लगा रहे हैं।

वैश्विक स्तर पर वित्तीय संस्थानों द्वारा भारत के आर्थिक विकास दर के सम्बंध में लगाए जा रहे अनुमानों के अनुसार यदि भारत आगे आने वाले वर्षों में प्रतिवर्ष 6.7 प्रतिशत की आर्थिक विकास दर हासिल करता है तो भारत वर्ष 2031 तक विश्व की तीसरी सबसे बड़ी अर्थव्यवस्था बन जाएगा। इसके ठीक विपरीत भारत ने वित्तीय वर्ष 2023-24 में 8.2 प्रतिशत की आर्थिक विकास दर हासिल की थी एवं भारतीय रिजर्व बैंक के अनुमान के अनुसार भारत वित्तीय वर्ष 2024-25 में 7 प्रतिशत से अधिक की आर्थिक विकास दर हासिल करेगा, इस प्रकार तो भारत वर्ष 2031 के पूर्व ही विश्व की तीसरी सबसे बड़ी अर्थव्यवस्था बन जाएगा। दूसरे, विश्व में भारत से आगे जापान एवं जर्मनी की अर्थव्यवस्थाएं हैं, आज इन दोनों देशों की अर्थव्यवस्थाओं में कई प्रकार की समस्याएं दिखाई दे रही हैं जिनके चलते इन देशों की आर्थिक विकास दर आगे आने वाले कुछ वर्षों में शून्य रहने की सम्भावना दिखाई दे रही है। इस प्रकार, बहुत सम्भव है कि भारत मार्च 2025 तक जापान की अर्थव्यवस्था को पीछे छोड़ देगा एवं मार्च 2026 अथवा मार्च 2027 तक जर्मनी की अर्थव्यवस्था को पीछे छोड़ देगा और भारत को विश्व की तीसरी सबसे बड़ी अर्थव्यवस्था बनने के लिए वर्ष 2031 तक इंतजार ही नहीं करना पड़ेगा।

विश्व बैंक द्वारा जारी वैश्विक आर्थिक सम्भावना रिपोर्ट 2024 ने भी वित्तीय वर्ष 2025 में भारत को विश्व में सबसे तेज गति से आगे बढ़ने वाली प्रमुख अर्थव्यवस्था बने रहने के संकेत दिए हैं। पिछले तीन वर्षों में पहली बार वैश्विक अर्थव्यवस्था वर्ष 2024 में स्थिर होने के संकेत दे रही है। वैश्विक स्तर पर सकल घरेलू उत्पाद की वृद्धि दर के वर्ष 2024-25 में 2.6 प्रतिशत एवं वर्ष 2025-26 में 2.7 प्रतिशत रहने की सम्भावना विश्व बैंक द्वारा की गई है। इसी प्रकार, मुद्रा स्फीति में भी धीरे धीरे कमी आने के संकेत मिल रहे हैं एवं यह वैश्विक स्तर पर औसतन 3.5 प्रतिशत रहने की सम्भावना है। मुद्रास्फीति उपभोक्ताओं की क्रय शक्ति को कम करती है एवं उनके व्यय करने की क्षमता को भी हत्तोत्साहित करती है। कई देशों को मुद्रा स्फीति को नियंत्रित करने के लिए ब्याज दरों को बढ़ाना पड़ता है। उच्च ब्याज दरें मुद्रास्फीति को नियंत्रित तो करती हैं परंतु आर्थिक प्रगति को धीमा भी कर देती है जिससे रोजगार के अवसरों में कमी भी दृष्टिगोचर होती है।

उक्त वर्णित वैश्विक आर्थिक सम्भावना रिपोर्ट 2024 के अनुसार दक्षिण एशिया की सबसे बड़ी अर्थव्यवस्था भारत ने क्षेत्रीय विकास में महत्वपूर्ण योगदान दिया है। औद्योगिक एवं सेवा क्षेत्रों के योगदान से वित्तीय वर्ष 2023-24 में भारत ने 8.2 प्रतिशत की अतुलनीय आर्थिक विकास दर हासिल की है, यह आर्थिक विकास दर देश में मानसून व्यवधानों के कारण कृषि क्षेत्र के उत्पादन वृद्धि में आई कमी के बावजूद हासिल की गई है। साथ ही, भारत में व्यापक कर आधार से राजस्व में वृद्धि के चलते सकल घरेलू उत्पाद के सापेक्ष राजकोषीय घाटे में कमी हासिल की जा सकी है। विशेष रूप से भारत में व्यापार घाटा भी कम होता दिखाई दे रहा है, जिससे दक्षिण एशियाई क्षेत्र में समग्र आर्थिक स्थिरता लाने में योगदान मिला है।

जलवायु परिवर्तन के कारण भी विश्व के कई देशों में बाढ़, सूखा एवं तूफान जैसी प्राकृतिक आपदाओं की बारंबारता और प्रबलता बढ़ती दिखाई दे रही है। इस तरह की आपदाएं बुनियादी ढांचे, निवास स्थानों एवं व्यवसाओं को व्यापक क्षति पहुंचा रही हैं। साथ ही, यह कृषि उत्पादन को भी बाधित कर रही हैं, जिससे खाद्यान के उत्पादन में कमी एवं इनकी कीमतों में वृद्धि होती दिखाई दे रही है। इससे सरकारी वित्त व्यवस्था पर भी अतिरिक्त भार पड़ रहा है।

विश्व बैंक की आर्थिक सम्भावना रिपोर्ट 2024 ने वैश्विक अर्थव्यवस्था के बारे में तार्किक आशावादी दृष्टिकोण प्रस्तुत किया है। वर्ष 2024 में वैश्विक अर्थव्यवस्था में स्थिरता के संकेत जरूर दिए हैं परंतु कोविड महामारी से पहले के विकास के स्तरों की तुलना में वैश्विक स्तर पर विकास अभी भी धीमा बना हुआ है। वैश्विक स्तर पर मौजूदा चुनौतियों से निपटने के लिए सभी देशों को मिलकर प्रभावी उपाय करने होंगे। यहां भारत की वसुधैव कुटुम्बकम एवं सर्वजन हिताय सर्वजन सुखाय जैसी भावनाओं के साथ, वैश्विक स्तर पर आर्थिक विकास के लिए, यदि सभी देश मिलकर आगे बढ़ते हैं तो भारत के साथ साथ पूरे विश्व में भी खुशहाली लाई जा सकती है।

# दिमाग को बनाना चाहते हैं हेल्दी व एक्टिव तो अपनाएं ये पांच टिप्स



हमारे शरीर में मौजूद सभी अंग हमारे लिए काफी अहम होते हैं। ब्रेन इन्हीं अंगों में से एक है जो हमारे पूरे शरीर को फंक्शन करने में मदद करता है। हालांकि बदलती जीनवशैली कई तरीके से हमारे ब्रेन को प्रभावित करती है। ऐसे में जरूरी है कि सेहतमंद रहने के लिए अपने मस्तिष्क का खास ख्याल रखा जाए। आप इन तरीकों से ब्रेन को हेल्दी बना सकते हैं।

दिमाग को हेल्दी बनाएंगे ये 5 आसान टिप्स

ब्रेन हमारे शरीर का एक महत्वपूर्ण अंग है।

ऐसे में सेहतमंद रहने के लिए इसका ध्यान रखना भी जरूरी है।

आप अपनी लाइफस्टाइल में कुछ बदलाव कर इसे हेल्दी रख सकते हैं।

हमारा दिमाग हमारे शरीर का सबसे महत्वपूर्ण अंग है, जो हमारे शरीर से जुड़े सभी जरूरी कार्यों में अहम भूमिका निभाता है। खाने से लेकर सोने तक हमारे हर एक एक्शन के पीछे हमारा दिमाग होता है। हम जो भी खाते-पीते है, उसका हमारी सेहत और मस्तिष्क पर बहुत गहरा प्रभाव पड़ता है। ऐसे में अपने मस्तिष्क के अच्छे स्वास्थ्य को बनाए रखने के लिए हमें अपनी जीवनशैली का ध्यान रखना चाहिए।

ਉਹ ਆਪਣੀ ਜ਼ਿੰਦਗੀ ਆਪੇ ਲਵੇ ਗਾਲ਼।

ਮਹਿੰਦਰ ਸਿੰਘ ਮਾਨ ਦੀ ਕਵਿਤਾ ਵਿੱਚ ਗੁਰੂ ਸਾਹਿਬਾਨ ਪ੍ਰਤੀ ਅਥਾਹ ਸ਼ਰਧਾ ਹੈ। ਇਸ ਕਾਵਿ ਸੰਗ੍ਰਹਿ ਵਿੱਚ ਗੁਰੂ ਨਾਨਕ ਦੇਵ ਜੀ, ਗੁਰੂ ਅਰਜਨ ਦੇਵ ਜੀ, ਗੁਰੂ ਤੇਗ ਬਹਾਦਰ ਜੀ ਅਤੇ ਸਿੱਖ ਧਰਮ ਦੀ ਵਡਿਆਈ ਕਰਦੀਆਂ ਕਵਿਤਾਵਾਂ ਵੀ ਸ਼ਾਮਲ ਹਨ ਜਿਨ੍ਹਾਂ ਵਿੱਚ ਸਮਾਜ ਦੇ ਹਰ ਵਰਗ ਦੇ ਲੋਕਾਂ ਨੂੰ ਸਰਬੱਤ ਦੇ ਭਲੇ ਦੇ ਉਪਦੇਸ਼ ਬਾਰੇ ਕਾਵਿਕ ਖ਼ਿਆਲ ਪੇਸ਼ ਕੀਤਾ ਗਿਆ ਹੈ।

ਮਹਿੰਦਰ ਸਿੰਘ ਮਾਨ ਦੀ ਕਵਿਤਾ ਵਿੱਚ ਜਿੱਥੇ ਲੋਕ-ਹਿੱਤਾਂ ਦੀ ਗੱਲ ਕੀਤੀ ਗਈ ਹੈ ਉੱਥੇ ਨਾਂਹ ਵਾਚੀ ਤਾਕਤਾਂ ਪ੍ਰਤੀ ਰੋਹ ਵੀ ਪੇਸ਼ ਹੋਇਆ ਹੈ ਅਤੇ ਕਿਧਰੇ-ਕਿਧਰੇ ਅਜਿਹੀਆਂ ਪ੍ਰਸਥਿਤੀਆਂ ਅਤੇ ਵਿਅਕਤੀਆਂ ਪ੍ਰਤੀ ਵਿਅੰਗਮਈ ਕਾਵਿਕ ਪ੍ਰਤੀਕਰਮ ਵੀ ਪੇਸ਼ ਕੀਤਾ ਗਿਆ ਹੈ। ਜਿਵੇਂ ਉਹ ਲਿਖਦਾ ਹੈ:-

ਕਰਦੇ ਨੇ ਜੋ ਨਿੱਤ ਕਾਲੇ ਕਾਰੇ,
ਉਹ ਇੱਥੇ ਜਾਂਦੇ ਨੇ ਸਤਿਕਾਰੇ।
ਜਿੱਤ ਗਏ ਜੋ ਚੋਣਾਂ ਧੋਖੇ ਨਾ@,
ਉਹਨਾਂ ਦੇ ਹੋ ਗਏ ਵਾਰੇ ਨਿਆਰੇ।

ਪਰ ਕਵੀ ਇਸ ਗੱਲੋਂ ਆਸਵੰਦ ਹੈ ਕਿ ਜੇ ਕਰ ਰਿਸ਼ਤਿਆਂ ਵਿਚਲਾ ਨਿੱਘ, ਪਿਆਰ ਅਤੇ ਸਮਾਜਿਕ ਏਕਤਾ ਬਣੀ ਰਹੇਗੀ ਤਾਂ ਹੀ ਤਰੱਕੀ ਅਤੇ ਸਮਾਜਿਕ ਭਲੇ ਦੀ ਆਸ ਰੱਖੀ ਜਾ ਸਕਦੀ ਹੈ। ਜਿਵੇਂ:-

ਆ ਜਾ ਕੱਠੇ ਹੋ ਕੇ ਹਿਲਾਈਏ ਹਾਕਮ ਨੂੰ,
ਸੁੱਤਾ ਰਹੇ ਨਾ ਕਿਤੇ ਪੰਜੇ ਸਾਲ ਭਰਾਵਾ।***
ਕੁਝ ਨਹੀਂ ਬਦਲੇਗਾ ਇੱਥੇ ਉਦੋਂ ਤੱਕ,
ਜਦ ਤੱਕ ਹੁੰਦੇ ਨਹੀਂ ਕੱਠੇ ਸਾਰੇ।***

ਜਿਵੇਂ ਕਿ ਅਸੀਂ ਪਹਿਲਾਂ ਵੀ ਜ਼ਿਕਰ ਕੀਤਾ ਹੈ ਮਹਿੰਦਰ ਸਿੰਘ ਮਾਨ ਅਜਿਹਾ ਕਵੀ ਹੈ ਜਿਹੜਾ ਆਪਣੀ ਕਵਿਤਾ ਵਿੱਚ ਸਾਦੀ ਆਮ ਵਰਤੀ ਜਾਂਦੀ ਭਾਸ਼ਾ ਰਾਹੀਂ ਲੋਕਾਂ ਨੂੰ ਸੁਚੇਤ ਵੀ ਕਰਦਾ ਹੈ ਅਤੇ ਲੋਕ-ਹਿੱਤਾਂ ਦੀ ਬਾਤ ਵੀ ਪਾਉਂਦਾ ਹੈ। ਉਸ ਦੀ ਕਵਿਤਾ ਆਸ, ਵਿਸ਼ਵਾਸ ਅਤੇ ਸ਼ੁਭ ਇੱਛਾ ਦੀ ਕਵਿਤਾ ਹੈ ਜੋ ਆਮ ਲੋਕਾਂ ਨੂੰ ਉਨ੍ਹਾਂ ਦੇ ਹੱਕਾਂ ਅਤੇ ਫਰਜ਼ਾਂ ਤੋਂ ਜਾਣੂ ਕਰਵਾਉਂਦੀ ਹੈ।

# ਕਿਵੇਂ ਰੋਕੇ ਜਾਣ ਈ-ਵੈਲਟ ’ਤੇ ਸਾਈਬਰ ਹਮਲੇ?



ਅਮਰਬੀਰ ਸਿੰਘ ਚੀਮਾ
ਸਰਹਿੰਦ, ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ
ਮੋਬਾਈਲ ਨੰ: 9888940211



ਅੱਜਕੱਲ੍ਹ ਤਕਨਾਲੋਜੀ ਦਾ ਜ਼ਮਾਨਾ ਹੈ। ਦਿਨੋਂ ਦਿਨ ਦੁਨੀਆ ਹਾਈਟੈੱਕ ਹੋ ਰਹੀ ਹੈ ਇਸ ਲਈ ਹੁਣ ਠੱਗਾਂ ਤੇ ਚੋਰਾਂ ਨੇ ਚੋਰੀ ਕਰਨ ਜਾਂ ਠੱਗੀ ਮਾਰਨ ਦੇ ਢੰਗ-ਤਰੀਕੇ ਵੀ ਬਦਲ ਲਏ ਹਨ।ਮੋਬਾਈਲ ਟਾਵਰਾਂ ਦੇ ਨਾਂ ’ਤੇ, ਈ.ਮੇਲ ਜਾਂ ਐਸ.ਐਮ.ਐਸ ਕਰ ਕੇ ਕਰੋੜਾਂ ਦੀ ਲਾਟਰੀ ਨਿਕਲਣ ਬਾਰੇ, ਕੰਪਨੀ ਦੇ ਮੈਂਬਰ ਬਣਾ ਕੇ ਠੱਗੀ ਮਾਰਨ ਦੇ ਢੰਗ ਵੀ ਹੁਣ ਪੁਰਾਣੇ ਹੋ ਚੁੱਕੇ ਹਨ।ਅੱਜ-ਕੱਲ੍ਹ ਦੇ ਪੜ੍ਹੇ ਲਿਖੇ ਠੱਗ ਬੜੀ ਹੁਸ਼ਿਆਰੀ ਨਾਲ਼ ਕਿਤੇ ਦੂਰ ਬੈਠੇ ਹੀ ਤੁਹਾਡੇ ਨਾਲ਼ ਠੱਗੀ ਮਾਰ ਜਾਂਦੇ ਹਨ।ਕਦੇ ਇਹ ਲੋਕ ਗੱਲਾਂ ਵਿੱਚ ਉਲਝਾ ਕੇ ਚਲਾਕੀ ਨਾਲ਼ ਆਪਣਾ ਏ.ਟੀ.ਐਮ ਕਾਰਡ ਕਿਸੇ ਨਾਲ਼ ਬਦਲ ਕੇ ਉਸ ਦੇ ਖਾਤੇ ਵਿੱਚੋਂ ਪੈਸੇ ਕਢਾ ਲੈਂਦੇ ਹਨ ਤੇ ਕਦੇ ਕਿਸੇ ਦੇ ਈ-ਵੈਲਟ (ਇਲੈਕਟ੍ਰਾਨਿਕ ਬਟੂਆ ਜਾਂ ਪਰਸ) ਦਾ ਪਾਸਵਰਡ ਹੈੱਕ (ਚੋਰੀ) ਕਰ ਕੇ ਉਹਦਾ ਖਾਤਾ ਖ਼ਾਲੀ ਕਰ ਦਿੰਦੇ ਹਨ। ਇਹ ਠੱਗ ਆਮ ਤੌਰ ’ਤੇ ਬਜ਼ੁਰਗਾਂ, ਔਰਤਾਂ ਜਾਂ ਭੋਲੇ-ਭਾਲੇ ਲੋਕਾਂ ਨੂੰ ਆਪਣੀ ਠੱਗੀ ਦਾ ਸ਼ਿਕਾਰ ਬਣਾਉਂਦੇ ਹਨ।ਈ-ਵੈਲਟ ਆਪਣੀ ਜੇਬ ਵਿਚਲੇ ਪਰਸ ਵਾਂਗ ਹੀ ਹੁੰਦਾ ਹੈ ਜਿਹੜਾ ਕਿ ਇੰਟਰਨੈੱਟ ਦੀ ਮਦਦ ਨਾਲ਼ ਕੰਪਿਊਟਰ ਜਾਂ ਮੋਬਾਈਲ ਰਾਹੀ ਕੋਈ ਵੀ ਖ਼ਰੀਦਦਾਰੀ ਜਾਂ ਲੈਣ-ਦੇਣ ਕਰਨ ਲਈ ਵਰਤਿਆ ਜਾਂਦਾ ਹੈ।ਇਸ ਤਰਾਂ ਦੀਆਂ ਠੱਗੀਆਂ ਤੋਂ ਬਚਣ ਲਈ ਬਹੁਤ ਸਾਵਧਾਨੀ ਦੀ ਜ਼ਰੂਰਤ ਹੈ ਕਿਉਂਕਿ ਉਹ ਠੱਗ ਤਾਂ ਹਮੇਸ਼ਾ ਘਾਤ ਲਾ ਕੇ ਸਾਈਬਰ ਹਮਲੇ ਕਰਨ ਲਈ ਸ਼ਿਕਾਰ ਦੀ ਉਡੀਕ ਵਿੱਚ ਰਹਿੰਦੇ ਹਨ।

ਅੱਜ-ਕੱਲ੍ਹ ਕਈ ਤਰਾਂ ਦੀਆਂ ਦਿਲ ਖਿਚਵੀਆਂ ਕੰਪਨੀਆਂ ਚੱਲ ਰਹੀਆਂ ਹਨ ਜਿਹੜੀਆਂ ਕਿ ਇੱਕ ਵਾਰ ਸਾਡੇ ਐਕਚੂਯਲ (ਅਸਲੀ) ਪੈਸੇ ਲਵਾਉਣ ਤੋਂ ਬਾਅਦ ਹਰ ਰੋਜ਼ ਸਾਡੇ ਵਰਚੂਅਲ (ਅਦਿੱਖ) ਖਾਤੇ ਵਿੱਚ ਪੈਸੇ ਵਧਦੇ ਹੋਏ ਦਿਖਾਉਂਦੀਆਂ ਹਨ।ਭੋਲੇ-ਭਾਲੇ ਲੋਕ ਕੰਪਨੀ ਦੀ ਵੈੱਬ-ਸਾਈਟ ’ਤੇ ਆਪਣੇ ਵਧਦੇ ਪੈਸੇ ਦੇਖ ਕੇ ਖ਼ੁਸ਼ ਹੋਈ ਜਾਂਦੇ ਹਨ ਪਰ ਕਿਸ ਰਾਤ ਨੂੰ ਇਹ ਕੰਪਨੀ ਬੰਦ ਹੋ ਜਾਵੇਗੀ ਇਹ ਕੋਈ ਨਹੀਂ ਜਾਣਦਾ ਤੇ ਉਸੇ ਰਾਤ ਉਹ ਪੈਸੇ ਸਦਾ ਲਈ ਅਦਿੱਖ ਹੋ ਜਾਂਦੇ ਹਨ।ਜ਼ਿਆਦਾ ਪੈਸੇ ਬਣਾਉਣ ਦੇ ਲਾਲਚ ਵੱਸ ਪੈ ਕੇ ਅਸੀਂ ਆਪਣੀ ਮਿਹਨਤ ਦੀ ਕਮਾਈ ਵੀ ਗਵਾ ਕੇ ਬੈਠ ਜਾਂਦੇ ਹਾਂ।ਇਸ ਤੋਂ ਇਲਾਵਾ ਆਪੋ-ਧਾਪੀ ਜ਼ਮਾਨੇ ਵਿੱਚ ਜੇਕਰ ਕੋਈ ਵਿਅਕਤੀ ਸਾਨੂੰ ਲੋੜੋਂ ਜ਼ਿਆਦਾ ਜੀਅ-ਜੀਅ ਕਰਦਾ ਹੈ ਭਾਵ ਇੱਕ ਗੱਲ ਵਿੱਚ ਤਿੰਨ-ਤਿੰਨ ਬਾਰੀ ਵੀਰ ਜੀ ਜਾਂ ਬਾਈ ਜੀ ਕਹਿੰਦਾ ਹੈ ਤਾਂ ਸਮਝੋ ਉਹ ਤੁਹਾਡੀਆਂ ਜੜਾਂ ਵੱਢਣ ਦਾ ਮੌਕਾ ਭਾਲ ਰਿਹਾ ਹੈ।ਅਜਿਹੇ ਸ਼ਾਤਿਰ ਲੋਕਾਂ ਕੋਲੋਂ ਵੀ ਸਾਨੂੰ ਬੱਚ ਕੇ ਰਹਿਣਾ ਚਾਹੀਦਾ ਹੈ।

ਹੁਣ ਸਾਰਾ ਲੈਣ-ਦੇਣ ਆਨ-ਲਾਈਨ ਹੋ ਰਿਹਾ ਹੈ।ਸਮਾਰਟ ਮੋਬਾਈਲਾਂ ਦੀ ਆਮਦ ਦੇ ਨਾਲ਼ ਸਾਨੂੰ ਵੀ ਸਮਾਜ ਵਿੱਚ ਸਮਾਰਟ ਬਣ ਕੇ ਵਿਚਰਨਾ ਪੈਣਾ ਹੈ।ਪਹਿਲਾਂ ਤਾਂ ਆਪਾਂ ਸਿਰਫ਼ ਆਪਣੇ ਜੇਬ ਵਿਚਲੇ ਬਟੂਏ ਦਾ ਹੀ ਧਿਆਨ ਰੱਖਦੇ ਸੀ ਪਰ ਹੁਣ ਇਸ ਬਟੂਏ ਦੇ ਨਾਲ਼-ਨਾਲ਼ ਈ-ਵੈਲਟ ਦਾ ਵੀ ਪੂਰਾ ਖ਼ਿਆਲ ਰੱਖਣਾ ਪੈਣਾ ਹੈ।ਸਾਡਾ ਈ-ਵੈਲਟ ਪੇ.ਟੀ.ਐਮ., ਇੰਟਰਨੈੱਟ ਬੈਂਕਿੰਗ, ਮੋਬਾਈਲ ਬੈਂਕਿੰਗ ਆਦਿ ਕਿਸੇ ਵੀ ਰੂਪ ਵਿੱਚ ਹੋ ਸਕਦਾ ਹੈ।ਜੇਕਰ ਅਸੀਂ ਇਹ ਸੋਚਦੇ ਹਾਂ ਕਿ ਸਾਡੇ ਨਾਲ਼ ਭਲਾ ਠੱਗੀ ਕੌਣ ਮਾਰੇਗਾ, ਤਾਂ ਇੱਥੇ ਇਹ ਦੱਸਣਯੋਗ ਹੈ ਕਿ ਸਾਈਬਰ ਹਮਲੇ ਹੋਣ ਦੀ ਜ਼ਿਆਦਾ ਸੰਭਾਵਨਾ ਮੱਧਵਰਤੀ ਲੋਕਾਂ ’ਤੇ ਹੀ ਹੈ। ਇਸ ਦਾ ਕਾਰਨ ਹੈ ਕਿ ਵੱਡੀਆਂ-ਵੱਡੀਆਂ ਕੰਪਨੀਆਂ ਤਾਂ ਇਹਨਾਂ ਹਮਲਿਆਂ ਤੋਂ ਬਚਣ ਲਈ ਪ੍ਰੋਫੈਸ਼ਨਲ ਲੋਕਾਂ ਦੀ ਟੀਮ ਬਣਾ ਕੇ ਰੱਖਦੀਆਂ ਹਨ ਤੇ ਉਨ੍ਹਾਂ ਕੰਪਨੀਆਂ ਦੇ ਇਲੈਕਟ੍ਰਾਨਿਕ ਡਿਵਾਈਸ ਵੀ ਹਾਈਟੈੱਕ ਸਕਿਉਰਿਟੀ ਨਾਲ ਲੈਸ ਹੁੰਦੇ ਹਨ।

ਸਾਨੂੰ ਆਪਣੇ ਈ-ਵੈਲਟ ਦਾ ਪਾਸਵਰਡ ਕੁੱਝ ਦਿਨਾਂ ਦੇ ਫ਼ਰਕ ਨਾਲ਼ ਬਦਲਦੇ ਰਹਿਣਾ ਚਾਹੀਦਾ ਹੈ। ਆਪਣਾ ਪਾਸਵਰਡ ਕਦੇ ਵੀ ਆਪਣੇ ਨਾਂ, ਜਨਮ ਮਿਤੀ, ਗੱਡੀ ਨੰਬਰ ਆਦਿ ਨਾਲ਼ ਮਿਲਦਾ-ਜੁਲਦਾ ਨਹੀਂ ਹੋਣਾ ਚਾਹੀਦਾ ਕਿਉਂਕਿ ਅਜਿਹਾ ਹੋਣ ਦੀ ਸੂਰਤ ਵਿੱਚ ਪਾਸਵਰਡ ਦੇ ਹੈੱਕ ਹੋ ਜਾਣ ਦੀਆਂ ਸੰਭਾਵਨਾਵਾਂ ਜ਼ਿਆਦਾ ਹੋ ਜਾਂਦੀਆਂ ਹਨ।ਪਾਸਵਰਡ ਕਦੇ ਵੀ ਤੇ ਕਿਸੇ ਨੂੰ ਵੀ ਦੱਸਣ ਤੋਂ ਗੁਰੇਜ਼ ਕਰੋ ਤੇ ਇਸ ਨੂੰ ਕਿਸੇ ਜਗਾ ’ਤੇ ਲਿਖ ਕੇ ਰੱਖਣ ਨਾਲ਼ੋਂ ਹਮੇਸ਼ਾ ਆਪਣੇ ਦਿਮਾਗ਼ ਵਿੱਚ ਰੱਖਣ ਦੀ ਕੋਸ਼ਿਸ਼ ਕਰੋ।ਓ.ਟੀ.ਪੀ. ਇੱਕ ਵਾਰੀ ਵਰਤਣ ਵਾਲਾ ਇੱਕ ਪਿੰਨ-ਕੋਡ ਹੁੰਦਾ ਹੈ ਜੋ ਕਿ ਈ-ਵੈਲਟ ਰਾਹੀਂ ਕੋਈ ਵੀ ਡਿਜੀਟਲ ਟਰਾਂਜੈਕਸ਼ਨ (ਲੈਣ-ਦੇਣ) ਕਰਨ ਤੋਂ ਪਹਿਲਾਂ ਸਾਡੇ ਮੋਬਾਈਲ ਵਿੱਚ ਇੱਕ ਐਸ.ਐਮ.ਐਸ ਦੇ ਰੂਪ ਵਿੱਚ ਆਉਂਦਾ ਹੈ।ਇਹ ਓ.ਟੀ.ਪੀ. (ਪਿੰਨ-ਕੋਡ) ਭਰਨ ਤੋਂ ਬਾਅਦ ਹੀ ਈ-ਵੈਲਟ ਦੀ ਟਰਾਂਜੈਕਸ਼ਨ ਸਫਲ ਮੰਨੀ ਜਾਂਦੀ ਹੈ ਇਸ ਲਈ ਓ.ਟੀ.ਪੀ. ਵੀ ਕਿਸੇ ਨਾਲ਼ ਸ਼ੇਅਰ ਨਾ ਕਰੋ।ਬੇਸ਼ੱਕ ਈ-ਵੈਲਟ ਪੂਰੀ ਤਰਾਂ ਨਾਲ਼ ਸੁਰੱਖਿਅਤ ਹੁੰਦੇ ਹਨ ਪਰ ਛੋਟੀ ਜਿਹੀ ਲਾਪਰਵਾਹੀ ਕਰ ਕੇ ਅਸੀਂ ਉਨ੍ਹਾਂ ਲੋਕਾਂ ਦੀ ਠੱਗੀ ਦਾ ਸ਼ਿਕਾਰ ਹੋ ਜਾਂਦੇ ਹਾਂ।ਕਈ ਬਾਰੀ ਹੈੱਕਰ ਫ਼ੋਨ ਕਰ ਕੇ ਵੀ ਓ.ਟੀ.ਪੀ. ਦੀ ਮੰਗ ਕਰਦੇ ਹਨ ਪਰ ਅਜਿਹੇ ਵਿੱਚ ਸਾਨੂੰ ਹਮੇਸ਼ਾ ਸਤਰਕ ਰਹਿ ਕੇ ਉਨ੍ਹਾਂ ਤੋਂ ਬਚਣਾ ਹੁੰਦਾ ਹੈ।ਮਿੱਠੀਆਂ ਤੇ ਭਰਮਾਊ ਗੱਲਾਂ ਵਿੱਚ ਆ ਕੇ ਆਪਣੇ ਮੋਬਾਈਲ ਨੰਬਰ ਨਾਲ ਜੁੜਿਆ ਕੋਈ ਵੀ ਓ.ਟੀ.ਪੀ. ਕਿਸੇ ਨੂੰ ਨਾ ਦੱਸੋ।ਇੰਟਰਨੈੱਟ ਬੈਂਕਿੰਗ ਜਾਂ ਕੋਈ ਹੋਰ ਪਾਸਵਰਡ ਬਦਲਣ ਲਈ ਓ.ਟੀ.ਪੀ. ਦੀ ਜ਼ਰੂਰਤ ਹੁੰਦੀ ਹੈ।ਅਜਿਹੇ ਵਿੱਚ ਜੇਕਰ ਕਿਸੇ ਨੂੰ ਤੁਹਾਡੇ ਬੈਂਕ ਦੀ ਆਈ.ਡੀ. ਤੇ ਪਾਸਵਰਡ ਪਤਾ ਲੱਗ ਜਾਵੇ ਤਾਂ ਉਹ ਉਸ ਨੂੰ ਓ.ਟੀ.ਪੀ. ਦੀ ਮਦਦ ਨਾਲ਼ ਬਦਲ ਵੀ ਸਕਦਾ ਹੈ।ਸਿਰਫ਼ ਇੰਨਾ ਹੀ ਨਹੀਂ ਉਹ ਤੁਹਾਡੇ ਅਕਾਊਂਟ ਤੋਂ ਤੁਹਾਡਾ ਮੋਬਾਈਲ ਨੰਬਰ ਹਟਾ ਕੇ ਕੋਈ ਦੂਜਾ ਮੋਬਾਈਲ ਨੰਬਰ ਵੀ ਜੋੜ ਸਕਦਾ ਹੈ।ਬੈਂਕ ਵਾਲੇ ਕਦੇ ਵੀ ਪਾਸਵਰਡ ਜਾਂ ਓ.ਟੀ.ਪੀ. ਦੀ ਮੰਗ ਨਹੀਂ ਕਰਦੇ।

ਪੇ.ਟੀ.ਐਮ. ਆਨ-ਲਾਈਨ ਪੈਸੇ ਟਰਾਂਸਫ਼ਰ ਕਰਨ ਲਈ ਵਰਤੀ ਜਾਣ ਵਾਲ਼ੀ ਪ੍ਰਮੁੱਖ ਐਪ ਹੈ ਜਿਹੜੀ ਕਿ ਮੋਬਾਈਲ ਫ਼ੋਨ ਰਾਹੀਂ ਸੌਖਿਆਂ ਹੀ ਚਲਾਈ ਜਾਂਦੀ ਹੈ।ਇਸ ਦੀ ਵਰਤੋਂ ਨਾਲ਼ ਅਸੀਂ ਮਿੰਟਾਂ ਵਿੱਚ ਹੀ ਪੈਸੇ ਕਿਤੇ ਵੀ ਭੇਜ ਸਕਦੇ ਹਾਂ।ਇਸ ਲਈ ਆਪਣਾ ਸਮਾਰਟ ਫ਼ੋਨ ਵੀ ਬਿਨਾ ਭਰੋਸੇ ਵਾਲੇ ਵਿਅਕਤੀ ਨੂੰ ਕਦੇ ਨਾ ਫੜਾਓ।ਹੁਣ ਮੋਬਾਈਲ ਗੁੰਮ ਹੋ ਜਾਣਾ ਸਿਰਫ਼ ਮੋਬਾਈਲ ਦੀ ਕੀਮਤ ਦੇ ਪੈਸਿਆਂ ਦਾ ਹੀ ਨੁਕਸਾਨ ਨਹੀਂ ਬਲਕਿ ਮੋਬਾਈਲ ਲੱਭਣ ਵਾਲ਼ੇ ਵਿਅਕਤੀ ਵੱਲੋਂ ਕੀਤੀ ਟਰਾਂਜੈਕਸ਼ਨ ’ਤੇ ਨਿਰਭਰ ਕਰਦਾ ਹੈ।ਇਸ ਲਈ ਈ-ਵੈਲਟ ਦੀ ਵਰਤੋਂ ਕਰਨ ਤੋਂ ਬਾਅਦ ਤੁਰੰਤ ਲਾਗ-ਆਊਟ ਕਰ ਦਿਓ ਤਾਂ ਕਿ ਮੋਬਾਈਲ ਬਗੈਰਾ ਗੁੰਮ ਹੋ ਜਾਣ ਦੀ ਸੂਰਤ ਵਿੱਚ ਕੋਈ ਵਿਅਕਤੀ ਇਹਨਾਂ ਐਪਸ ਦਾ ਦੁਰ-ਉਪਯੋਗ ਨਾ ਕਰ ਸਕੇ।

ਬੱਸ, ਉਪਰੋਕਤ ਕੁੱਝ ਸਾਵਧਾਨੀਆਂ ਵਰਤ ਕੇ ਅਸੀਂ ਨਿਸ਼ਚਿੰਤ ਹੋ ਕੇ ਬਿਨਾ ਕੋਈ ਜੋਖ਼ਮ ਉਠਾ ਕੇ ਨਵੀਂ ਤਕਨਾਲੋਜੀ ਦੇ ਹਾਣੀ ਬਣ ਸਕਦੇ ਹਾਂ।ਯਾਦ ਰਹੇ ਈ-ਵੈਲਟ ਦੀ ਸੁਰੱਖਿਆ ਅਤੇ ਸੰਭਾਲ ਆਪਣੇ ਜੇਬ ਵਾਲੇ ਬਟੂਏ ਤੋਂ ਵੀ ਜ਼ਿਆਦਾ ਜ਼ਰੂਰੀ ਹੈ।

# ਇਸ਼ਤਿਹਾਰਬਾਜ਼ੀ ਇੰਨੀ ਕਿਉਂ ਜੋਰ ਫੜ ਰਹੀ ਹੈ ?



ਪ੍ਰਭਜੋਤ ਕੌਰ ਢਿੱਲੋਂ ਮੁਹਾਲੀ
9815030221

ਹਰ ਪਾਸੇ ਲੱਗੇ ਵੱਡੇ ਵੱਡੇ ਇਸ਼ਤਿਹਾਰਾਂ ਨੂੰ ਵੇਖਕੇ ਲੱਗਦਾ ਹੈ ਕਿ ਸਾਰਾ ਕੁੱਝ ਲੋਕਾਂ ਨੂੰ ਭਰਮਾਉਣ ਲਈ ਹੀ ਕੰਮ ਕਰ ਰਿਹਾ ਹੈ।ਤਿੰਨ ਕੁ ਦਹਾਕਿਆਂ ਤੋਂ ਪਹਿਲਾਂ ਨਜਰ ਮਾਰੀਏ ਤਾਂ ਇਵੇਂ ਦਾ ਬਹੁਤਾ ਯਾਦ ਨਹੀਂ ਆ ਰਿਹਾ।ਅਸਲ ਵਿੱਚ ਜੇਕਰ ਸਮਾਨ ਚੰਗਾ ਹੋਵੇ,ਕੰਮ ਚੰਗਾ ਹੋਵੇ,ਬੋਲ ਬਣੀ ਚੰਗੀ ਹੋਵੇ ਤਾਂ ਲੋਕ ਆਪਣੇ ਆਪ ਹੀ ਨਾਲ ਜੁੜੇ ਰਹਿੰਦੇ ਹਨ।ਪੁਰਾਣੇ ਸਮਿਆਂ ਵਿੱਚ ਲੋਕ ਦੋ ਤਿੰਨ ਪੀੜ੍ਹੀਆਂ ਇਕ ਹੀ ਕੱਪੜੇ ਵਾਲੇ ਕੋਲੋਂ,ਇਕ ਹੀ ਬਾਣੀਏ ਕੋਲੋਂ ਸਮਾਨ ਖਰੀਦਦੇ।ਨਾ ਕਿਸੇ ਨੂੰ ਇਸ਼ਤਿਹਾਰਾਂ ਤੇ ਪੈਸੇ ਖਰਚਣ ਦੀ ਜ਼ਰੂਰਤ ਮਹਿਸੂਸ ਹੁੰਦੀ ਸੀ ਅਤੇ ਨਾ ਕੋਈ ਇਸ ਤੇ ਪੈਸੇ ਲਗਾਉਣ ਲਈ ਸੋਚਦਾ ਅਤੇ ਨਾ ਇਹਦਾ ਕੋਈ ਰਿਵਾਜ਼ ਸੀ। ਪਰ ਸਮੇਂ ਦੇ ਨਾਲ ਬਹੁਤ ਕੁੱਝ ਬਦਲਿਆ, ਇਹ ਬਦਲਾਅ ਵਪਾਰ ਵਿੱਚ ਵੀ ਵੇਖਣ ਨੂੰ ਮਿਲਿਆ ਅਤੇ ਸਿਆਸਤ ਵਿੱਚ ਵੀ।ਪਹਿਲਾਂ ਆਪਾਂ ਵਪਾਰ ਦੀ ਗੱਲ ਕਰਦੇ ਹਾਂ। ਇਸ਼ਤਿਹਾਰਾਂ ਦੀ ਇਕ ਵੱਖਰੀ ਇੰਡਸਟਰੀ ਬਣ ਗਈ ਹੈ।ਛੋਟੀ ਤੋਂ ਛੋਟੀ ਚੀਜ਼ ਦੀ ਮਸ਼ਹੂਰੀ ਲਈ ਵੱਡੇ ਵੱਡੇ ਇਸ਼ਤਿਹਾਰ ਲਗਾਏ ਜਾਂਦੇ ਹਨ।ਇਸ ਵਿੱਚ ਬਹੁਤ ਕੁੱਝ ਫਾਲਤੂ ਵੀ ਲੱਗਦਾ ਹੈ।ਇਸ ਵਿੱਚ ਲੜਕੀਆਂ ਦੀ ਵਰਤੋਂ ਕਈ ਵਾਰ ਬੇਮਤਲਬ ਕੀਤੀ ਹੁੰਦੀ ਹੈ।ਸ਼ਾਇਦ ਸਾਡੀ ਮਾਨਸਿਕਤਾ ਨੇ ਲੜਕੀਆਂ ਨੂੰ ਵਰਤਣ ਦਾ ਕੰਮ ਸ਼ੁਰੂ ਕਰ ਦਿੱਤਾ ਹੈ।ਅਸਲ ਵਿੱਚ ਬੇਤਹਾਸ਼ਾ ਸਮਾਨ ਰੋਜ ਬਾਜ਼ਾਰ ਵਿੱਚ ਆ ਰਿਹਾ ਹੈ।ਹਰ ਜਗ੍ਹਾ ਸਖਤ ਮੁਕਾਬਲਾ ਹੈ।ਵਿਉਪਾਰ ਚਲਾਉਣ ਲਈ ਫੇਰ ਇਸ਼ਤਿਹਾਰਾਂ ਤੇ ਜੋਰ ਦਿੱਤਾ ਜਾਂਦਾ ਹੈ।ਇਸ ਇਸ਼ਤਿਹਾਰਬਾਜ਼ੀ ਨਾਲ ਉਸ ਚੀਜ਼ ਦੀ ਕੀਮਤ ਵੀ ਵਧੇਰੇ ਰੱਖਣੀ ਪੈਂਦੀ ਹੈ।ਇਸਦਾ ਬੋਝ ਵੀ ਗਾਹਕਾਂ ਤੇ ਪੈਂਦਾ ਹੈ।ਕਈ ਵਾਰ ਤਾਂ ਚੀਜ਼ ਵੇਖਣ ਤੇ ਲੱਗਦਾ ਹੈ ਕਿ ਇਸਦੀ ਕੀਮਤ ਲੋੜ ਨਾਲੋਂ ਵੱਧ ਹੈ।ਅੱਜਕਲ੍ਹ ਬਰੈਂਡਿਡ ਚੀਜ਼ਾਂ ਦਾ ਭੂਤ ਨੌਜਵਾਨ ਪੀੜ੍ਹੀ ਨੂੰ ਉਜਾੜ ਰਿਹਾ ਹੈ।ਕਈ ਵਾਰ ਦੋ ਕੁ ਗਿੱਠ ਦੀ ਕਮੀਜ ਜਾਂ ਟੀ ਸ਼ਰਟ ਹੁੰਦੀ ਹੈ,ਪਰ ਕੀਮਤ ਹਜ਼ਾਰਾਂ ਰੁਪਏ ਹੁੰਦੀ ਹੈ।ਛੋਟੇ ਬੱਚਿਆਂ ਦੇ ਕੱਪੜਿਆਂ ਦਾ ਵੀ ਇਹ ਹੀ ਹਾਲ ਹੈ।ਗੱਲ ਤਾਂ ਮਸ਼ਹੂਰੀ ਦੀ ਹੈ ਜੇਕਰ ਸਹੀ ਤਰੀਕੇ ਨਾਲ ਲੋਕਾਂ ਦੇ ਦਿਮਾਗ਼ ਵਿੱਚ ਪਾਉਣ ਵਿੱਚ ਸਫਲ ਹੋ ਗਏ ਤਾਂ ਵਾਰੇ ਨਿਆਰੇ ਨੇ।

ਇੰਜ ਹੀ ਜੇਕਰ ਗੱਲ ਸਿਆਸਤ ਦੀ ਕਰੀਏ ਤਾਂ ਇਹ ਹੁਣ ਸੇਵਾ ਨਹੀਂ ਰਹੀ।ਇਹ ਵੀ ਵਿਉਪਾਰ ਹੀ ਹੈ।ਅਸੀਂ ਪਿੱਛਲੇ ਕੁੱਝ ਦਹਾਕਿਆਂ ਤੋਂ ਵੇਖ ਰਹੇ ਹਾਂ ਕਿ ਇਸ਼ਤਿਹਾਰਬਾਜ਼ੀ ਨੇ ਬਹੁਤ ਜੋਰ ਫੜਿਆ ਹੈ।ਚੋਣਾਂ ਵੇਲੇ ਕੋਈ ਦਰੱਖਤ,ਕੋਈ ਖੰਭਾਂ ਜਾਂ ਸੜਕਾਂ ਤੇ ਲੱਗੀ ਰੇਲਿੰਗ,ਹੋਰਡਿੰਗ ਤੋਂ ਬਗੈਰ ਨਹੀਂ ਹੁੰਦੀ।ਕੋਈ ਵੀ ਪਾਰਟੀ ਪਿੱਛੇ ਨਹੀਂ ਹੈ।ਪਰ ਕਈ ਵਾਰ ਮਸ਼ਹੂਰੀ ਵੀ ਕੰਮ ਨਹੀਂ ਆਉਂਦੀ।ਸੰਨ 2022 ਦੀਆਂ ਵਿਧਾਨ ਸਭਾ ਚੋਣਾਂ ਨੇ ਇਹ ਸਾਬਤ ਕਰ ਦਿੱਤਾ ਕਿ ਕਈ ਵਾਰ ਵਧੇਰੇ ਮਸ਼ਹੂਰੀ ਵੀ ਲੋਕਾਂ ਨੂੰ ਆਪਣੇ ਵੱਲ ਨਹੀਂ ਖਿੱਚਦੀ।ਹਕੀਕਤ ਇਹ ਹੈ ਕਿ ਮਾਲ,ਸਮਾਨ ਅਤੇ ਕੀਤੇ ਕੰਮ ਵੀ ਤਾਂ ਬੋਲਣੇ ਚਾਹੀਦੇ ਹਨ।ਇਕੱਲੀ ਮਸ਼ਹੂਰੀ ਵੀ ਲੈ ਡੁੱਬਦੀ ਹੈ।ਲੋਕਾਂ ਨੇ ਵੋਟਾਂ ਪਾਉਣੀਆਂ ਨੇ,ਲੋਕਾਂ ਨੂੰ ਜੋ ਸਹੂਲਤਾਂ ਮਿਲਣਗੀਆਂ, ਰਿਸ਼ਵਤ ਅਤੇ ਭ੍ਰਿਸ਼ਟਾਚਾਰ ਖਤਮ ਹੋਣ ਨਾਲ ਦਫਤਰਾਂ ਵਿੱਚ ਜੇ ਲੁੱਟ ਬੰਦ ਹੋ ਜਾਵੇ ਤਾਂ ਵੱਡੀਆਂ ਵੱਡੀਆਂ ਹੋਰਡਿੰਗ ਲਗਾਕੇ ਕੀਤੇ ਕੰਮ ਲੋਕਾਂ ਨੂੰ ਦੱਸਣ ਦੀ ਲੋੜ ਹੀ ਨਹੀਂ ਹੈ।ਲੋਕਾਂ ਨੇ ਆਪਣਾ ਨੁਕਸਾਨ ਬਹੁਤ ਕਰ ਲਿਆ ਹੈ,ਕੁੱਝ ਤਾਂ ਹੁਣ ਸਮਝ ਆ ਗਈ ਹੈ ਕਿ ਮਸ਼ਹੂਰੀ ਦੇ ਪਿੱਛੇ ਅਤੇ ਸਾਂਝਾਂ ਵੇਖਕੇ ਬਣਾਈਆਂ ਸਰਕਾਰਾਂ ਨੇ ਸਾਡਾ ਕੁੱਝ ਨਹੀਂ ਕੀਤਾ।ਇਸ ਸਰਕਾਰ ਨੂੰ ਲੋਕਾਂ ਨੇ ਬਦਲਾਅ ਲਿਆਉਣ ਲਈ ਚੁੱਪ ਚਾਪ ਵੋਟ ਪਾਈ।ਇਸ ਵਾਰ ਨਾ ਇਸ਼ਤਿਹਾਰਾਂ ਦਾ ਜਾਦੂ ਚੱਲਿਆ ਅਤੇ ਨਾ ਮੁਫਤ ਸ਼ਰਾਬਾਂ ਤੇ ਪੈਸਿਆਂ ਦਾ। ਇੰਜ ਲੱਗਦਾ ਹੈ ਜਿਵੇਂ ਵਿਖਾਵਾ ਭਾਰੂ ਹੋ ਗਿਆ ਅਤੇ ਮਸ਼ਹੂਰੀ ਵਾਲੀਆਂ ਕੰਪਨੀਆਂ ਦੀ ਵਧੇਰੇ ਚੜ੍ਹਤ ਹੋ ਗਈ ਹੈ।ਇੰਜ ਲੱਗਦਾ ਹੈ ਜਿਵੇਂ ਸਿਆਸਤਦਾਨਾਂ ਨੂੰ ਆਪਣੇ ਕੀਤੇ ਕੰਮਾਂ ਤੇ ਯਕੀਨ ਹੀ ਨਹੀਂ।ਹਰ ਕੋਈ ਆਪਣੀ ਮੈਂ ਵੱਡੀ ਹੋਰਡਿੰਗ ਲਗਾਕੇ ਵਿਖਾਉਣਾ ਚਾਹੁੰਦਾ ਹੈ।ਇਕ ਗਾਣਾ ਯਾਦ ਆ ਗਿਆ, “ਯੇ ਪਬਲਿਕ ਹੈ,ਸਭ ਜਾਣਤੀ ਹੈ।ਅੰਦਰ ਕਿਆ ਹੈ,ਬਾਹਰ ਕਿਆ ਹੈ ਸਭ ਜਾਣਤੀ ਹੈ।“

# ਸੀਖਾਂ ਆਲੀ ਡੱਬੀ





ਮੱਖਣ ਸ਼ੇਰੋਂ ਵਾਲਾ
ਪਿੰਡ ਤੇ ਡਾਕ ਸ਼ੇਰੋਂ
ਸੰਪਰਕ 98787-98726

ਹਾਕਮ ਸਿਉਂ ਇੱਕ ਮਜਦੂਰ ਬੰਦਾ। ਨਾ ਧੀ ਨਾ ਪੁੱਤ। ਘਰ ਵਿੱਚ ਦੋਵੇਂ ਪਤੀ ਪਤਨੀ ਵਕਤ ਗੁਜਾਰਾ ਕਰਦਿਆ। ਬੁੱਢੀ ਉਮਰ ਹੋਈ ਬਿਮਾਰੀਆਂ ਘੇਰ ਲੈਂਦੀਆਂ। ਹਾਕਮ ਸਿਉਂ ਦੇ ਘਰ ਵਾਲੀ ਕਿਸੇ ਭੈੜੇ ਰੋਗ ਦੀ ਰੋਗਣ ਹੋ ਗਈ।ਲੱਗੋ ਲੱਗ ਹੋਈ ਜਾਂਦੀ। ਦਿਹਾੜੀ ਨਾਲ ਕੀ ਕੀ ਹੁੰਦਾ। ਇੱਕ ਦਿਨ ਸਵੇਰੇ ਹੀ ਆਪਣੇ ਕੰਮ ਤੇ ਚਲਾ ਗਿਆ। ਓਹ ਭੱਠੇ ਤੇ ਪਥੇਰ ਕਰਦਾ ਸੀ। ਉਥੇ ਜਾ ਕੇ ਨਾਲ ਕੰਮ ਕਰਦਿਆਂ ਨੂੰ ਕਿਹਾ ਓ ਸ਼ੇਰਾ ਚਾਹ ਦੀ ਘੁੱਟ ਪਿਲਾ।ਅੱਜ ਤਾਂ ਚਾਹ ਵੀ ਨਸੀਬ ਨਹੀਂ ਹੋਈ।ਉਹਨਾਂ ਕਿਹਾ ਚਾਹ ਪਈਆ ਅਸੀਂ ਲੈ ਕੇ ਆਉਂਦਿਆ ਰੋਜ ਆਜਾ ਪੀ ਲੈ। ਬਾਬੇ ਕਿਉਂ ਬੇਬੇ ਠੀਕ ਨਹੀਂ। ਅੱਜ ਦੁੱਧ ਨਹੀਂ ਹੋਣ ? ਜਾਂ ਬਾਲਣ ਨਹੀਂ ਹੋਣਾ ? ਜਾਂ ਮਿੱਠਾ ਪੱਤੀ ਨਹੀਂ ਹੋਣੀ। ਉਹ ਆਪਿਸ ਚ ਦੋ ਜਣੇ ਗੱਲਾਂ ਕਰਦੇ ਰਹੇ। ਹਾਕਮ ਸਿਉਂ ਬੋਲਿਆ। ਸ਼ੇਰੋ ਸਭ ਕੁੱਝ ਸੀ। ਪਰ ਅੱਜ ਅੱਗ ਮਚਾਉਂਣ ਲਈ ਸੀਖਾਂ ਆਲੀ ਡੱਬੀ ਨਹੀਂ ਸੀ। ਐਨੇ ਜਲਦੀ ਕੀਹਦਾ ਗੇਟ ਖੁਲਾਉਂਦਾ। ਕਦੇ ਕਿਸੇ ਨੂੰ ਖੰਗਣ ਨਹੀਂ ਦਿੰਦੇ ਸੀ। ਵਕਤ ਦੀ ਮਾਰ ਮਾਰਕੇ ਰੱਖ ਦਿੰਦੀਆ। ਇਹ ਵਕਤ ਕਦੇ ਕਿਸੇ ਤੇ ਨਾ ਪਵੇ। ਇਹ ਕਹਿ ਕੇ ਭਰੇ ਜਿਹੇ ਮਨ ਨਾਲ ਹਾਕਮ ਸਿਉਂ ਆਪਣੇ ਕੰਮ ਨੂੰ ਲੱਗ ਗਿਆ।



# ਹੱਸਣ ਦੀ ਆਦਤ ਪਾ ਸੱਜਣਾ

ਹੱਸਦੇ ਰਹਿਣ ਵਾਲਾ ਮਨੁੱਖ ਆਪਣੀ ਜ਼ਿੰਦਗੀ ਦੀਆਂ ਔਖੀਆਂ ਘੜੀਆਂ ਨੂੰ ਵੀ ਬੜੇ ਸਬਰ, ਸਹਿਣਸ਼ੀਲ਼ਤਾ ਅਤੇ ਠਰੰਮ੍ਹੇ ਨਾਲ ਲੰਘਾ ਲੈਂਦਾ ਹੈ ਜਦਕਿ ਇਸ ਦੀ ਉਲਟ ਉਦਾਸ ਅਤੇ ਚਿੰਤਾਤੁਰ ਰਹਿਣ ਵਾਲਾ ਵਿਅਕਤੀ ਆਪਣੇ ਸਮੇਂ ਦੇ ਨਾਲ ਸਿਹਤ ਦਾ ਵੀ ਵੱਡਾ ਨੁਕਸਾਨ ਕਰ ਬੈਠਦਾ ਹੈ। ਸ਼ਾਇਦ ਇਸੇ ਕਰਕੇ ਕਿਹਾ ਗਿਆ 'ਹੱਸਦਿਆਂ ਤੇ ਘਰ ਵੱਸਦੇ'। ਇਸ ਲਈ ਜ਼ਰੂਰੀ ਹੈ ਕਿ ਜ਼ਿੰਦਗੀ ਵਿੱਚਲੇ ਉਦਾਸੀ ਦੇ ਹਨ੍ਹੇਰਿਆਂ ਨੂੰ ਚੀਰ ਕੇ, ਖਿੜਖਿੜਾ ਕੇ ਹੱਸਦੇ ਹੋਏ, ਅਨੰਦ ਮੰਗਲ ਜੀਵਣ ਜਿਊਣ ਕੋਸ਼ਿਸ਼ ਹੀ ਨਹੀਂ ਬਲਕਿ ਖੁਸ਼ੀਆਂ ਖੇੜਿਆਂ ਭਰੀ ਜਿੰਦਗੀ ਜੀਵਿਆ ਕਰੀਏ। ਕਿਹਾ ਜਾਂਦਾ ਹੈ ਕਿ, 'ਜਦੋਂ ਤੁਸੀਂ ਹੱਸਦੇ ਹੋ ਤਾਂ ਪ੍ਰਮਾਤਮਾ ਦੀ ਪ੍ਰਾਥਨਾ ਕਰਨ ਦੇ ਬਰਾਬਰ ਹੈ ਅਤੇ ਜਦੋਂ ਤੁਸੀਂ ਕਿਸੇ ਹਸਾਉਂਦੇ ਹੋ ਤਾਂ ਇਵੇਂ ਹੈ ਕਿ ਪ੍ਰਮਾਤਮਾ ਤੁਹਾਡੇ ਲਈ ਪ੍ਰਾਥਨਾ ਕਰ ਰਿਹਾ ਹੈ।' ਇਹ ਮੰਨਿਆ ਜਾਂਦਾ ਹੈ ਕਿ, 'ਹਾਸਾ ਇਕ ਇਹੋ ਜਿਹਾ ਹਾਂ-ਪੱਖੀ ਅਤੇ ਸ਼ਕਤੀਸ਼ਾਲੀ ਅਹਿਸਾਸ ਹੈ, ਜੋ ਸਾਨੂੰ ਨਿੱਜੀ ਤੌਰ ਤੇ ਅਤੇ ਦੁਨੀਆ ਨੂੰ ਬੜੇ ਹੀ ਅਨੰਦਮਈ ਸ਼ਾਂਤੀ ਭਰੇ ਅਤੇ ਹਾਂ ਪੱਖੀ ਰਸਤੇ ਤੇ ਲਿਜਾਣ ਦੀ ਸਮਰੱਥਾ ਰੱਖਦਾ ਹੈ।ਹੱਸਣਾ ਅਤੇ ਹਸਾਉਣਾ ਇੱਕ ਕਲਾ ਹੈ। ਇਸੇ ਹੀ ਸੰਦਰਭ ਵਿੱਚ ਪੰਜਾਬੀ ਦੀ ਇੱਕ ਕਹਾਵਤ ਵੀ ਬੜੀ ਮਸ਼ਹੂਰ ਹੈ ਕਿ, 'ਹਾਸਾ ਨਿਰਾ ਪਤਾਸਾ, ਰੋਣਾ ਉਮਰਾਂ ਦਾ ਧੋਣਾ।' ਅਫਸੋਸ ਕਿ ਹੱਸਣ ਨੂੰ ਅੰਧਵਿਸ਼ਵਾਸ਼ ਨਾਲ ਜੋੜ ਕੇ ਬੱਚਿਆਂ ਤੋਂ ਲੈ ਕੇ ਵੱਡਿਆਂ ਤੱਕ ਦੀ ਮਾਨਸਿਕਤਾ ਨੂੰ ਤਾਲਾ ਲਗਾ ਦਿੱਤਾ, ਅਖੇ, ਜਿਆਦਾ ਹੱਸਣ ਤੋਂ ਬਾਅਦ ਜਿਆਦਾ ਹੀ ਰੋਣਾ ਪੈਂਦਾ ਹੈ।

ਖੁਸ਼ ਰਹਿਣ ਨੂੰ ਇੱਕ ਕਲਾ ਮੰਨਿਆ ਗਿਆ, ਪਰ ਇਹ ਵੀ ਸੱਚ ਹੈ ਕਿ ਅਜੋਕੇ ਦੌਰ ਵਿੱਚ ਇਹ ਕਲਾ ਕਿਸੇ ਵਿਰਲੇ ਦੇ ਹੀ ਵੱਸ ਵਿੱਚ ਹੈ। ਜਿਸਦਾ ਮੁੱਖ ਕਾਰਨ ਪਦਾਰਥਵਾਦ ਵਿੱਚ ਮਨੁੱਖਤਾ ਦਾ ਖਚਿੱਤ ਹੋ ਜਾਣਾ, ਪੈਸੇ ਦੀ ਦੌੜ, ਚਮਕ-ਦਮਕ ਵਾਲੀ ਜਿੰਦਗੀ ਦੇ ਪਿੱਛੇ ਭੱਜਣਾ, ਰਿਸ਼ਤਿਆਂ ਵਿੱਚ ਖਟਾਸ ਪੈਦਾ ਹੋ ਜਾਣਾ, ਤਕਨਾਲੌਜੀ ਵਿੱਚ ਵਿਅਸਤ ਹੋ ਜਾਣਾ, ਦਿੱਸਣ ਵਾਲੀਆਂ ਮਹਿੰਗੀਆਂ ਸ਼ੈਆਂ ਨੂੰ ਖ੍ਰੀਦਣ ਜਾਂ ਅਪਨਾਉਣ ਬਾਰੇ ਸੋਚਦੇ ਰਹਿਣਾ, ਦੌਲਤ-ਸ਼ੌਹਰਤ ਨੂੰ ਹੀ ਜਿੰਦਗੀ ਦਾ ਮਕਸਦ ਮੰਨ ਬੈਠਣਾ ਆਦਿ। ਪਾਵਣ ਗੁਰੂ-ਬਾਣੀ ਸਮਝਾਉਂਦੀ ਹੈ, 'ਦ੍ਰਿਸਟਿਮਾਨ ਸਭੁ ਬਿਨਸੀਐ' ਭਾਵ ਜੋ ਕੁੱਝ ਵੀ ਤੂੰ ਇਸ ਸੰਸਾਰ ਵਿੱਚ ਦੇਖ ਰਿਹਾ ਹਾਂ, ਇਹ ਸੱਭ ਕੁੱਝ ਬਿਨਸਣਹਾਰ ਭਾਵ ਨਾਸ਼ਮਾਨ ਹੈ ਅਤੇ ਰਹੀ ਗੱਲ ਇੱਕ ਵਾਰ ਇਹਨਾਂ ਚੀਜ਼ਾਂ/ਪਦਾਰਥਾਂ ਨੂੰ ਆਪਣਾ ਬਣਾਉਣ ਦੀ ਤਾਂ ਜਪੁਜੀ ਸਾਹਿਬ ਵਿੱਚ ਗੁਰੂ ਨਾਨਕ ਸਾਹਿਬ ਜੀ ਦੇ ਬਚਨ ਬੜੇ ਕਮਾਲ ਦੇ ਹਨ, 'ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ' ਕਿ ਤ੍ਰਿਸ਼ਨਾ ਤਾਂ ਸਾਰੇ ਭਵਣਾਂ ਦੇ ਖਜ਼ਾਨੇ ਇੱਕਠੇ ਕਰਨ ਤੋਂ ਬਆਦ ਵੀ ਖਤਮ ਨਹੀਂ ਹੋਣੀ ਤਾਂ ਫਿਰ ਕਿਉਂ ਇਹਨਾਂ ਪਿੱਛੇ ਲੱਗ ਕੇ ਆਪ ਦੁਖੀ ਹੋਣਾ ਅਤੇ ਹੋਰਨਾਂ ਨੂੰ ਦੁਖੀ ਕਰਨਾ। ਇਸ ਬਾਬਤ ਗੁਰੂਬਾਣੀ ਵਿੱਚ ਬਹੁਤ ਸੁਹਣਾ ਦ੍ਰਿਸ਼ਟਾਂਤ ਮਿਲਦਾ ਹੈ, 'ਵਿਣੁ ਤੁਧੁ ਹੋਰੁ ਜੇ ਮੰਗਣਾ ਸਿਰਿ ਦੁਖਾ ਕੈ ਦੁਖ ॥ ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ' ਕਿ ਸੰਸਾਰ ਵਿੱਚ ਜਨਮ ਲੈਣ ਤੋਂ ਬਾਅਦ ਰੱਬੀ ਗੁਣਾਂ ਦੇ ਨਾਲ ਸਾਂਝ ਪਾ ਲੈਣੀ ਹੀ ਅਸਲ ਸੁੱਖ ਹੈ ਅਤੇ ਇਹੋ ਇੱਕ ਢੰਗ ਹੈ ਜਿਸ ਨਾਲ ਅਸੀਂ ਪ੍ਰਮਾਤਮਾ ਨਾਲ ਸਾਂਝ ਪਾ ਕੇ ਐਸਾ ਰੱਜ, ਸਬਰ, ਸੰਤੋਖ ਅਤੇ ਸਹਿਨਸ਼ੀਲਤਾ ਆਪਣੇ ਮਨ ਅੰਦਰ ਪੈਦਾ ਕਰ ਸਕਦੇ ਹਾਂ ਜੋ ਦੁਨਿਆਵੀ ਤੌਰ ਤੇ ਨਾ ਤਾਂ ਖ੍ਰੀਦਿਆ ਜਾ ਸਕਦਾ ਹੈ ਨਾ ਹੀ ਹੱਟਾਂ ਤੇ ਵਿਕਦਾ ਹੈ।

ਜ਼ਿਕਰਯੋਗ ਹੈ ਕਿ ਹੱਸਣ ਦਾ ਸਿੱਧਾ ਸਬੰਧ ਸਾਡੇ ਸੁਭਾਅ ਅਤੇ ਆਲੇ ਦੁਆਲੇ ਦੇ ਮਾਹੌਲ 'ਤੇ ਨਿਰਭਰ ਕਰਦਾ ਹੈ, ਪਰ ਵਿਗਿਆਨਕ ਤੌਰ ਤੇ ਹੱਸਣ ਦੇ ਬਹੁਤ ਸਾਰੇ ਫਾਇਦੇ ਹੁੰਦੇ ਹਨ। ਮੈਰੀਲੈਂਡ ਯੂਨੀਵਰਸਿਟੀ ਦੇ ਡਾ. ਜੂਡੀ ਅਨੁਸਾਰ ਹੱਸਣ ਨਾਲ ਦਿਲ, ਫੇਫੜੇ ਤੇ ਜਿਗਰ ਦੀ ਕਸਰਤ ਹੁੰਦੀ ਹੈ ਅਤੇ ਖੁੱਲ੍ਹ ਕੇ ਹੱਸਣ ਨਾਲ ਸਾਡੇ ਸਰੀਰ ਅੰਦਰ ਊਰਜਾ ਪੈਦਾ ਹੁੰਦੀ ਹੈ ਤੇ ਪਾਚਣ ਸ਼ਕਤੀ ਨਾਲ ਸਬੰਧਤ ਰੋਗ ਠੀਕ ਹੁੰਦੇ ਹਨ, ਇਸ ਦੇ ਨਾਲ ਹੀ ਪੱਠਿਆਂ ਦਾ ਖਿਚਾਅ, ਤਣਾਅ ਵਾਲੇ ਹਾਰਮੋਨਜ਼, ਬੀ ਪੀ ਅਤੇ ਦਿਲ ਦੇ ਦੌਰੇ ਦਾ ਖਤਰਾ ਵੀ ਘੱਟ ਜਾਂਦਾ ਹੈ। ਇੱਕ ਖੋਜ ਅਨੁਸਾਰ 'ਹਾਸਾ ਸਾਡੇ ਤਣਾਅ ਨੂੰ ਘੱਟ ਕਰਕੇ ਮਾਨਸਿਕ ਤੌਰ 'ਤੇ ਸੰਤੁਸ਼ਟੀ ਦਿੰਦਾ ਹੈ।'

ਪੰਜਾਬੀ ਲੋਕ ਗੀਤਾਂ ਅਤੇ ਬੋਲੀਆਂ ਵਿੱਚ ਤਾਂ ਹਾਸੇ ਦੀ ਵਿਸ਼ੇਸ਼ ਥਾਂ ਹੈ:

ਇਹ ਦੁਨੀਆਂ ਮੰਡੀ ਪੈਸੇ ਦੀ, ਹਰ ਚੀਜ਼ ਵਿਕਦੀ ਏ ਭਾਅ ਸੱਜਣਾ<br>
ਇੱਥੇ ਰੋਂਦੇ ਚਿਹਰੇ ਨਹੀਂ ਵਿਕਦੇ, ਹੱਸਣ ਦੀ ਆਦਤ ਪਾ ਸੱਜਣਾ।'

ਚਿੱਟੇ ਦੰਦ ਹੱਸਣੋਂ ਨਾ ਰਹਿੰਦੇ, ਲੋਕੀ ਭੈੜੇ ਸ਼ੱਕ ਕਰਦੇ।

ਹੱਸਦਿਆਂ ਦੇ ਘਰ ਵੱਸਦੇ।

ਹਾਸਾ ਨਿਰਾ ਪਤਾਸਾ, ਰੋਣਾ ਉਮਰਾਂ ਦਾ ਧੋਣਾ।

ਪੁਰਾਣੇ ਸਮੇਂ ਵਿੱਚ ਸਿਆਣੇ ਬਜ਼ੁਰਗ 'ਹਮੇਸ਼ਾਂ ਹਸੱਦੇ ਵੱਸਦੇ ਰਹੋ' ਦੀ ਆਸੀਸ ਦਿਆ ਕਰਦੇ ਸਨ। ਵੈਸੇ ਵੀ ਹਸਮੁੱਖ ਇਨਸਾਨ ਕਿਸ ਨੂੰ ਚੰਗਾ ਨਹੀਂ ਲੱਗਦਾ ਅਤੇ ਹਰ ਕੋਈ ਆਪਣੇ ਆਪ ਨੂੰ ਖੁਸ਼ ਰੱਖਣਾ ਚਾਹੁੰਦਾ ਹੈ, ਭਾਵੇਂ ਜਿੰਦਗੀ ਵਿੱਚ ਆਉਣ ਵਾਲੇ ਉਤਰਾਅ-ਚੜਾਅ ਸਾਡੀ ਜਿੰਦਗੀ ਦਾ ਹਿੱਸਾ ਹਨ ਅਤੇ ਸੁੱਖ-ਦੁੱਖ ਸਾਡੀ ਜਿੰਦਗੀ ਦਾ ਇੱਕ ਜ਼ਰੂਰੀ ਅਹਿਸਾਸ ਹੈ। ਦੁੱਖਾਂ ਦੇ ਵਿੱਚ ਦੁੱਖੀ ਹੋਣਾ ਜਾਂ ਰੋਣਾ ਵੀ ਜ਼ਰੂਰੀ ਹੈ, ਪਰ ਦੁੱਖਾਂ ਦੇ ਵੱਡੇ ਵੱਡੇ ਪਹਾੜਾਂ ਨੂੰ ਵੀ ਸਾਡੀ ਇੱਕ ਛੋਟੀ ਜਿਹੀ ਮੁਸਕਰਾਹਟ ਸਾਨੂੰ ਅਜਿਹੇ ਪਹਾੜ ਪਾਰ ਕਰਨ ਦੀ ਸਮਰੱਥਾ ਬਖਸ਼ਣ ਦਾ ਬਲ ਰੱਖਦੀ ਹੈ। ਕਿਉਂਕਿ ਦੁੱਖ ਦੀ ਗੱਲ ਕਰੀਏ ਤਾਂ ਹਰ ਘਰ ਪਰਿਵਾਰ ਵਿੱਚ ਅਤੇ ਹਰ ਮਨੁੱਖ ਦੇ ਜੀਵਣ ਵਿੱਚ ਕਿਸੇ ਨਾ ਕਿਸੇ ਰੂਪ ਵਿੱਚ ਦੁੱਖ ਮੌਜੂਦ ਹੈ, ਭਾਵੇਂ ਕਿ ਉਸਦਾ ਰੂਪ ਕੋਈ ਵੀ ਕਿਸੇ ਵੀ ਤਰ੍ਹਾਂ ਦਾ ਹੋਵੇ, ਕਿਉਂਕਿ ਦੁੱਖ ਤਾਂ ਦੁੱਖ ਹੈ, ਇਸ ਨੂੰ ਛੋਟਾ ਜਾਂ ਵੱਡਾ ਕਹਿ ਕੇ ਮਾਪਣਾ ਔਖਾ ਹੈ ਅਤੇ ਇਸ ਗੱਲ ਦੀ ਗਵਾਹੀ ਬਾਬਾ ਫਰੀਦ ਜੀ ਨੇ ਗੁਰਬਾਣੀ ਅੰਦਰ ਬੜੀ ਕਮਾਲ ਦੀ ਦਿੱਤੀ ਹੈ 'ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ ॥ ਊਚੇ ਚੜਿ ਕੈ ਦੇਖਿਆ ਤਾਂ ਘਰਿ ਘਰਿ ਏਹਾ ਅਗਿ ॥' (ਅੰਗ ੧੩੮੨) ਉੱਥੇ ਜਗਤ ਗੁਰੂ, ਗੁਰੂ ਨਾਨਕ ਪਾਤਸ਼ਾਹ ਦੇ ਸ਼ਬਦ, 'ਨਾਨਕ ਦੁਖੀਆ ਸਭੁ ਸੰਸਾਰ' ਵੀ ਸੰਸਾਰ ਦੇ ਅੰਦਰਲੇ ਹਾਲਤ ਦੇਖਕੇ ਅੱਜ ਵੀ ਬੜੇ ਵਾਜ਼ਬ ਲੱਗਦੇ ਹਨ। ਤਾਂ ਹੀ ਤਾਂ ਕਿਹਾ ਜਾਂਦਾ ਹੈ ਹਾਸਾ ਵੰਡੀਏ ਤਾਂ ਹਾਸਾ ਦੁੱਗਣਾ ਵੱਧਦਾ ਹੈ ਅਤੇ ਦੁੱਖ ਵੰਡੀਏ ਤਾਂ ਦੁੱਖ ਘੱਟਦਾ ਹੈ। ! ਵਿਸ਼ੇ ਵੱਲ ਆਈਏ ਤਾਂ ਇੱਕ ਗੱਲ ਤਾਂ ਪੱਕੀ ਹੈ, ਗੁਰਬਾਣੀ ਅੰਦਰ ਜੀਵਣ ਜਾਂਚ ਸਮਝਾਉਂਦਿਆਂ ਪ੍ਰਮਾਤਮਾ ਦੀ ਪ੍ਰਾਪਤੀ ਕਰਨ ਹਿੱਤ ਬੜਾ ਖ਼ੂਬਸੂਰਤ ਜ਼ਿਕਰ ਕੀਤਾ ਹੈ ਕਿ, 'ਨਾਨਕ ਸਤਿਗੁਰਿ ਭੇਟੀਐ ਪੂਰੀ ਹੋਵੈ ਜੁਗਤਿ ॥ ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ ॥' (ਅੰਗ ੫੨੨) ਭਾਵ ਜੇ ਸੱਚੇ ਗੁਰੂ ਦੇ ਲੜ ਲੱਗ ਜਾਈਏ ਤਾਂ ਜੀਵਣ ਜਿਊਣ ਦੀ ਜਾਚ ਆ ਜਾਂਦੀ ਅਤੇ ਫਿਰ ਇਸ ਤਰ੍ਹਾਂ ਹੱਸਦਿਆਂ ਖੇਡਦਿਆਂ ਖਾਂਦਿਆਂ ਪਹਿਨਦਿਆਂ (ਭਾਵ ਦੁਨੀਆ ਦੇ ਸਾਰੇ ਕੰਮ ਕਾਰ ਕਰਦਿਆਂ) ਕਾਮਦਿਕ ਵਿਕਾਰਾਂ ਤੋਂ ਬਚੇ ਰਹੀਦਾ ਹੈ। ਸੋ ਇਹੀ ਉਦੇਸ਼ ਕਿ ਜਿੰਦਗੀ ਹੱਸ ਕੇ ਕੱਟਣੀ ਐਨੀ ਔਖੀ ਨਹੀਂ, ਜਿੰਨੀ ਦੁੱਖ ਤਕਲੀਫਾਂ ਦੀ ਨੁਮਾਇਸ਼ ਕਰ ਕਰ ਕੇ ਝੂਠੀ ਹਮਦਰਦੀ ਹਾਸਲ ਕਰਦਿਆਂ ਕੱਟਣੀ ਔਖੀ ਹੈ। ਪਰ ਅੱਜ ਦੀ ਭੱਜ ਦੋੜ ਵਿੱਚ ਮਨੁੱਖ ਦੁਖੀ ਤਾਂ ਜ਼ਰੂਰ ਰਹਿੰਦਾ ਹੈ, ਪਰ ਖੁਸ਼ ਰਹਿਣ ਲਈ ਕਦੇ ਉੱਦਮ ਨਹੀਂ ਕਰਦਾ। ਅਜੋਕੇ ਮਸ਼ੀਨੀ ਯੁੱਗ ਵਿੱਚ ਹਾਸਾ ਤਾਂ ਮਨੁੱਖੀ ਜੀਵਣ ਵਿੱਚੋਂ ਕਿਤੇ ਵਿਸਰ ਹੀ ਗਿਆ ਹੋਵੇ। ਬਹੁਤ ਇਹ ਵਿਚਾਰ ਰੱਖਦੇ ਹਨ ਕਿ, 'ਜਦੋਂ ਬਹੁਤ ਪੈਸੇ ਹੋਣਗੇ ਤਾਂ ਅਸੀਂ ਘੁੰਮਣ ਫਿਰਨ ਜਾਵਾਂਗੇ' ਸਾਨੂੰ ਇਹ ਖਿਆਲ ਮੁੱਢ ਤੋਂ ਤਿਆਗ ਦੇਣਾ ਚਾਹੀਦਾ ਹੈ। ਬਿਨ੍ਹਾਂ ਜਿਆਦਾ ਪੈਸੇ ਖਰਚ ਕੀਤੇ, ਆਪਣੇ ਜਾਂ ਆਪਣੇ ਘਰ ਦੇ ਨੇੜਲੇ ਕਿਸੇ ਦੂਜੇ ਸ਼ੀਹਰ ਜਾ ਕੇ ਉੱਥੋਂ ਦੇ ਚਹਿਲ ਪਹਿਲ ਜਾਂ ਘੁੰਮਣ ਵਾਲੀਆਂ ਥਾਵਾਂ ਦਾ ਅਨੰਦ ਵੀ ਲਿਆ ਜਾ ਸਕਦਾ ਹੈ। ਨਹੀਂ ਤਾਂ ਖੁਸ਼ੀਆਂ ਨੂੰ ਨਜ਼ਰ ਅੰਦਾਜ਼ ਕਰਦੇ ਰਹਿਣ ਦੀ ਆਦਤ ਵੀ ਸਾਡੀ ਊਰਜਾ ਨੂੰ ਨਸ਼ਟ ਕਰ ਦਿੰਦੀ ਹੈ।

ਇੱਕ ਸਰਵੇਖਣ ਅਨੁਸਾਰ ਲਗਭਗ ੬੫ ਫੀਸਦੀ ਤੋਂ ਜ਼ਿਆਦਾ ਲੋਕਾਂ ਦੇ ਕੋਲ ਹੱਸਣ ਦਾ ਸਮਾਂ ਹੀ ਨਹੀਂ ਹੈ। ਸ਼ਾਇਦ ਇਸੇ ਕਰਕੇ ਸ਼ੂਗਰ, ਦਿਲ ਦਾ ਦੌਰਾ, ਬਲੱਡ ਪ੍ਰੈਸ਼ਰ ਤੇ ਹੋਰ ਬਿਮਾਰੀਆਂ ਵਿੱਚ ਆਏ ਦਿਨ ਵਾਧਾ ਹੋ ਰਿਹਾ ਹੈ। ਜਦਕਿ ਡਾਕਟਰਾਂ ਦਾ ਮੰਨਣਾ ਹੈ ਕਿ ਹਰ ਦਿਨ ਸਵੇਰੇ ਹੱਸਿਆ ਜਾਵੇ ਤਾਂ ਦਿਮਾਗ ਨੂੰ ਸਕੂਨ ਮਿਲਦਾ ਹੈ ਅਤੇ ਕਈ ਤਰ੍ਹਾਂ ਦੀਆਂ ਬਿਮਾਰੀਆਂ ਤੋਂ ਛੁਟਕਾਰਾ ਮਿਲ ਜਾਂਦਾ ਹੈ।

ਸ਼ਾਇਦ ਤਾਂ ਹੀ ਅੱਜ ਸੁਚੇਤ ਬੁੱਧੀਜੀਵੀਆਂ ਵੱਲੋਂ ਇੱਕ ਖਾਸ ਦਿਨ ਚੁਣ ਕੇ ਸਮੁੱਚੀ ਮਨੁੱਖਤਾ ਨੂੰ ਸਾਲ ਭਰ ਹੱਸਦੇ ਰਹਿਣ ਲਈ ਯਾਦ ਕਰਵਾਇਆ ਜਾਂਦਾ ਹੈ ਅਤੇ ਇਸ ਦਿਨ ਦਾ ਨਾਮ ਹੈ 'ਵਿਸ਼ਵ ਹਾਸਾ ਦਿਵਸ'। ਇਸਦੀ ਸ਼ੁਰੂਆਤ ੧੧ ਜਾਂ ੧੨ ਜਨਵਰੀ ੧੯੯੮ ਵਿੱਚ ਮੁੰਬਈ ਤੋਂ ਹੋਈ ਸੀ ਅਤੇ ਹੁਣ ਇਹ ਸਾਲ ੨੦੦੫ ਤੋਂ ਹਰ ਸਾਲ ਮਈ ਦੇ ਪਹਿਲੇ ਐਤਵਾਰ ਮਨਾਇਆ ਜਾਂਦਾ ਹੈ। ਇਸ ਨੂੰ ਸ਼ੁਰੂ ਕਰਨ ਵਿੱਚ ਸੱਭ ਤੋਂ ਅਹਿਮ ਯੋਗਦਾਨ ਡਾ. ਮਦਨ ਕਟਾਰੀਆ ਨੇ ਪਾਇਆ ਜਿਨ੍ਹਾਂ ਨੇ ਲਾਫਟਰ ਯੋਗਾ ਮੂਵਮੈਂਟ ਸ਼ੁਰੂ ਕੀਤੀ ਸੀ। ਇੱਕ ਅੰਦਾਜ਼ੇ ਅਨੁਸਾਰ ਦੁਨੀਆ ਭਰ ਵਿੱਚ ੮੦੦੦ ਦੇ ਕਰੀਬ ਲਾਫਟਰ ਕਲੱਬ ਹਨ ਜਿਸ ਵਿੱਚੋਂ ਭਾਰਤ ਦੇਸ਼ ਵਿੱਚ ਇਹਨਾਂ ਦੀ ਗਿਣਤੀ ੬੦੦ ਦੇ ਕਰੀਬ ਬਣਦੀ ਹੈ। ਚੁੱਟਕਲਿਆਂ, ਲਤੀਫਿਆਂ, ਹਾਸਰਸ ਕਵਿਤਾਵਾਂ, ਹਾਸ ਵਿਅੰਗਾਂ ਰਾਹੀਂ ਵੀ ਮਨੁੱਖ ਨੂੰ ਹਸਾਉਣ ਦਾ ਯਤਨ ਕੀਤਾ ਜਾਂਦਾ ਰਿਹਾ ਹੈ ਅਤੇ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਪਿਛਲੇ ਕੁੱਝ ਸਮੇਂ ਤੋਂ ਖਾਸ ਕਰਕੇ ਪੰਜਾਬ ਵਿੱਚ ਵੱਡੇ ਪੱਧਰ ਤੇ ਹਾਸਰਾਸ (ਕਾਮੇਡੀ) ਵਿਸ਼ੇ ਉੱਤੇ ਵੱਡੀ ਗਿਣਤੀ ਵਿੱਚ ਫਿਲਮਾਂ ਦਾ ਨਿਰਮਾਣ ਹੋਇਆ ਹੈ ਅਤੇ ਰਾਸ਼ਟਰੀ ਅਤੇ ਸੂਬਾ ਪੱਧਰ ਤੇ ਚੈਨਲਾਂ ਤੇ ਵੀ ਕਈ ਤਰ੍ਹਾਂ ਦੇ ਕਾਮੇਡੀ ਸੀਰੀਅਲ ਵੇਖਣ ਨੂੰ ਮਿਲੇ ਅਤੇ ਮਿਲ ਰਹੇ ਹਨ, ਜਿਨ੍ਹਾਂ ਨੂੰ ਦੇਖ ਕੇ ਦਰਸ਼ਕਾਂ ਦੇ ਚਿਹਰੇ ਤੇ ਹਾਸਾ ਆਇਆ ਹੈ ਅਤੇ ਦਰਸ਼ਕਾਂ ਵੱਲੋਂ ਬੜੀ ਸ਼ਿੱਦਤ ਨਾਲ ਇਹ ਸੀਰੀਅਲ ਪਸੰਦ ਕੀਤੇ ਗਏ ਹਨ। ਕਈ ਵਾਰ ਕਲਾਕਾਰ ਹਾਸੇ ਹਾਸੇ ਵਿੱਚ ਵੀ ਜ਼ਿੰਦਗੀ ਦੇ ਕਈ ਅਹਿਮ ਸੱਚ/ਤੱਤ ਸਮਝਾ ਜਾਂਦਾ ਹੈ। ਸੋ ਦੋਸਤੋ ਸਾਰ ਇਹ ਹੈ ਕਿ ਹੱਸਣਾ ਅਤੇ ਹਸਾਉਣਾ ਇਹ ਸਾਡੀ ਜ਼ਿੰਦਗੀ ਦਾ ਹਿੱਸਾ ਹੋਣਾ ਚਾਹੀਦਾ ਹੈ ਅਤੇ ਹੱਸਦੇ ਖੇਡਦੇ ਜ਼ਿੰਦਗੀ ਨੂੰ ਬਿਤਾਉਣਾ ਸਾਡਾ ਮਕਸਦ। ਪਰ ਯਾਦ ਰਹੇ ਸਾਡਾ ਹਾਸਾ ਸਾਨੂੰ ਹਸਾ ਕੇ ਕਿਸੇ ਵੀ ਹੋਰ ਵਿਅਕਤੀ ਦੇ ਦਿਲ ਨੂੰ ਰੁਆ ਨਾ ਗਿਆ ਹੋਵੇ ਇਸ ਦਾ ਵੀ ਖਿਆਲ ਰੱਖਣਾ ਹੈ। ਉੱਥੇ ਨਾਲ ਹੀ ਕਿਤੇ ਸਾਰੀ ਜ਼ਿੰਦਗੀ ਬਿਨ੍ਹਾਂ ਵਜ੍ਹਾ ਅਤੇ ਹੰਕਾਰ ਵਿੱਚ ਨਕਲੀ ਹਾਸਾ ਹੱਸਦਿਆਂ ਹੀ ਨਾ ਨਿਕਲ ਜਾਵੇ ਇਸ ਗੱਲ ਨੂੰ ਵੀ ਵਿਚਾਰ ਕੇ ਰੱਖਣਾ ਹੈ।

ਸੋ ਦੋਸਤੋ ! ਹੱਸਦੇ ਵੱਸਦੇ ਰਹੋ, ਖੁਸ਼ ਰਹੋ ਅਤੇ ਖੁਸ਼ ਰੱਖੋ, ਹੱਸੋ ਅਤੇ ਪਿਆਰ ਵੰਡੋ। ਅੱਜ ਨੂੰ ਜੀਓ। ਅਨੰਦ ਵਿੱਚ ਰਹੋ। ਆਮੀਨ !!

**ਇਕਵਾਕ ਸਿੰਘ ਪੱਟੀ**
**ਸੁਲਤਾਨਵਿੰਡ ਰੋਡ, ਅੰਮ੍ਰਿਤਸਰ।**





# ਰੱਬ ਦੀ ਦਰਗਾਹ

**ਗੁਰੂ ਨਾਨਕ ਸਾਹਿਬ ਨੇ ਸਾਨੂੰ ਸਚਿਆਰ ਬਣਨ ਲਈ ਆਖਿਆ ਹੈ ਤੇ ਸਚਿਆਰ ਇਸ ਧਰਤੀ ਤੇ ਹੀ ਬਣਨਾ ਹੈ।ਪਰਮਾਤਮਾ ਜ਼ਰੇ ਜ਼ਰੇ ਅੰਦਰ ਵਿਆਪਕ ਹੈ।ਇਸ ਲਈ ਰੱਬ ਦਾ ਘਰ ਇਸ ਧਰਤੀ ਉੱਤੇ ਹੀ ਹੈ।ਸਾਡੇ ਕਰਮ ਏਨੇ ਮਲੀਨ ਹੋ ਗਏ ਹਨ ਕਿ ਜਿਸ ਕਰਕੇ ਸਾਨੂੰ ਇਸ ਜਗ ਵਿੱਚ ਪਰਮਾਤਮਾ ਦਾ ਨਾਂ ਦਿਸਦਾ ਹੀ ਨਹੀਂ ਹੈ।**



ਸੰਦੀਪ ਕੌਰ ਹਿਮਾਂਯੂੰਪੁਰਾ
9781660021

ਗੁਰਮਤਿ ਦਾ ਇੱਕ ਪੱਕਾ ਨਿਯਮ ਹੈ ਕਿ ਪਰਮਾਤਮਾ ਜ਼ਰੇ ਜ਼ਰੇ ਵਿੱਚ ਵਿਆਪਕ ਹੈ।ਪਰਮਾਤਮਾ ਨੇ ਜੇਕਰ ਦੁਨੀਆਂ ਨੂੰ ਸਾਜਿਆ ਹੈ ਤਾਂ ਉਹ ਦੁਨੀਆਂ ਤੋਂ ਵੱਖਰਾ ਨਹੀਂ ਹੈ।ਦੁਨੀਆਂ ਵਿੱਚ ਪਰਮਾਤਮਾ ਆਪ ਬੈਠਾ ਹੈ। ਸਾਰੇ ਸੰਸਾਰ ਵਿੱਚ ਰੱਬੀ ਹੁਕਮ ਵਿਚਰ ਰਿਹਾ ਹੈ।ਕੁਦਰਤੀ ਹੁਕਮ ਨਾਲ ਜਦੋਂ ਵੀ ਮਨੁੱਖ ਛੇੜ-ਛਾੜ ਕਰਦਾ ਹੈ,ਉਸ ਦੇ ਨਤੀਜੇ ਹਮੇਸ਼ਾ ਹੀ ਵਿਨਾਸ਼ਕਾਰੀ ਹੁੰਦੇ ਹਨ।ਪਰਮਾਤਮਾ ਦੀ ਦਰਗਾਹ ਇਸ ਧਰਤੀ ਉਪਰ ਹੀ ਹੈ,ਸਾਡੇ ਅੰਤਰ ਆਤਮੇ ਵਿੱਚ ਹੀ ਹੈ। ਇਸ ਧਰਤੀ ਤੇ ਹੀ ਰੱਬ ਮਨੁੱਖਤਾ ਦੇ ਨਾਲ ਰਹਿੰਦੇ ਹਨ।ਇਸ ਲਈ ਇਹ ਧਰਤੀ ਪਰਮਾਤਮਾ ਦੀ ਦਰਗਾਹ ਹੈ।"ਇਹ ਜਗ ਸਚੇ ਕੀ ਕੋਠੜੀ" ਅੰਦਰ ਕਈ ਦੇਸ਼ ਤੇ ਉਹਨਾਂ ਵਿੱਚ ਕਈ ਪਰਕਾਰ ਦੇ ਜੀਵ-ਜੰਤੂ ਪੈਦਾ ਕੀਤੇ ਹੋਏ ਹਨ।ਇਹਨਾਂ ਦੇ ਰਹਿਣ ਦੇ ਆਪੋ ਆਪਣੇ ਢੰਗ ਤਰੀਕੇ ਹਨ।ਮਨੁੱਖ ਦੇ ਕੀਤੇ ਹੋਏ ਕੰਮਾਂ ਅਨੁਸਾਰ ਹੀ ਫ਼ਲ ਮਿਲਦਾ ਹੈ।

ਸਚਾ ਆਪਿ ਸਚਾ ਦਰਬਾਰ॥
ਤਿਸ ਵਿਚਿ ਧਰਤੀ ਥਾਪਿ ਰਖੀ ਧਰਮਸਾਲਾ॥

ਇਹ ਧਰਤੀ ਪਰਤੱਖ ਪਰਮਾਤਮਾ ਦਾ ਘਰ ਹੈ।ਆਦਮੀ ਰੱਬ ਜੀ ਦਾ ਕੋਈ ਵੱਖਰਾ ਘਰ ਲੱਭਦਾ ਫਿਰੇ ਤਾਂ ਇਸ ਤੋਂ ਵੱਧ ਕੋਈ ਹੋਰ ਮੂਰਖਤਾ ਭਰਿਆ ਕਰਮ ਨਹੀਂ ਹੋ ਸਕਦਾ।ਮਨੁੱਖ ਆਪਣੇ ਮਨ ਅਨੁਸਾਰ ਗਲਤ ਅੰਦਾਜੇ ਲਗਾ ਰਿਹਾ ਹੈ।ਰੱਬ ਦੀ ਨਿਯਮਾਵਲੀ ਨੂੰ ਸਮਝਣ ਵਾਲਾ ਮਨੁੱਖ ਹੀ ਆਮ ਤੌਰ ਤੇ ਸੋਭਦਾ ਹੈ।ਇਸ ਸੱਚੇ ਦਰਬਾਰ ਵਿੱਚ ਗੁਰਮੁਖਾਂ ਦੀ ਵਡਿਆਈ ਹੁੰਦੀ ਹੈ।ਜੋ ਇਨਸਾਨ ਆਪਣੇ ਇਖ਼ਲਾਕੀ ਫ਼ਰਜ਼ ਨੂੰ ਖ਼ੂਬਸੂਰਤੀ ਨਾਲ ਨਿਭਾਉਂਦੇ ਹਨ,ਉਨ੍ਹਾਂ ਦੀ ਸੰਸਾਰ ਵਿੱਚ ਸੋਭਾ ਹੁੰਦੀ ਹੈ।ਮਨਮੁਖ ਮਨੁੱਖ ਤਾਂ ਆਪਣੇ ਮਨ ਦੇ ਪਿੱਛੇ ਲੱਗ ਕੇ ਤਰ੍ਹਾਂ-ਤਰ੍ਹਾਂ ਦੇ ਮਲੀਨ ਕਰਮ ਕਰਦੇ ਹਨ।ਮਨੁੱਖ ਦੀ ਕਮਜ਼ੋਰੀ ਹੈ,ਕਰਮ ਇਸਦਾ ਠੀਕ ਨਹੀਂ ਹੈ ਤੇ ਗੱਲਾਂ ਬਾਤਾਂ ਨਾਲ ਆਪਣੇ ਆਪ ਨੂੰ ਵੱਡਾ ਅਖਵਾਉਣਾ ਚਾਹੁੰਦਾ ਹੈ।ਸੱਚ ਹੀ ਉਸ ਪਰਮਾਤਮਾ ਦਾ ਨਾਂ ਹੈ।ਇਹ ਧਰਤੀ ਹੀ ਸਚੀ ਦਰਗਾਹ ਹੈ ਤੇ ਇਸ ਧਰਤੀ ਤੇ ਹੀ ਇਸ ਦੇ ਕੀਤੇ ਹੋਏ ਕੰਮਾਂ ਅਨੁਸਾਰ ਨਿਬੇੜਾ ਹੋ ਜਾਣਾ ਹੈ।ਮਨੁੱਖ ਰੱਬੀ ਦਰਗਾਹ ਅੰਦਰ ਇਸ ਧਰਤੀ ਤੇ ਸੱਚ ਨੂੰ ਭੁਲਾ ਕੇ ਜ਼ਾਲਮ ਜ਼ੁਲਮ ਦੀ ਦੁਨੀਆਂ ਵਿੱਚ ਉੱਤਰ ਗਿਆ ਹੈ।ਆਸਾ ਰਾਗ ਵਿੱਚ ਗੁਰੂ ਨਾਨਕ ਸਾਹਿਬ ਫਰਮਾਉਂਦੇ ਹਨ ਕਿ ਅਵਸਥਾ ਅਜਿਹੀ ਬਣ ਗਈ ਹੈ ਕਿ ਇਸ ਭਲੇ ਇਨਸਾਨ ਨੇ ਇਸ ਧਰਤੀ ਨੂੰ ਰੱਬੀ ਦਰਗਾਹ ਰਹਿਣ ਹੀ ਨਹੀਂ ਦਿੱਤਾ।ਚਾਹੀਦਾ ਤਾਂ ਇਹ ਸੀ ਕਿ ਮਨੁੱਖ ਆਪ ਸਚਿਆਰ ਬਣ ਕੇ ਇਸ ਧਰਤੀ ਦਾ ਸਰਦਾਰ ਬਣਦਾ ਪਰ ਹੋਇਆ ਇਸ ਦੇ ਉਲਟ ਹੈ।ਮਨੁੱਖ ਨੇ ਰੱਬੀ ਸੁੰਦਰ ਬਾਗ ਨੂੰ ਵਿਕਾਰਾ ਦਾ ਤੇਲ ਦੇ ਕੇ ਇਸ ਦੀ ਸੁੰਦਰਤਾ ਨੂੰ ਸਾੜਨ ਦਾ ਕੋਝਾ ਯਤਨ ਕੀਤਾ ਹੈ।ਰੱਬੀ ਦਰਗਾਹ ਨੂੰ ਖ਼ੁਦਗਰਜ਼ੀ,ਲੁੱਟ-ਖਸੁੱਟ,ਹੇਰਾ ਫੇਰੀ,ਝੂਠ ਫਰੇਬ ਤੇ ਦੂਸਰੇ ਦਾ ਹੱਕ ਖੋਹ ਲੈਣ ਲਈ ਕੰਡਿਆਲੇ ਦਰੱਖ਼ਤਾ ਦੀ ਬਿਜਾਈ ਕਰ ਰਿਹਾ ਹੈ ਪਰ ਗੁਰੂ ਨਾਨਕ ਸਾਹਿਬ ਜੀ ਨੇ ਰੱਬ ਜੀ ਦੀ ਸਦੀਵ ਕਾਲ ਮਰਯਾਦਾ ਨੂੰ ਸਮਝਿਆ ਤੇ ਇਸਦਾ ਨਾਮ ਰੱਖਿਆ 'ਨਾਮ' ਭਾਵ ਰੱਬੀ ਗੁਣ ਤੋਂ ਕੁਰਬਾਨ ਹੋਣਾ।ਇਸ ਧਰਤੀ ਤੇ ਭਾਵ ਰੱਬ ਦੀ ਦਰਗਾਹ ਵਿੱਚ ਅਸਾਂ ਦੁਨੀਆਂਦਾਰਾਂ ਨੇ ਅਗਿਆਨਤਾ ਦਾ ਬੀਜ ਬੀਜਿਆ ਹੋਇਆ ਹੈ।ਇਸ ਲਈ ਰੱਬੀ ਦਰਗਾਹ ਨੂੰ ਅਸਾਂ ਨਹੀਂ ਸਮਝਿਆ।ਮਨ ਮਾਇਆ ਦੇ ਹੱਥਾਂ ਵਿੱਚ ਨੱਚ ਰਿਹਾ ਹੈ ਤੇ ਫਿਰ ਉੱਚਾ ਆਚਰਣ ਰਿਹਾ ਕਿੱਥੇ।ਹਰ ਪਾਸੇ ਵਿਕਾਰਾਂ ਦਾ ਸ਼ੋਰ ਸਰਾਬਾ ਹੈ।ਇਹ ਧਰਤੀ ਤਾਂ ਰੱਬ ਦੀ ਦਰਗਾਹ ਸੀ ਪਰ ਸਮਾਜ ਨੇ ਆਪਣੇ ਆਲੇ-ਦੁਆਲੇ ਅਜਿਹੇ ਹਾਲਾਤ ਪੈਦਾ ਕਰ ਲਏ ਹਨ,ਜਿਸ ਕਰਕੇ ਭੂਗੋਲਿਕ ਤਲ ਤੇ ਰੱਬ ਜੀ ਦੀ ਦਰਗਾਹ ਕਿਸੇ ਹੋਰ ਥਾਂ ਮੰਨੀ ਗਈ ਬੈਠੇ ਹਾਂ। ਚਾਹੀਦਾ ਤਾਂ ਇਹ ਸੀ ਕਿ ਭਰਾ ਨੂੰ ਭਰਾ ਦੇਖ ਕੇ ਮਨ ਵਿੱਚ ਦਇਆ ਆਉਂਦੀ ਪਿਆਰ ਦਾ ਬੂਟਾ ਜਨਮ ਲੈਂਦਾ ਪਰ ਅਜਿਹਾ ਹੋਇਆ ਨਹੀਂ।ਪਰਿਵਾਰਾਂ ਵਿੱਚ ਈਰਖ਼ਾ,ਸਮਾਜ ਵਿੱਚ ਈਰਖਾ,ਧਰਮ ਵਿੱਚ ਈਰਖ਼ਾ,ਦੇਸ਼ਾ ਦੀ ਆਪਸ ਵਿੱਚ ਈਰਖ਼ਾ ਤੇ ਹਰ ਥਾਂ ਤੇ ਈਰਖਾ ਸਿਖਰਾ ਤੇ ਪਹੁੰਚੀ ਹੋਈ ਹੈ।ਕੀ ਧਾਰਮਿਕ,ਕੀ ਸਮਾਜਿਕ,ਕੀ ਰਾਜਨੀਤਿਕ ਆਗੂ,ਹੱਕ ਇਨਸਾਫ ਦੀ ਗੱਲ ਕਰਨ ਵਾਲੇ ਜੱਜ ਆਪਣੇ ਫ਼ਰਜ਼ਾਂ ਦੀ ਪਹਿਚਾਣ ਭੁੱਲ ਕੇ ਕੋਹਾਂ ਦੂਰ ਚਲੇ ਗਏ ਹਨ।ਗੱਲ ਕੀ ਇਸ ਧਰਤੀ ਨੂੰ ਅਸੀਂ ਰੱਬੀ ਦਰਗਾਹ ਰਹਿਣ ਦਿੱਤਾ ਹੀ ਨਹੀਂ ਹੈ।ਉਪਰੋਕਤ ਬਿਰਤੀ ਵਾਲੇ ਲੋਕ ਆਮ ਗਰੀਬ ਜਨਤਾ ਨਾਲੋਂ ਇਸ ਧਰਤੀ ਤੇ ਵੱਧ ਤੋਂ ਵੱਧ ਧਰਮ ਕਰਮ ਦੇ ਕੰਮ ਕਰਦੇ ਹਨ।ਦਿਖਾਵੇ ਦੇ ਲੰਗਰ ਆਦਿ ਲਗਾਉਣੇ,ਕੀਰਤਨ ਦਰਬਾਰ ਵੀ ਕਰਵਾਉਣੇ ਪਰ ਇਹ ਲੋਕ ਗੁਰੂ ਜੀ ਦੀ ਗੱਲ ਨੂੰ ਕਦੇ ਵੀ ਮੰਨਣਗੇ ਨਹੀਂ।

ਕਹੈ ਖੁਦਾਇ ਨ ਮਾਨੈ ਕੋਇ॥

ਦਾਅਵਾ ਅਸੀਂ ਇਹ ਕਰਦੇ ਹਾਂ ਕਿ ਸਾਡੇ ਵਰਗਾ ਹੋਰ ਧਰਮੀ ਹੀ ਕੋਈ ਨਹੀਂ ਹੈ।ਅਸਲ ਵਿੱਚ ਇਹ ਧਰਤੀ ਹੀ ਰੱਬ ਦਾ ਘਰ ਹੈ ਪਰ ਮਲੀਨ ਬਿਰਤੀਆਂ ਵਾਲਿਆਂ ਨੇ ਇਸ ਨੂੰ ਸ਼ੈਤਾਨ ਦਾ ਘਰ ਬਣਾ ਦਿੱਤਾ ਹੈ। ਗੁਰੂ ਨਾਨਕ ਸਾਹਿਬ ਨੇ ਸਾਨੂੰ ਸਚਿਆਰ ਬਣਨ ਲਈ ਆਖਿਆ ਹੈ ਤੇ ਸਚਿਆਰ ਇਸ ਧਰਤੀ ਤੇ ਹੀ ਬਣਨਾ ਹੈ।ਪਰਮਾਤਮਾ ਜ਼ਰੇ ਜ਼ਰੇ ਅੰਦਰ ਵਿਆਪਕ ਹੈ।ਇਸ ਲਈ ਰੱਬ ਦਾ ਘਰ ਇਸ ਧਰਤੀ ਉੱਤੇ ਹੀ ਹੈ।ਸਾਡੇ ਕਰਮ ਏਨੇ ਮਲੀਨ ਹੋ ਗਏ ਹਨ ਕਿ ਜਿਸ ਕਰਕੇ ਸਾਨੂੰ ਇਸ ਜਗ ਵਿੱਚ ਪਰਮਾਤਮਾ ਦਾ ਨਾਂ ਦਿਸਦਾ ਹੀ ਨਹੀਂ ਹੈ।ਜਦ ਪਰਮਾਤਮਾ ਦਾ ਖਿਲਾਰਾ ਹੀ ਸਾਰੇ ਖਿਲਰਿਆ ਹੋਇਆ ਹੈ ਤਾਂ ਫਿਰ ਉਸ ਦਾ ਕੋਈ ਵੱਖਰਾ ਘਰ ਕਿਵੇਂ ਹੋਇਆ ?ਇਸ ਧਰਤੀ ਤੇ ਹੀ ਧਰਮੀ ਬਣਨਾ ਸੀ ਤੇ ਇਸ ਜਗ ਨੂੰ ਸੱਚੇ ਦੀ ਕੋਠੜੀ ਬਣਾਉਣਾ ਸੀ,ਤਾਂ ਹੀ ਇਸ ਰੱਬੀ ਦਰਗਾਹ ਵਿੱਚ ਮਾਣ ਪ੍ਰਾਪਤ ਕਰ ਸਕਦੇ ਸੀ।

ਸਾਡਾ ਹਿਰਦਾ ਹੀ ਰੱਬ ਦਾ ਘਰ ਹੈ।ਇਹ ਧਰਤੀ ਹੀ ਰੱਬ ਦਾ ਘਰ ਹੈ।ਅਸੀ ਆਪਣੇ ਮਨ ਨੂੰ ਆਪਣੇ ਖਿਆਲਾਂ ਨੂੰ ਰੱਬ ਦਾ ਘਰ ਬਣਾਉਣਾ ਹੈ।ਪਰਮਾਤਮਾ ਤੋਂ ਸਾਰਾ ਪਸਾਰਾ ਹੋਇਆ ਹੈ ਤੇ ਪਰਮਾਤਮਾ ਇਸ ਪਸਾਰੇ ਵਿੱਚ ਆਪ ਬੈਠਾ ਹੈ।ਉਹ ਤੇ ਸਾਡੇ ਹਿਰਦੇ ਵਿੱਚ ਬੈਠਾ ਹੋਇਆ ਹੈ।ਇਸ ਲਈ ਸਾਨੂੰ ਕਿਸੇ ਦਾ ਹਿਰਦਾ ਨਹੀਂ ਦਿਖਾਉਣਾ ਚਾਹੀਦਾ।ਰੱਬੀ ਦਰਗਾਹ ਸਾਡਾ ਹਿਰਦਾ ਤੇ ਧਰਤੀ ਹੀ ਹੈ।

ਆਪੀਨੈ ਆਪੁ ਸਾਜਿਓ ਆਪੀਨੈ ਰਚਿ ? ਨਾਉ॥
ਦੁਯੀ ਕੁਦਰਤਿ ਸਾਜੀਐ ਕਰਿ ਆਸਣ ਡਿਠੋ ਚਾਉ॥

# ਮਾਂ ਬੋਲੀ ਪੰਜਾਬੀ

ਸੰਦੀਪ ਕੌਰ
ਹਿਮਾਂਯੂੰਪੁਰਾ
9781660021

ਅਜੋਕੇ ਸਮੇਂ ਵਿੱਚ ਇਲੈਕਟ੍ਰੌਨਿਕ ਮੀਡੀਆ,ਪੱਛਮੀ ਸੱਭਿਅਤਾ ਅਤੇ ਪੰਜਾਬੀ ਦੇ ਹੋ ਰਹੇ 'ਹਿੰਦੀਕਰਨ' ਨੇ ਬੇਸ਼ਕ ਪੰਜਾਬੀ ਤੇ ਮਾਰੂ ਪ੍ਰਭਾਵ ਪਾਉਣ ਦੀ ਕੋਸ਼ਿਸ਼ ਕੀਤੀ ਹੈ ਪਰ ਸਾਨੂੰ ਮਾਂ ਬੋਲੀ ਪੰਜਾਬੀ ਦੀ ਸਮੱਰਥਾ ਤੇ ਪੂਰਨ ਭਰੋਸਾ ਹੈ ਕਿ ਇਹ ਇਨ੍ਹਾਂ ਦੇ ਪ੍ਰਭਾਵਾਂ ਦੀ ਮਾਰ ਹੇਠਾਂ ਆਉਣ ਵਾਲੀ ਨਹੀਂ।ਅੱਜਕਲ੍ਹ ਮਾਡਰਨ ਕਹਾਉਣ ਵਾਲੇ ਮਾਪੇ ਆਪਣੇ ਬੱਚਿਆਂ ਨਾਲ ਪੰਜਾਬੀ ਵਿੱਚ ਗੱਲਬਾਤ ਕਰਨ ਦੀ ਥਾਂ ਹਿੰਦੀ ਜਾਂ ਅੰਗਰੇਜੀ ਵਿੱਚ ਬੋਲਣ ਵਿੱਚ ਆਪਣੀ ਸ਼ਾਨ ਸਮਝਦੇ ਹਨ।ਪੱਛਮੀ ਸੱਭਿਅਤਾ ਦੀ ਰੀਸ ਨਾਲ ਚਾਚੇ,ਤਾਏ,ਮਾਮੇ,ਮਾਸੜ,ਫੁਫੜ ਅਤੇ ਚਾਚੀ,ਤਾਈ,ਮਾਮੀ,ਮਾਸੀ,ਭੂਆ ਆਦਿ ਨਜ਼ਦੀਕੀ ਰਿਸ਼ਤਿਆਂ ਦੀ ਥਾਂ ਅੰਕਲ ਤੇ ਆਂਟੀ ਨੇ ਲੈ ਲਈ ਹੈ ਜੋ ਪਿਆਰ ਤੇ ਨਿੱਘ ਵਿਹੂਣੇ ਹਨ।ਵੇਖਿਆ ਜਾਵੇ ਤਾਂ ਅੱਜ ਬਹੁਗਿਣਤੀ ਅੰਗਰੇਜ਼ੀ ਮਾਧਿਅਮ ਸਕੂਲਾਂ ਵਿੱਚ ਮਾਂ-ਬੋਲੀ ਪੰਜਾਬੀ ਵਿੱਚ ਗੱਲ ਕਰਨ ਦੀ ਮਨਾਹੀ ਹੈ।ਬੱਚਿਆ ਨੂੰ ਜੁਰਮਾਨੇ ਕੀਤੇ ਜਾਂਦੇ ਹਨ।ਇਹ ਵੀ ਕਿਹਾ ਜਾਂਦਾ ਹੈ ਕਿ ਪੰਜਾਬੀ ਪੇਂਡੂ ਲੋਕਾਂ ਦੀ ਬੋਲੀ ਹੈ।ਘਰਾਂ ਵਿੱਚ ਮਾਂਵਾਂ ਵੀ ਮਾਂ-ਬੋਲੀ ਪੰਜਾਬੀ ਨੂੰ ਛੱਡ ਕੇ ਦੂਜੀਆਂ ਬੋਲੀਆਂ (ਹਿੰਦੀ,ਅੰਗਰੇਜ਼ੀ) ਵਿੱਚ ਬੱਚਿਆਂ ਨਾਲ ਗੱਲਬਾਤ ਕਰਦੀਆਂ ਹਨ ਅਤੇ ਅਚੇਤ ਹੀ ਬੱਚੇ ਨੂੰ ਮਾਂ-ਬੋਲੀ ਤੋਂ ਦੂਰ ਲੈ ਜਾਂਦੀਆਂ ਹਨ।ਮਾਵਾਂ ਦੀ ਤਾਂ ਖ਼ਾਸ ਭੂਮਿਕਾ ਬਣਦੀ ਹੈ ਕਿ ਉਹ ਆਪਣੇ ਬੱਚਿਆਂ ਨੂੰ ਸਭਿਅਕ ਅਤੇ ਸਲੀਕੇ ਵਾਲੇ ਬਣਾਉਣ ਲਈ ਮਾਤ-ਭਾਸ਼ਾ ਪੰਜਾਬੀ ਦੇ ਸ਼ਬਦਾਂ ਨਾਲ ਜੋੜੀ ਰੱਖਣ।ਬੱਚੇ ਦੇ ਪਹਿਲੇ ਕੁੱਝ ਸਾਲ ਮਾਂ ਦੇ ਬਹੁਤ ਨੇੜੇ ਬੀਤਦੇ ਹਨ ਅਤੇ ਇਨ੍ਹਾਂ ਸਾਲਾਂ ਵਿੱਚ ਬੱਚਾ ਅਨੇਕ ਸ਼ਬਦਾਂ,ਸੰਕਲਪਾਂ ਅਤੇ ਚਿੰਨ੍ਹਾਂ ਬਾਰੇ ਜਾਣ ਜਾਂਦਾ ਹੈ।ਉਸ ਦੀ ਮਾਂ ਦੇ ਮੂੰਹੋਂ ਨਿਕਲੇ ਸ਼ਬਦ ਉਸ ਦਾ ਪਾਠ ਹੁੰਦੇ ਹਨ ਅਤੇ ਘਰ ਉਸ ਦੀ ਪਹਿਲੀ ਪਾਠਸ਼ਾਲਾ ਹੁੰਦਾ ਹੈ।ਇਸ ਲਈ ਜ਼ਰੂਰੀ ਹੈ ਕਿ ਬੱਚੇ ਦੀ ਸਖ਼ਸ਼ੀਅਤ ਨੂੰ ਨਿਖਾਰਨ ਲਈ ਅਤੇ ਬਹੁਪੱਖੀ ਵਿਕਾਸ ਲਈ ਮਾਂ ਆਪਣੇ ਬੱਚੇ ਨੂੰ ਆਪਣੀ ਮਾਂ-ਬੋਲੀ ਪੰਜਾਬੀ ਨਾਲ ਜੋੜਨ ਦਾ ਯਤਨ ਕਰੇ।ਮਾਤ-ਭਾਸ਼ਾ ਤੋਂ ਬਿਨਾਂ ਨਾ ਆਨੰਦ ਮਿਲਦਾ ਹੈ,ਨਾ ਹੀ ਕਿਸੇ ਗੱਲ ਦਾ ਵਿਸਥਾਰ ਹੁੰਦਾ ਹੈ ਅਤੇ ਨਾ ਹੀ ਸਾਡੀਆਂ ਯੋਜਨਾਵਾਂ ਪ੍ਰਫੁੱਲਤ ਹੁੰਦੀਆਂ ਹਨ।ਮਾਂ-ਬੋਲੀ ਤੋਂ ਬਿਨਾਂ ਮਨੁੱਖ ਦੇ ਅੰਦਰ ਜਜ਼ਬਿਆਂ ਦੇ ਭੰਡਾਰ ਬੰਦ ਪਏ ਰਹਿੰਦੇ ਹਨ।ਜਿਹੜੀ ਗੱਲ ਅਤੇ ਭਾਵਨਾਵਾਂ ਅਸੀਂ ਆਪਣੀ ਮਾਂ-ਬੋਲੀ ਰਾਹੀਂ ਪ੍ਰਗਟਾ ਸਕਦੇ ਹਾਂ,ਉਹ ਕਿਸੇ ਹੋਰ ਬੋਲੀ ਰਾਹੀਂ ਨਹੀਂ ਕਰ ਸਕਦੇ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਅੱਜ ਦੇ ਵਿਸ਼ਵੀਕਰਨ ਦੇ ਯੁੱਗ ਵਿੱਚ ਅੰਗਰੇਜ਼ੀ ਦਾ ਗਿਆਨ ਹੋਣਾ ਜ਼ਰੂਰੀ ਹੈ ਪਰ ਇਹ ਵੀ ਸੱਚ ਹੈ ਕਿ ਆਪਣੀ ਮਾਂ-ਬੋਲੀ ਦੇ ਗਿਆਨ ਤੋਂ ਬਗੈਰ ਕਿਸੇ ਵੀ ਵਿਦੇਸ਼ੀ ਭਾਸ਼ਾ ਵਿੱਚ ਮੁਹਾਰਤ ਪ੍ਰਾਪਤ ਨਹੀਂ ਕੀਤੀ ਜਾ ਸਕਦੀ।ਬੱਚੇ ਦੀ ਮੁੱਢਲੀ ਪੜ੍ਹਾਈ ਹਮੇਸ਼ਾ ਮਾਂ-ਬੋਲੀ ਵਿੱਚ ਹੀ ਹੋਣੀ ਚਾਹੀਦੀ ਹੈ।ਜਦੋਂ ਮਾਂ-ਬੋਲੀ ਵਿੱਚ ਮੁਹਾਰਤ ਹੋ ਜਾਵੇ,ਫਿਰ ਬੱਚੇ ਨੂੰ ਦੂਜੀਆਂ ਬੋਲੀਆਂ ਸਿੱਖਣ ਲਈ ਪ੍ਰੇਰਿਆ ਜਾਵੇ।

ਹੋਰ ਭਾਸ਼ਾਵਾਂ ਪੜ੍ਹੀਏ ਪਰ ਪੰਜਾਬੀ ਨਾ ਭੁੱਲ ਜਾਈਏ।
ਇਸ ਨਾਲ ਵਿਤਕਰਾ ਕਰਕੇ ਕਿਧਰੇ ਇਸ ਤੋਂ ਵਿਸਰ ਨਾ ਜਾਈਏ।



ਮਾਂ ਬੋਲੀ ਪੰਜਾਬੀ ਸਾਡੀ ਇਸਤੋਂ ਸਦਕੇ ਜਾਈਏ।

ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ,ਜਿਹਨਾਂ ਨੂੰ ਅਸੀਂ ਆਪਣਾ ਗੁਰੂ ਸਵੀਕਾਰ ਕਰਦੇ ਹਾਂ,ਪੰਜਾਬੀ ਭਾਸ਼ਾ ਤੇ ਗੁਰਮੁਖੀ ਲਿੱਪੀ ਵਿੱਚ ਹੈ।ਪੰਜਾਬੀ ਏਨੀ ਸਮਰੱਥ ਭਾਸ਼ਾ ਹੈ ਕਿ ਇਸ ਨੂੰ ਮਾਧਿਅਮ ਬਣਾ ਕੇ ਸੂਫ਼ੀ ਸੰਤ ਫ਼ਰੀਦ ਜੀ,ਸ਼ਾਹ ਹੁਸੈਨ,ਬੁੱਲ੍ਹੇ ਸ਼ਾਹ ਆਦਿ ਨੇ ਆਪਣੀਆਂ ਰਚਨਾਵਾਂ ਰਚੀਆਂ।ਸਮਰੱਥ ਮਾਂ-ਬੋਲੀ ਪੰਜਾਬੀ ਵਿੱਚ ਹੀ 'ਇਸ਼ਕ-ਹਕੀਕੀ' ਦੀਆਂ ਗੂੜ੍ਹੀਆਂ ਰਮਜ਼ਾਂ ਲੋਕਾਂ ਨਾਲ ਸਾਂਝੀਆਂ ਕੀਤੀਆਂ।ਪੰਜਾਬੀ ਉਹ ਭਾਸ਼ਾ ਹੈ ਜਿਸ ਵਿੱਚ ਸਾਡੇ ਗੁਰੂ ਸਾਹਿਬਾਨਾਂ ਨੇ ਗੁਰਬਾਣੀ ਲਿਖੀ ਹੈ।ਜੇਕਰ ਅਸੀਂ ਪੰਜਾਬੀ ਦਾ ਮੁੱਲ ਨਾ ਪਾਇਆ ਤਾਂ ਅਸੀਂ ਜਾਂ ਸਾਡੇ ਬੱਚੇ ਬਾਣੀ ਤੇ ਆਪਣੇ ਸੱਭਿਆਚਾਰ ਤੋਂ ਹਮੇਸ਼ਾ ਲਈ ਟੁੱਟ ਜਾਣਗੇ ਤੇ ਇਹ ਲੜੀ ਇਸ ਤਰ੍ਹਾਂ ਹੀ ਅੱਗੇ ਚੱਲਦੀ ਜਾਵੇਗੀ।

ਗੁਰੂਆਂ ਪੀਰਾਂ ਅਤੇ ਫ਼ਕੀਰਾਂ ਦੀ ਹੈ ਲਾਡਲੀ ਪਿਆਰੀ,
ਉੱਚਾ ਸੁੱਚਾ ਰੁਤਬਾ ਇਸਦਾ ਇਹ ਹੈ ਸਭ ਤੋਂ ਨਿਆਰੀ।
ਇਸਦਾ ਹੋਰ ਪਸਾਰਾ ਕਰਕੇ ਨਵੀਆਂ ਪਿਰਤਾਂ ਪਾਈਏ,
ਮਾਂ-ਬੋਲੀ ਪੰਜਾਬੀ ਸਾਡੀ ਇਸ ਤੋਂ ਸਦਕੇ ਜਾਈਏ।

ਸਾਡੀ ਮਾਂ ਤਾਂ ਅਮੀਰ ਬਹੁਤ ਹੈ।ਇਸਦੀ ਗੋਦੀ ਵਿੱਚ ਬਾਬਾ ਨਾਨਕ ਜੀ ਹਨ,ਬਾਬਾ ਫ਼ਰੀਦ ਜੀ ਹਨ,ਗੁਰੂ ਅਰਜਨ ਦੇਵ ਜੀ ਹਨ,ਬੁੱਲ੍ਹੇ ਸ਼ਾਹ ਹਨ,ਵਾਰਿਸ਼ ਸ਼ਾਹ ਹਨ ਅਤੇ ਹੋਰ ਬਹੁਤ ਸਾਰੇ ਨਵੇਂ ਪੁਰਾਣੇ ਲੇਖਕ ਹਨ।ਸਾਨੂੰ ਅਜਿਹੀ ਮਾਂ ਤੇ ਮਾਣ ਹੋਣਾ ਚਾਹੀਦਾ ਹੈ।ਜੇਕਰ ਅਸੀਂ ਚਾਹੁੰਦੇ ਹਾਂ ਕਿ ਸਾਡੇ ਬੱਚੇ ਆਪਣੀਆਂ ਜੜ੍ਹਾਂ,ਆਪਣੇ ਪੰਜਾਬੀ ਵਿਰਸੇ ਤੇ ਸੱਭਿਆਚਾਰ ਤੋਂ ਦੂਰ ਨਾ ਹੋਣ ਤਾਂ ਸਾਡਾ ਫ਼ਰਜ਼ ਹੈ ਕਿ ਆਪਣੇ ਬੱਚਿਆਂ ਨੂੰ ਮਾਂ-ਬੋਲੀ ਪੰਜਾਬੀ ਬੋਲਣ,ਸਮਝਣ,ਪੜ੍ਹਨ ਤੇ ਲਿਖਣ ਦੇ ਸਮਰੱਥ ਬਣਾਈਏ।ਅਸੀਂ ਆਪਣੇ ਕੀਮਤੀ ਖ਼ਜ਼ਾਨੇ ਨੂੰ ਜਿੰਦਰਾ ਮਾਰ ਕੇ ਨਾ ਰੱਖੀਏ ਸਗੋਂ ਵਿਰਾਸਤ ਸਮਝ ਕੇ ਅਗਲੀ ਪੀੜ੍ਹੀ ਤੱਕ ਪਹੁੰਚਾਈਏ।ਆਪਣੀ ਮਾਂ-ਬੋਲੀ ਨਾਲ ਪਿਆਰ ਕਰਨ ਵਾਲਾ ਵਿਅਕਤੀ ਹੀ ਸਹੀ ਅਰਥਾਂ ਵਿੱਚ ਆਪਣੇ ਆਪ ਨਾਲ,ਆਪਣੇ ਘਰ ਨਾਲ ਤੇ ਆਪਣੇ ਦੇਸ਼ ਨਾਲ ਪਿਆਰ ਕਰ ਸਕਦਾ ਹੈ।

ਆਓ ਸਾਰੇ ਆਪਣੀ ਮਾਂ-ਬੋਲੀ ਪੰਜਾਬੀ ਉੱਤੇ ਮਾਣ ਕਰੀਏ,ਇਸ ਨਾਲ ਆਤਮ ਵਿਸ਼ਵਾਸ ਦਿੜ੍ਹ ਹੋਵੇਗਾ।ਗਿਆਨ,ਵਿਗਿਆਨ ਅਤੇ ਤਕਨੀਕੀ ਖੇਤਰ ਵਿੱਚ ਮੌਲਿਕ ਅਤੇ ਉੱਚੀਆਂ ਉਡਾਰੀਆਂ ਮਾਰ ਸਕਾਂਗੇ।ਬੱਚਿਆਂ ਨੂੰ ਆਪਣੀ ਮਾਂ-ਬੋਲੀ ਪੰਜਾਬੀ ਨਾਲ ਜੋੜੀਏ।ਇਸ ਰਾਹੀਂ ਉਹ ਆਪਣੇ ਵਿਰਸੇ ਅਤੇ ਸਮਾਜਕ ਕਦਰਾਂ-ਕੀਮਤਾਂ ਨਾਲ ਜੁੜ ਸਕਣਗੇ।ਉਨ੍ਹਾਂ ਦੀ ਸ਼ਖ਼ਸ਼ੀਅਤ ਦਾ ਹਰ ਪੱਖੋਂ ਵਿਕਾਸ ਹੋਵੇਗਾ।ਮਾਂ-ਬੋਲੀ ਦੀ ਕਦਰ ਕਰਨਾ ਮਾਂ ਦੀ ਕਦਰ ਕਰਨ ਦੇ ਬਰਾਬਰ ਹੈ।



# ਨਗਰ ਕੀਰਤਨ

## ਪਰਿਭਾਸ਼ਾ, ਸਰੂਪ ਅਤੇ ਮਹੱਤਵ

ਨਗਰ ਕੀਰਤਨ : ਪਰਿਭਾਸ਼ਾ, ਸਰੂਪ ਅਤੇ ਮਹੱਤਵ

ਅੱਜ ਪੰਜਾਬ ਤੋਂ ਲੈ ਕੇ ਦੁਨੀਆਂ ਦੇ ਹਰ ਕੋਨੇ ਵਿੱਚ, ਜਿੱਥੇ ਵੀ ਸਿੱਖ ਵਸਦੇ ਹਨ, ਅਕਾਲ ਪੁਰਖ ਦਾ ਜੱਸ ਅਤੇ ਕੀਰਤੀ ਕਰਦੇ ਹਨ। ਸਿੱਖ ਕੌਮ ਇਤਿਹਾਸਕ ਮੌਕਿਆਂ ਉੱਪਰ ਨਗਰ ਕੀਰਤਨ ਸਜਾਉਂਦੀ ਹੈ। ਇਹ ਪਰੰਪਰਾ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ ਤੋਂ ਲੈ ਕੇ ਕੈਨੇਡਾ, ਅਮਰੀਕਾ, ਇੰਗਲੈਂਡ ਆਸਟਰੇਲੀਆ,ਨਿਊਜ਼ੀਲੈਂਡ, ਸਿੰਗਾਪੁਰ, ਮਲੇਸ਼ੀਆ, ਦੁਬਈ ਅਤੇ ਪਾਕਿਸਤਾਨ ਸਮੇਤ ਹਰ ਉਸ ਮੁਲਕ ਦੇ ਵਿੱਚ ਸ਼ਾਨ ਨਾਲ ਕਾਇਮ ਹੈ, ਜਿੱਥੇ ਗੁਰੂ ਨਾਨਕ ਨਾਮ ਲੇਵਾ ਇੱਕ ਵੀ ਸਿੱਖ ਵਸਿਆ ਹੋਇਆ ਹੈ।ਨਗਰ ਕੀਰਤਨ ਸ਼ਬਦ ਦੀ ਪਰਿਭਾਸ਼ਾ ਦੇਖੀਏ ਤਾਂ ਇਹ ਦੋ ਸ਼ਬਦਾਂ ਦਾ ਜੋੜ ਹੈ 'ਨਗਰ' ਅਤੇ 'ਕੀਰਤਨ'। ਕੀਰਤਨ ਸ਼ਬਦ ਗੁਰਬਾਣੀ 'ਚ ਅਨੇਕਾਂ ਵਾਰ ਆਇਆ ਹੈ। ਜਿੱਥੇ ਕੀਰਤਨ ਗਾਇਨ ਸਿੱਖੀ ਦਾ ਸ਼ਾਨਮਈ ਵਿਰਸਾ ਹੈ ਅਤੇ ਗੁਰੂ ਸਾਹਿਬਾਨ ਸਮੇਂ ਤੋਂ ਕੀਰਤਨ ਆਰੰਭ ਹੋਇਆ ਹੈ, ਉੱਥੇ ਇਹ ਸਦਾ ਹੀ ਕਾਇਮ ਹੈ ਅਤੇ ਰਹੇਗਾ ਵੀ। ਗੁਰੂ ਨਾਨਕ ਸਾਹਿਬ ਅਤੇ ਭਾਈ ਮਰਦਾਨਾ ਜੀ ਦੇ ਸਬੰਧ ਵਿੱਚ ਭਾਈ ਗੁਰਦਾਸ ਜੀ ਦੀਆਂ ਵਾਰਾਂ 'ਚ ਅਨੇਕ ਥਾਵਾਂ 'ਤੇ ਇਹ ਸ਼ਬਦ ਹਨ, ਜਦੋਂ ਗੁਰੂ ਸਾਹਿਬ ਬਾਣੀ ਰਚਦੇ ਅਤੇ ਗਾਇਨ ਕਰਦੇ ਤੇ ਭਾਈ ਮਰਦਾਨਾ ਜੀ ਰਬਾਬ ਵਜਾਉਂਦੇ। ਇਸ ਤੋਂ ਬਾਅਦ ਗੁਰੂ ਕਾਲ ਦੌਰਾਨ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਿੱਖਾਂ ਨੂੰ ਮੌਲਿਕ ਰੂਪ ਵਿੱਚ ਸਰੰਦਾ ਅਤੇ ਅਨੇਕਾਂ ਹੋਰ ਸਾਜ ਬਖਸ਼ੇ ਅਤੇ ਹਰ ਇੱਕ ਸਿੱਖ ਨੂੰ ਕੀਰਤਨ ਕਰਨ ਵਾਸਤੇ ਪ੍ਰੇਰਿਆ। ਮਹਾਨ ਗੌਰਵਮਈ ਵਿਰਸੇ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਬੜਾ ਉੱਚਾ ਰੁਤਬਾ ਦਿੱਤਾ। ਇੱਥੋਂ ਤੱਕ ਕਿ ਜੰਗਾਂ ਮੌਕੇ ਵੀ 'ਆਸਾ ਜੀ ਦੀ ਵਾਰ' ਦਾ ਕੀਰਤਨ ਆਪ ਖੁਦ ਕਰਨ ਦੀਆਂ ਇਤਿਹਾਸਕ ਮਿਸਾਲਾਂ ਸਾਹਮਣੇ ਹਨ। ਉਸ ਤੋਂ ਮਗਰੋਂ ਵੀ ਹਰ ਹਾਲ ਵਿੱਚ ਕੀਰਤਨ ਦਾ ਸਤਿਕਾਰ ਵਧਿਆ ਅਤੇ ਇਹ ਹਮੇਸ਼ਾ ਕਾਇਮ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬਾਣੀ 31 ਰਾਗਾਂ ਵਿੱਚ ਦਰਜ ਕਰਨ ਅਤੇ ਰਾਗਾਂ ਵਿੱਚ ਗਾਇਨ ਦੀ ਵਿਧੀ ਇਸ ਦੀ ਮਿਸਾਲ ਹੈ, ਜਿਸ ਨੂੰ ਆਧਾਰ ਬਣਾ ਕੇ ਕੀਰਤਨੀਏ ਰਾਗਾਂ ਦਾ ਅਧਿਅਨ ਕਰਦੇ ਹਨ। ਜਿੱਥੇ ਕਿਤੇ ਸੁਧਾਰ ਦੀ ਗੁੰਜਾਇਸ਼ ਹੈ, ਇਸ ਨੂੰ ਹੋਰ ਪ੍ਰਚਾਰਨ ਦੀ ਲੋੜ ਹੈ।

ਸ਼ਬਦ ਨਗਰ ਦਾ ਭਾਵ ਅਸਥਾਨ ਤੋਂ ਹੈ, ਚਾਹੇ ਪਿੰਡ, ਕਸਬਾ, ਸ਼ਹਿਰ, ਕੁਝ ਵੀ ਹੋਵੇ। ਦੇਸ਼- ਵਿਦੇਸ਼ ਜਿੱਥੇ ਵੀ, ਜਿਸ ਵੀ ਸ਼ਹਿਰ ਵਿੱਚ ਸਿੱਖ ਵੱਸਦੇ ਹਨ, ਉਨ੍ਹਾਂ ਲਈ ਉਹ ਨਗਰ ਹੈ। ਇਉਂ ਨਗਰ ਅਤੇ ਕੀਰਤਨ ਦੋਹੇਂ ਸ਼ਬਦਾਂ ਦੇ ਜੋੜ ਤੋਂ 'ਨਗਰ ਕੀਰਤਨ' ਬਣਦਾ ਹੈ, ਜਿਸ ਦਾ ਭਾਵ ਹੈ ਵਿਸ਼ੇਸ਼ ਧਾਰਮਿਕ ਮੌਕਿਆਂ 'ਤੇ ਨਗਰ ਵਿੱਚ ਕੀਰਤਨ ਕਰਦੇ ਹੋਏ ਸਿੱਖੀ ਦੀ ਸ਼ੋਭਾ ਵਧਾਉਣੀ ਅਤੇ ਹੋਰਨਾ ਕੌਮਾਂ ਨੂੰ ਇਸ ਤੋਂ ਜਾਣੂ ਕਰਵਾਉਣਾ। ਇਸ ਦਾ ਖਾਸ ਨਿਯਮ ਇਹ ਹੈ ਕਿ ਨਗਰ ਕੀਰਤਨ ਸਜਾਉਂਦੇ ਹੋਏ ਕੀਰਤਨ ਕਰਦਿਆਂ ਹੋਇਆਂ ਨਗਰ ਵਿੱਚ ਦੀ ਗੁਜ਼ਰਨਾ। ਨਗਰ ਵਿੱਚ ਕੀਰਤਨ ਗਾਇਨ ਕਰਦੇ ਚੱਲਣਾ। ਇਸ ਮਹਾਨ ਗੌਰਵਮਈ ਵਿਰਸੇ ਦਾ ਆਧਾਰ ਗੁਰੂ ਸਾਹਿਬਾਨ ਦਾ ਜਸ ਅਤੇ ਕੀਰਤੀ ਹਨ, ਕਿਉਂਕਿ ਨਗਰ ਕੀਰਤਨ ਨਿਰੋਲ ਧਾਰਮਿਕ ਅਤੇ ਸਿੱਖੀ ਪ੍ਰਚਾਰ ਦਾ ਜ਼ਰੀਆ ਹੈ, ਇਸ ਕਰਕੇ ਨਗਰ ਕੀਰਤਨ ਵਿੱਚ ਸਿੱਖ ਵਿਰਸੇ ਨਾਲ ਸਬੰਧਤ ਧਾਰਮਿਕ ਪੱਖਾਂ ਨੂੰ ਹੀ ਜੋੜ ਕੇ ਵੇਖਿਆ ਜਾਂਦਾ ਹੈ ਜਿਵੇਂ ਕਿ ਨਗਰ ਕੀਰਤਨ ਵਿੱਚ ਸਿੱਖਾਂ ਦੀ ਸ਼ਾਨਦਾਰ ਵਿਰਾਸਤ ਦਾ ਪ੍ਰਤੀਕ ਗੱਤਕਾ ਖੇਡਣਾ, ਜੋ ਕਿ ਤਖ਼ਤ ਸਾਹਿਬਾਨਾਂ ਤੋਂ ਲੈ ਕੇ ਹਰ ਗੁਰਦੁਆਰਾ ਸਾਹਿਤਕ ਸਾਹਿਬ ਤੱਕ ਮੌਜੂਦ ਹੈ। ਇਸ ਦੇ ਨਾਲ ਹੀ ਗੁਰਬਾਣੀ ਦੀ ਕਥਾ- ਵਿਚਾਰ, ਢਾਡੀ -ਕਵੀਸ਼ਰੀ ਪਰੰਪਰਾ, ਇਹ ਸਭ ਸਿੱਖੀ ਦੇ ਧਾਰਮਿਕ ਪੱਖ ਹਨ ਅਤੇ ਨਗਰ ਕੀਰਤਨ ਦਾ ਹਿੱਸਾ ਹਨ। ਵਿਦੇਸ਼ਾਂ ਵਿੱਚ ਹੋਰ ਵੀ ਜ਼ਰੂਰੀ ਬਣ ਜਾਂਦਾ ਹੈ ਕਿ ਨਗਰ ਕੀਰਤਨ ਦੇ ਮੌਕੇ 'ਤੇ ਵੱਧ ਤੋਂ ਵੱਧ ਬਹੁ- ਭਾਸ਼ਾਈ ਪੱਤਰ, ਇਤਿਹਾਸ ਅਤੇ ਵਿਰਸੇ ਦੇ ਮਹੱਤਵ ਨੂੰ ਪੇਸ਼ ਕਰਦਿਆਂ ਪੰਜਾਬੀ ਤੋਂ ਇਲਾਵਾ ਅੰਗਰੇਜ਼ੀ ਅਤੇ ਹੋਰਨਾਂ ਭਾਸ਼ਾਵਾ ਵਿੱਚ ਵੰਡੇ ਜਾਣ। ਨਗਰ ਕੀਰਤਨ ਦੀ ਸ਼ੋਭਨੀਕ ਸਰੂਪ ਦੀ ਮਹੱਤਤਾ ਇਹ ਵੀ ਹੈ ਕਿ ਬਹੁਤਾਤ ਲੋਕ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਮਗਰ ਤੁਰਨ, ਨਾ ਕਿ ਜ਼ਿਆਦਾ ਤਾਦਾਦ ਵਿੱਚ ਗੱਡੀਆਂ ਚੱਲਣ। ਚੱਲਦਿਆਂ ਹੋਇਆਂ ਇਹ ਵੀ ਖਿਆਲ ਰੱਖਿਆ ਜਾਏ ਕਿ ਅਸੀਂ ਗੁਰਬਾਣੀ ਤੇ ਨਗਰ ਕੀਰਤਨ ਦਾ ਸਤਿਕਾਰ ਕਰਦੇ ਹੋਏ ਸਿਰ ਢੱਕੇ ਹਨ ਅਤੇ ਕਿਸੇ ਵੀ ਕਿਸਮ ਦੇ ਨਸ਼ਾ ਸੇਵਨ ਦੀ ਪ੍ਰਵਿਰਤੀ ਤੋਂ ਮੁਕਤ ਹਾਂ। ਸਿੱਖੀ ਵਿੱਚ ਨਸ਼ਾ ਕਰਨ ਦਾ ਵਿਰੋਧ ਹੈ ਅਤੇ ਇਹ ਮਾਹੌਲ ਨੂੰ ਖਰਾਬ ਕਰਦਾ ਹੈ। ਨਗਰ ਕੀਰਤਨ ਮੌਕੇ ਕਈ ਵਾਰ ਗੁਰਬਾਣੀ ਪ੍ਰਚਾਰ ਦੀ ਥਾਂ ਤੇ ਵੱਖ- ਵੱਖ ਫਲੋਟਾਂ 'ਤੇ ਪੈਸੇ ਇਕੱਤਰ ਕਰਨ ਜਾਂ ਕਾਰੋਬਾਰੀ ਪ੍ਰਚਾਰ ਸ਼ੁਰੂ ਹੋ ਜਾਂਦੇ ਹਨ, ਜਿਨ੍ਹਾਂ ਦਾ ਨਗਰ ਕੀਰਤਨ ਨਾਲ ਸਬੰਧ ਨਹੀਂ ਹੁੰਦਾ। ਅਜਿਹਾ ਕਰਨਾ ਨਗਰ ਕੀਰਤਨ ਸਰੂਪ ਅਤੇ ਪਰਿਭਾਸ਼ਾ ਦੇ ਬਿਲਕੁਲ ਉਲਟ ਹੈ ਅਤੇ ਇਸ ਤੋਂ ਗੁਰੇਜ ਕਰਨਾ ਚਾਹੀਦਾ ਹੈ. ਨਗਰ ਕੀਰਤਨ ਦੌਰਾਨ ਸਟੇਜਾਂ ਤੋਂ ਲੋਕ ਨਾਚ ਭੰਗੜੇ ਜਾਂ ਗਿੱਧੇ ਦੀਆਂ ਪੇਸ਼ਕਾਰੀਆਂ ਨਗਰ ਕੀਰਤਨ ਦੇ ਸਰੂਪ ਦੇ ਬਿਲਕੁਲ ਅਨੁਕੂਲ ਨਹੀਂ। ਇਨ੍ਹਾਂ ਪੇਸ਼ਕਾਰੀਆਂ ਦੀ ਥਾਂ ਦਸਤਾਰਾਂ ਸਜਾਉਣ, ਬੀਰਰਸੀ ਵਾਰਾਂ ਗਾਉਣ ਅਤੇ ਸਿੱਖ ਮਾਰਸ਼ਲ ਆਰਟਸ ਜੌਹਰ ਦਿਖਾਉਣ ਨੂੰ ਪ੍ਰਚਾਰਨਾ ਤੇ ਪ੍ਰਸਾਰਨਾ ਚਾਹੀਦਾ ਹੈ। ਲੋਕ ਕਲਾਵਾਂ ਪੰਜਾਬੀ ਸੱਭਿਆਚਾਰ ਦਾ ਹਿੱਸਾ ਹਨ ਅਤੇ ਇਨ੍ਹਾਂ ਦੀ ਪੇਸ਼ਕਾਰੀ ਨਗਰ ਕੀਰਤਨ ਦੀ ਜਗ੍ਹਾ ਵੱਖਰੇ ਮੰਚ ਤੋਂ ਹੋਣੀ ਚਾਹੀਦੀ ਹੈ। ਇਹ ਨਾ ਵਿਵਾਦ ਦਾ ਵਿਸ਼ਾ ਹੋਣਾ ਚਾਹੀਦਾ ਹੈ ਤੇ ਨਾ ਹੀ ਇਸ 'ਤੇ ਕੋਈ ਸੁਆਲ ਹੀ ਉੱਠਣ ਦੀ ਗੁੰਜਾਇਸ਼ ਹੈ, ਕਿਉਂਕਿ ਨਗਰ ਕੀਰਤਨ ਦਾ ਭਾਵ ਕੀਰਤਨ ਤੋਂ ਹੈ ਜੋ ਨਗਰ 'ਚੋਂ ਗੁਜ਼ਰਦਿਆਂ ਸ਼ਰਧਾ -ਸਤਿਕਾਰ ਅਤੇ ਪ੍ਰੇਮ -ਰਸ ਵਿੱਚ ਭਿੱਜ ਕੇ ਕੀਤਾ ਜਾਂਦਾ ਹੈ। ਨਗਰ ਕੀਰਤਨ ਮੌਕੇ ਰਾਜਸੀ ਪਾਰਟੀਆਂ ਵੱਲੋਂ ਆਪਣੀਆਂ ਸਟੇਜਾਂ ਲਾਉਣ ਅਤੇ ਪ੍ਰਚਾਰ ਕਰਨ ਦੀ ਸੋਚ ਵੀ ਗਲਤ ਹੈ। ਅਜਿਹਾ ਕਰਕੇ ਉਹ ਧਾਰਮਿਕ ਕਾਰਜ ਨੂੰ ਸਿਆਸੀ ਰੰਗਤ ਦੇਣ ਦੀ ਕੋਸ਼ਿਸ਼ ਕਰਦੇ ਹਨ। ਸਿੱਖ ਵਿਰਸੇ ਅਤੇ ਇਤਿਹਾਸ ਨਾਲ ਸਬੰਧਤ ਵਿਚਾਰਾਂ ਨਗਰ ਕੀਰਤਨ ਦਾ ਮੂਲ ਮਨੋਰਥ ਹੋਣੀਆਂ ਚਾਹੀਦੀਆਂ ਹਨ, ਜਿੰਨਾਂ ਵਿੱਚ ਸਿੱਖ ਕੌਮ ਦੇ ਲੰਮੇ ਸੰਘਰਸ਼ ਅਤੇ ਚੁਣੌਤੀਆਂ ਸਬੰਧੀ ਖਾਲਸੇ ਦੇ ਨੁਕਤਾ- ਨਿਗਾਹ ਤੋਂ ਵਿਚਾਰਾਂ ਹੋਣ ਨਾ ਕਿ ਪੁਲੀਟੀਕਲ ਪਾਰਟੀਆਂ ਆਪਣਾ ਪ੍ਰਚਾਰ ਕਰਨ। ਇੱਥੇ ਇਹ ਚੰਗੀ ਗੱਲ ਹੈ ਕਿ ਜੇਕਰ ਵੱਖ- ਵੱਖ ਸਿਆਸੀ ਪਾਰਟੀਆਂ ਨਾਲ ਸਬੰਧਤ ਸਟੇਜਾਂ ਤੋਂ ਨਗਰ ਕੀਰਤਨ ਦੇ ਇਤਿਹਾਸਕ ਮਹੱਤਵ ਅਤੇ ਸਿੱਖੀ ਨਾਲ ਸਬੰਧਤ ਕਾਰਜਾਂ ਬਾਰੇ ਸੰਬੰਧਿਤ ਰਾਜਸੀ ਧਿਰ ਵੱਲੋਂ ਨਿਭਾਈਆਂ ਜਾ ਰਹੀਆਂ ਭੂਮਿਕਾਵਾਂ ਦੀ ਜਾਣਕਾਰੀ ਦਿੱਤੀ ਜਾਵੇ ਨਾ ਕਿ ਸਿਆਸੀ ਚੋਣ ਪ੍ਰਚਾਰ ਹੀ ਨਗਰ ਕੀਰਤਨ ਦਾ ਕੇਂਦਰ ਬਿੰਦੂ ਹੋਣ। ਸੰਗਤ ਰੂਪ ਵਿੱਚ ਨਗਰ ਕੀਰਤਨ ਦੀ ਪਰਿਭਾਸ਼ਾ ਅਤੇ ਸਰੂਪ ਦੇ ਅਨੁਕੂਲ ਚੱਲਦਿਆਂ ਇਹ ਯਤਨ ਹੋਵੇ ਕਿ ਇਹ ਮਨੋਰੰਜਨ ਦਾ ਕੇਂਦਰ ਬਿੰਦੂ ਨਾ ਹੋ ਕੇ, ਮਹਾਨ ਵਿਰਸੇ ਦੀ ਇਤਿਹਾਸਕ ਜਾਣਕਾਰੀ ਦਾ ਕੇਂਦਰ ਹੈ। ਸੋ ਅਜਿਹੀ ਸੋਚ ਨਾਲ ਹੀ ਨਗਰ ਕੀਰਤਨ ਵਿੱਚ ਸ਼ਾਮਲ ਹੋਇਆ ਜਾਵੇ। ਥਾਂ- ਥਾਂ ਲੱਗੇ ਸਟਾਲਾਂ ਦੀ ਸੇਵਾ ਜਿੱਥੇ ਬਹੁਤ ਅਹਿਮ ਹੈ, ਉੱਥੇ ਇਹ ਵੀ ਖਿਆਲ ਰੱਖਿਆ ਜਾਵੇ ਕਿ ਨਿਰਾ ਭੋਜਨ ਵੰਡਣ 'ਤੇ ਹੀ ਅਸੀਂ ਕੇਂਦਰਿਤ ਨਾ ਹੋ ਜਾਈਏ, ਸਗੋਂ 'ਸ਼ਬਦ ਦੇ ਲੰਗਰ' ਭਾਵ ਕਿਤਾਬਾਂ ਦੇ ਸਟਾਲ ਵੀ ਵੱਧ ਤੋਂ ਵੱਧ ਲਗਾਏ ਜਾਣ। ਖਾਣ -ਪੀਣ ਲਈ ਜਿੱਥੇ ਸਾਫ਼ ਸਫ਼ਾਈ ਦਾ ਖ਼ਿਆਲ ਰੱਖਣਾ ਬੜਾ ਉਚਿਤ ਹੈ, ਉੱਥੇ ਪਲਾਸਟਿਕ ਦੀ ਵਰਤੋਂ ਕਰਕੇ ਵਾਤਾਵਰਣ ਨੂੰ ਪ੍ਰਦੂਸ਼ਤ ਕਰਨਾ ਵੀ ਗਲਤ ਹੈ। ਇਸ ਤੋਂ ਗੁਰੇਜ਼ ਕੀਤਾ ਜਾਣਾ ਬਣਦਾ ਹੈ। ਬਹੁਤ ਸਾਰੇ ਪੇਪਰਾਂ 'ਤੇ ਮਨੋ ਕਲਪਿਤ ਗੁਰੂ ਤਸਵੀਰਾਂ ਛਾਪ ਕੇ, ਫਿਰ ਉਨ੍ਹਾਂ ਵਿੱਚ ਖਾਣ ਪੀਣ ਲਈ ਪਦਾਰਥ ਲਪੇਟ ਕੇ ਲਿਜਾਣਾ ਗਲਤ ਹੈ। ਗੁਰਬਾਣੀ ਦੀਆਂ ਪੰਗਤੀਆਂ ਤੇ ਗੁਰਮੁੱਖੀ ਅੱਖਰ, ਇਨ੍ਹਾਂ ਦਾ ਸਤਿਕਾਰ ਕਰਨਾ ਵੀ ਸਾਡਾ ਫਰਜ਼ ਹੈ। ਆਮ ਦੇਖਿਆ ਜਾਂਦਾ ਹੈ ਕਿ ਅਜਿਹੇ ਮੌਕਿਆਂ 'ਤੇ ਅਜਿਹੇ ਦਸਤਾਵੇਜ਼ ਪੈਰਾਂ ਵਿੱਚ ਰੁਲ ਰਹੇ ਹੁੰਦੇ ਹਨ ਜੋ ਕਿ ਗੁਰਬਾਣੀ ਦਾ ਨਿਰਾਦਰ ਹੈ। ਨਗਰ ਕੀਰਤਨ ਵਿੱਚ ਬੱਚਿਆਂ ਨੂੰ ਲਿਜਾਣ ਤੋਂ ਪਹਿਲਾਂ ਇਸ ਦੇ ਇਤਿਹਾਸ ਤੋਂ ਜਾਣੂ ਕਰਵਾਇਆ ਜਾਏ। ਇਹ ਜ਼ਰੂਰੀ ਇਸ ਕਰਕੇ ਹੈ ਕਿ ਬੱਚੇ ਇਤਿਹਾਸ ਅਤੇ ਵਿਰਸੇ ਬਾਰੇ ਗਿਆਨ ਰੱਖਣ, ਜੋ ਕਿ ਨਗਰ ਕੀਰਤਨ ਦਾ ਮਨੋਰਥ ਹੈ, ਨਾ ਕਿ ਉਹ ਕੇਵਲ ਭੋਜਨ ਸਟਾਲਾਂ ਤੇ ਮੌਜ -ਮੇਲਿਆਂ ਨੂੰ ਹੀ ਨਗਰ ਕੀਰਤਨ ਆਖਣ। ਇਹ ਤਦ ਹੀ ਹੋ ਸਕਦਾ ਹੈ ਜੇ ਸਾਨੂੰ ਆਪ ਨੂੰ ਆਪਣੇ ਮਹਾਨ ਵਿਰਸੇ ਦੀ ਸੋਝੀ ਹੋਵੇ ਅਤੇ ਇਤਿਹਾਸ ਨੂੰ ਪੜ੍ਹਿਆ ਹੋਵੇ। ਜਿਹੜੇ ਸਕੂਲਾਂ- ਅਕੈਡਮੀਆਂ ਦੇ ਬੱਚੇ ਇਤਿਹਾਸ ਦੀ ਜਾਣਕਾਰੀ ਨਾਲ ਸਜ- ਧਜ ਕੇ ਖਾਲਸਾਈ ਪਹਿਰਾਵੇ ਵਿੱਚ ਨਗਰ ਕੀਰਤਨ ਦੀ ਸ਼ੋਭਾ ਵਧਾਉਂਦੇ ਹਨ, ਉਨ੍ਹਾਂ ਦੇ ਮਾਪੇ ਅਤੇ ਪ੍ਰਬੰਧਕ ਵਧਾਈ ਦੇ ਪਾਤਰ ਹਨ। ਨਗਰ ਕੀਰਤਨ ਵਿੱਚ ਸ਼ਾਮਿਲ ਹੋਣ ਮੌਕੇ ਹਉਮੈ, ਹੰਕਾਰ ਅਤੇ ਕ੍ਰੋਧ ਦੀ ਥਾਂ ਨਿਮਰਤਾ, ਸਤਿਕਾਰ ਅਤੇ ਪ੍ਰੇਮ ਨਾਲ ਸ਼ਾਮਿਲ ਹੋਣਾ ਚਾਹੀਦਾ ਹੈ। ਤਦ ਹੀ ਅਸੀਂ ਨਗਰ ਕੀਰਤਨ ਦੀ ਸ਼ਾਨ ਅਤੇ ਗੁਰੂ ਦੇ ਸਤਿਕਾਰ ਦੇ ਧਾਰਨੀ ਹੋ ਸਕਦੇ ਹਾਂ ਅਤੇ ਫ਼ਖ਼ਰ ਨਾਲ ਆਖ ਸਕਦੇ ਹਾਂ:

'ਝੂਲਦੇ ਨਿਸ਼ਾਨ ਰਹੇਂ ਪੰਥ ਮਹਾਰਾਜ ਕੇ'

**-ਡਾ. ਗੁਰਵਿੰਦਰ ਸਿੰਘ ਧਾਲੀਵਾਲ**

# ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ

ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਪੰਕਤੀਆਂ 'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ' ਅਨੁਸਾਰ ਹਵਾ ਸਾਡੀ ਗੁਰੂ ਹੈ, ਪਾਣੀ ਸਾਡਾ ਪਿਤਾ ਅਤੇ ਧਰਤੀ ਸਾਡੀ ਮਾਤਾ ਹੈ। ਗੁਰੂ ਸਾਹਿਬ ਦੇ ਅਨੁਸਾਰ ਜੇਕਰ ਦੇਖੀਏ ਤਾਂ ਇਨ੍ਹਾਂ ਤਿੰਨਾਂ ਸ਼ਬਦਾਂ ਗੁਰੂ, ਪਿਤਾ ਅਤੇ ਮਾਤਾ ਦਾ ਸਾਡੇ ਜੀਵਨ ਵਿਚ ਬਹੁਤ ਹੀ ਮਹੱਤਵ ਹੈ। ਇਨ੍ਹਾਂ ਤੋਂ ਬਿਨਾਂ ਸਾਡਾ ਜੀਵਨ ਹੀ ਦਿਸ਼ਾਹੀਣ ਹੋਵੇਗਾ। ਮਾਤਾ-ਪਿਤਾ ਸਾਨੂੰ ਜਨਮ ਦਿੰਦੇ ਹਨ ਅਤੇ ਗੁਰੂ ਸਾਨੂੰ ਸਹੀ ਸੇਧ ਪ੍ਰਦਾਨ ਕਰਦਾ ਹੈ ਅਤੇ ਸਹੀ ਮਾਰਗ ਦਿਖਾਉਂਦਾ ਹੈ।

ਪਰ ਹੁਣ ਜੇਕਰ ਦੇਖਿਆ ਜਾਵੇ ਤਾਂ ਸਾਡੀ ਹਵਾ ਪੂਰੀ ਤਰ੍ਹਾਂ ਗੈਸਾਂ ਨਾਲ ਗੰਧਲੀ ਹੋ ਚੁੱਕੀ ਹੈ। ਪਾਣੀ ਵਿਚ ਵੀ ਅਸੀਂ ਜ਼ਹਿਰ ਘੋਲੀ ਜਾ ਰਹੇ ਹਾਂ। ਧਰਤੀ ਨੂੰ ਅਸੀਂ ਦਿਨ-ਪ੍ਰਤੀ-ਦਿਨ ਗੰਧਲਾ ਕਰੀ ਜਾ ਰਹੇ ਹਾਂ। ਹਵਾ ਨੂੰ ਅਸੀਂ ਆਵਾਜਾਈ ਦੇ ਸਾਧਨਾਂ ਨਾਲ ਪ੍ਰਦੂਸ਼ਿਤ ਕਰੀ ਜਾਂਦੇ ਹਾਂ। ਜੇਕਰ ਅਸੀਂ ਪ੍ਰਾਚੀਨ ਗ੍ਰੰਥਾਂ 'ਤੇ ਝਾਤ ਮਾਰੀਏ ਤਾਂ ਸਾਨੂੰ ਆਪਣੇ ਚੌਗਿਰਦੇ ਬਾਰੇ ਅਨੇਕਾਂ ਉਦਾਹਰਨਾਂ ਮਿਲਦੀਆਂ ਹਨ। ਇਸ ਸਬੰਧ ਵਿਚ ਪ੍ਰਾਚੀਨ ਗ੍ਰੰਥ ਅਥਰਵੇਦ ਦੇ ਭੂਮੀ ਸੂਕਤ ਵਿਚ ਲਿਖਿਆ ਹੋਇਆ ਹੈ ਕਿ 'ਏ ਧਰਤੀ! ਤੇਰੀਆਂ ਪਹਾੜੀਆਂ, ਤੇਰੇ ਬਰਫਾਂ ਲੱਦੇ ਪਰਬਤਾਂ ਦੀਆਂ ਚੋਟੀਆਂ, ਤੇਰੇ ਜੰਗਲ ਸਾਡੇ ਉੱਪਰ ਮਿਹਰ ਕਰਨ, ਕਿਉਂਕਿ ਮੈਂ ਇਸ ਧਰਤੀ ਉੱਪਰ ਆਪਣਾ ਘਰ ਬਣਾਇਆ ਹੈ।' ਇਨ੍ਹਾਂ ਲਾਈਨਾਂ ਵਿਚ ਮਨੁੱਖ ਰੱਬ ਦੀਆਂ ਅਸੀਮ ਬਰਕਤਾਂ ਦੀ ਪ੍ਰਸ਼ੰਸਾ ਕਰਦਾ ਹੈ ਅਤੇ ਪਰਮਾਤਮਾ ਨੂੰ ਇਹ ਕਹਿ ਰਿਹਾ ਹੈ ਕਿ ਇਸ ਧਰਤੀ 'ਤੇ ਆਪਣੀ ਮਿਹਰ ਕਰ। ਚਾਹੇ ਉਸ ਸਮੇਂ ਵਾਤਾਵਰਨ ਏਨਾ ਖਰਾਬ ਨਹੀਂ ਸੀ ਪਰ ਫਿਰ ਵੀ ਮਨੁੱਖ ਉਸ ਦੀਆਂ ਅਥਾਹ ਬਖਸ਼ਿਸ਼ਾਂ ਤੋਂ ਅਣਜਾਣ ਨਹੀਂ ਸੀ। ਇਸੇ ਸਬੰਧ ਵਿਚ ਜੇਕਰ ਅਸੀਂ ਬਾਈਬਲ ਦਾ ਪਹਿਲਾ ਅਧਿਆਇ ਪੜ੍ਹੀਏ ਤਾਂ ਉਸ ਵਿਚੋਂ ਸਾਨੂੰ ਪਤਾ ਲੱਗਦਾ ਹੈ ਕਿ 'ਪ੍ਰਿਥਵੀ ਉੱਪਰ ਜੀਵ ਜਗਤ ਆਉਣ ਤੋਂ ਪਹਿਲਾਂ ਪੌਦੇ ਅਤੇ ਬਨਸਪਤੀ ਮੌਲ ਰਹੀ ਸੀ।' ਹੁਣ ਉਹੀ ਜੀਵ ਜਿਸ ਨੂੰ ਇਨ੍ਹਾਂ ਪੌਦਿਆਂ ਅਤੇ ਬਨਸਪਤੀ ਨੇ ਸਾਹ ਦਾ ਦਾਨ ਦਿੱਤਾ, ਅੱਜ ਉਸ ਨੂੰ ਹੀ ਇਹ ਮਨੁੱਖ ਹਾਨੀ ਪਹੁੰਚਾ ਰਿਹਾ ਹੈ। ਵਾਤਾਵਰਨ, ਜਿਸ ਵਿਚ ਅਸੀਂ ਰਹਿੰਦੇ ਹਾਂ, ਉਸ ਵਿਚ ਸਭ ਤੋਂ ਮਹੱਤਵਪੂਰਨ ਰੋਲ ਪੌਦਿਆਂ ਦਾ ਹੈ, ਜੋ ਮੌਸਮ ਨੂੰ ਖੁਸ਼ਗਵਾਰ ਅਤੇ ਇਸ ਵਿਚ ਤਾਲਮੇਲ ਬਣਾਈ ਰੱਖਦੇ ਹਨ। ਪੌਦਿਆਂ ਦਾ ਸਾਡੇ ਜੀਵਨ ਵਿਚ ਬੜਾ ਅਹਿਮ ਯੋਗਦਾਨ ਹੈ। ਇਹ ਸਾਡੀ ਸਾਹ ਲੜੀ ਹੀ ਨਹੀਂ, ਸਗੋਂ ਸਾਡੀ ਭੋਜਨ ਲੜੀ ਦਾ ਵੀ ਹਿੱਸਾ ਹਨ। ਇਨ੍ਹਾਂ ਦੇ ਪੱਤੇ, ਜੜ੍ਹਾਂ ਤੇ ਤਣੇ ਮਰ ਕੇ ਵੀ ਸਾਨੂੰ ਪੂਰਾ ਲਾਭ ਪ੍ਰਦਾਨ ਕਰਦੇ ਹਨ। ਵਾਯੂ ਮੰਡਲ ਵਿਚ ਆਕਸੀਜਨ ਤੇ ਕਾਰਬਨ ਡਾਈਆਕਸਾਈਡ ਦਾ ਸੰਤੁਲਨ ਇਨ੍ਹਾਂ ਪੌਦਿਆਂ ਨੇ ਹੀ ਕਾਇਮ ਰੱਖਿਆ ਹੋਇਆ ਹੈ। ਸਾਡੇ ਗੁਰੂਆਂ, ਪੀਰਾਂ ਤੇ ਵੱਡੇ-ਵਡੇਰਿਆਂ ਨੇ ਮਨੁੱਖ ਦੀ ਇਨ੍ਹਾਂ ਪੌਦਿਆਂ ਨਾਲ ਬੜੀ ਨੇੜੇ ਦੀ ਸਾਂਝ ਦੱਸੀ ਹੈ ਪਰ ਇਹ ਸਾਂਝ ਅੱਜ ਅਸੀਂ ਆਪ ਹੀ ਤੋੜਨੀ ਸ਼ੁਰੂ ਕਰ ਦਿੱਤੀ ਹੈ। ਗੁਰੂ ਨਾਨਕ ਦੇਵ ਜੀ ਨੇ ਵੀ ਉਸ ਅਕਾਲ ਪੁਰਖ ਦੀ ਬਣਾਈ ਹੋਈ ਇਸ ਸ੍ਰਿਸ਼ਟੀ ਦਾ ਰੱਜ ਕੇ ਗੁਣ-ਗਾਣ ਕੀਤਾ। ਉਹ ਕੁਦਰਤ ਨੂੰ ਕਾਦਰ (ਰੱਬ) ਦਾ ਹੀ ਰੂਪ ਸਮਝਦੇ ਹਨ ਅਤੇ ਉਸ ਦੀ ਸਾਜੀ ਹੋਈ ਸ੍ਰਿਸ਼ਟੀ ਦੀ ਆਰਤੀ ਉਤਾਰਦੇ ਹਨ। ਉਹ ਇਸ ਸ੍ਰਿਸ਼ਟੀ ਦੀ ਪ੍ਰਸ਼ੰਸਾ ਵਿਚ ਇਹ ਸਤਰਾਂ ਲਿਖਦੇ ਹਨ : ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ।

ਧੂਪ ਮਲਆਨਲੋ, ਪਵਣੁ ਚਵਰੋ ਕਰੇ
ਸਗਲ ਬਨਰਾਇ ਫੂਲੰਤ ਜੋਤੀ ॥
ਕੈਸੀ ਆਰਤੀ ਹੋਇ ॥
ਭਵ ਖੰਡਨਾ ਤੇਰੀ ਆਰਤੀ
ਅਨਹਤਾ ਸ਼ਬਦ ਵਾਜੰਤ ਭੇਰੀ ॥

ਸਾਡੇ ਗੁਰੂਆਂ, ਪੀਰਾਂ ਅਤੇ ਸੰਤਾਂ ਤੋਂ ਇਲਾਵਾ 20ਵੀਂ ਅਤੇ 21ਵੀਂ ਸਦੀ ਵਿਚ ਇਸ ਵਾਤਾਵਰਨ ਨੂੰ ਬਚਾਉਣ ਵਿਚ ਕਈ ਸਮਾਜ ਸੇਵੀ ਸੰਸਥਾਵਾਂ ਵੀ ਅੱਗੇ ਆਈਆਂ, ਜਿਨ੍ਹਾਂ ਵਿਚ ਚਿਪਕੋ ਅੰਦੋਲਨ ਦਾ ਬਹੁਤ ਵੱਡਾ ਯੋਗਦਾਨ ਹੈ। ਪੰਜਾਬ ਵਿਚ ਵਾਤਾਵਰਨ ਨੂੰ ਹਰਿਆ-ਭਰਿਆ ਰੱਖਣ ਲਈ ਸੰਤ ਬਲਬੀਰ ਸਿੰਘ ਸੀਚੇਵਾਲ ਦਾ ਵੀ ਬਹੁਤ ਵੱਡਾ ਯੋਗਦਾਨ ਹੈ। ਇਹ ਉਹ ਵਾਤਾਵਰਨ ਪ੍ਰੇਮੀ ਹੈ, ਜਿਸ ਨੂੰ ਸਾਡੇ ਭਾਰਤ ਦੇ ਆਦਰਯੋਗ ਰਾਸ਼ਟਰਪਤੀ ਸ੍ਰੀ ਏ.ਪੀ.ਜੇ. ਅਬਦੁਲ ਕਲਾਮ ਨੇ ਆਪ ਲੱਭਿਆ ਸੀ। ਇਸ ਸੰਤ ਨੇ ਕਾਲੀ ਵੇਈਂ ਜਿਸ ਦੀ ਲੰਬਾਈ ਪਿੰਡ ਧਨੋਆ ਤੋਂ ਲੈ ਕੇ ਹਰੀਕੇ ਪੱਤਣ ਤੱਕ ਲਗਪਗ 160 ਕਿਲੋਮੀਟਰ ਹੈ, ਨੂੰ ਸਾਫ਼ ਕਰਕੇ ਇਤਿਹਾਸ ਕਾਇਮ ਕੀਤਾ ਅਤੇ ਸੀਚੇਵਾਲ ਮਾਡਲ ਨੂੰ ਦੇਸ਼ ਦੇ ਸਾਹਮਣੇ ਪੇਸ਼ ਕੀਤਾ। ਸੀਚੇਵਾਲ ਪਿੰਡ ਵਿਚ ਸੰਤ ਬਲਬੀਰ ਸਿੰਘ ਨੇ ਪਾਣੀ ਨੂੰ ਦੁਬਾਰਾ ਵਰਤੋਂ ਵਿਚ ਲਿਆਉਣ ਲਈ ਪਿੰਡ ਵਿਚ ਛੱਪੜ ਦੇ ਪਾਣੀ ਨੂੰ ਖੇਤੀ ਲਈ ਵਰਤਣਯੋਗ ਬਣਾਇਆ। ਸੰਤ ਸੀਚੇਵਾਲ ਅਨੁਸਾਰ 'ਪੰਜਾਬ ਦੇ ਸਾਰੇ ਛੱਪੜਾਂ 'ਤੇ ਮੋਟਰਾਂ ਲਾ ਕੇ ਜੇਕਰ ਪਾਣੀ ਖੇਤੀ ਲਈ ਵਰਤਿਆ ਜਾਵੇ ਤਾਂ ਜਿਥੇ ਇਹ ਪਾਣੀ ਕਿਸਾਨਾਂ ਲਈ ਵਰਦਾਨ ਸਾਬਤ ਹੋਵੇਗਾ, ਉਥੇ ਲਗਪਗ 20 ਹਜ਼ਾਰ ਮੋਟਰਾਂ ਧਰਤੀ ਹੇਠੋਂ ਪਾਣੀ ਕੱਢਣ ਤੋਂ ਰੁਕ ਜਾਣਗੀਆਂ, ਜਿਸ ਨਾਲ ਧਰਤੀ ਹੇਠਲਾ ਪਾਣੀ ਵੀ ਬਚੇਗਾ।' ਇਸ ਤਰ੍ਹਾਂ ਪਾਣੀ ਨੂੰ ਬਚਾਉਣਾ ਵੀ ਸਮੇਂ ਦੀ ਮੁੱਖ ਲੋੜ ਹੈ।

ਇਸ ਤਰ੍ਹਾਂ ਪੰਜਾਬ ਵਿਚ ਈਕੋ ਫ਼ਰੈਂਡਲੀ ਐਸੋਸੀਏਸ਼ਨ ਵੀ ਵਾਤਾਵਰਨ ਸਬੰਧੀ ਕੰਮ ਕਰ ਰਹੀ ਹੈ। ਇਸ ਨੇ 1999 ਈ: ਵਿਚ ਕੰਮ ਕਰਨਾ ਸ਼ੁਰੂ ਕੀਤਾ ਸੀ। ਹਰੇਕ ਸਾਲ ਇਹ ਸੰਸਥਾ ਸਰਕਾਰੀ ਅਤੇ ਗੈਰ-ਸਰਕਾਰੀ ਸੰਸਥਾਵਾਂ ਵਿਚ 5000 ਦੇ ਕਰੀਬ ਬੂਟੇ ਲਾਉਂਦੀ ਹੈ। ਹੁਣ ਤੱਕ ਇਸ ਸੰਸਥਾ ਨੇ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿਚ 80,000 ਦੇ ਕਰੀਬ ਬੂਟੇ ਲਾਏ ਹਨ ਅਤੇ ਹਰੇਕ ਜ਼ਿਲ੍ਹੇ ਵਿਚ ਨੁੱਕੜ ਨਾਟਕਾਂ ਨਾਲ ਲੋਕਾਂ ਿ ਵ ਚ



- ਸੰਜੀਵ ਕੁਮਾਰ ਕਲਸੀ

ਵਾਤਾਵਰਨ ਸਬੰਧੀ ਚੇਤਨਾ ਪੈਦਾ ਕੀਤੀ ਹੈ। ਇਸੇ ਤਰਜ਼ 'ਤੇ ਹੋਰ ਵੀ ਸੰਸਥਾਵਾਂ ਹਨ, ਜੋ ਵਾਤਾਵਰਨ ਨੂੰ ਬਚਾਉਣ ਵਿਚ ਲੱਗੀਆਂ ਹੋਈਆਂ ਹਨ। ਜੇਕਰ ਦੇਖਿਆ ਜਾਵੇ ਤਾਂ ਦੇਸ਼ ਦੀ ਵਧਦੀ ਆਬਾਦੀ ਨੇ ਮਨੁੱਖ ਦੀਆਂ ਲੋੜਾਂ ਵਿਚ ਵਾਧਾ ਕੀਤਾ ਹੈ। ਮਨੁੱਖ ਨੇ ਜੰਗਲਾਂ ਨੂੰ ਕੱਟ ਕੇ ਆਪਣੇ ਉਦਯੋਗਿਕ ਜੀਵਨ ਨੂੰ ਖੁਸ਼ਹਾਲ ਕੀਤਾ ਤੇ ਉਹ ਮਨੁੱਖ ਉਦਯੋਗਿਕ ਯੁੱਗ ਵਿਚ ਪ੍ਰਵੇਸ਼ ਕਰ ਗਿਆ। ਵਿਕਾਸਸ਼ੀਲ ਦੇਸ਼ ਆਪਣੇ ਲੋਕਾਂ ਨੂੰ ਜ਼ਿੰਦਾ ਰੱਖਣ ਲਈ ਕੁਦਰਤੀ ਸੋਮਿਆਂ ਦਾ ਉਜਾੜਾ ਕਰਨ ਲੱਗੇ ਤਾਂ ਦੂਜੇ ਪਾਸੇ ਵਿਕਸਿਤ ਦੇਸ਼ ਆਪਣੇ ਸਾਧਨਾਂ ਨੂੰ ਸੰਭਾਲ ਕੇ ਰੱਖਣ ਦੇ ਮੰਤਵਾਂ ਅਧੀਨ ਅਵਿਕਸਿਤ ਦੇਸ਼ਾਂ ਦੇ ਸੋਮਿਆਂ ਨੂੰ ਲੁੱਟਣ ਲੱਗੇ। ਕੁਦਰਤ ਦੀ ਇਸ ਲੁੱਟ-ਖਸੁੱਟ ਕਾਰਨ ਮਨੁੱਖ ਦਾ ਮਾਂ-ਪ੍ਰਕਿਰਤੀ ਵਿਚਕਾਰਲਾ ਨਾਤਾ ਟੁੱਟ ਰਿਹਾ ਹੈ। ਜੰਗਲਾਂ ਦੀ ਕਟਾਈ ਕਾਰਨ ਪਸ਼ੂ, ਪੰਖੇਰੂਆਂ ਤੇ ਕਈ ਪੌਦਿਆਂ ਦੀ ਸਾਂਭ-ਸੰਭਾਲ ਅਸੰਭਵ ਹੋ ਗਈ ਹੈ। ਇਨ੍ਹਾਂ ਹਰੇ-ਭਰੇ ਪੌਦਿਆਂ ਤੇ ਜੰਗਲਾਂ ਨੂੰ ਬਚਾਉਣ ਲਈ ਸਮੇਂ-ਸਮੇਂ 'ਤੇ ਕਈ ਐਕਟ ਵੀ ਪਾਸ ਹੋਏ। 1927 ਵਿਚ ਭਾਰਤੀ ਜੰਗਲੀ ਐਕਟ, 1972 ਵਿਚ ਜੰਗਲੀ ਜੀਵਨ ਬਚਾਓ ਐਕਟ, 1986 ਵਿਚ ਵਾਤਾਵਰਨ ਬਚਾਓ ਐਕਟ ਪਾਸ ਕੀਤੇ ਗਏ। ਭਾਰਤ ਸੰਸਾਰ ਵਿਚ ਪਹਿਲਾ ਦੇਸ਼ ਹੈ, ਜਿਸ ਨੇ 1976 ਵਿਚ 42ਵੀਂ ਸੋਧ ਰਾਹੀਂ ਸੰਵਿਧਾਨ ਦੇ ਭਾਗ 4, ਧਾਰਾ 48 ਏ ਤਹਿਤ ਵਾਤਾਵਰਨ, ਜੰਗਲਾਂ, ਜੰਗਲੀ ਜੀਵਾਂ ਤੇ ਕੁਦਰਤੀ ਸੋਮਿਆਂ ਦੀ ਸੰਭਾਲ ਤੇ ਸੁਰੱਖਿਆ ਇਕ ਸੰਵਿਧਾਨਕ ਜ਼ਿੰਮੇਵਾਰੀ ਹੈ, ਕਾਨੂੰਨ ਪਾਸ ਕੀਤਾ ਸੀ। ਇਸ ਤਰ੍ਹਾਂ ਸਾਡਾ ਵੀ ਫ਼ਰਜ਼ ਬਣਦਾ ਹੈ ਕਿ ਅਸੀਂ ਆਪਣੀ ਧਰਤੀ ਨੂੰ ਹਰਿਆ-ਭਰਿਆ ਬਣਾਉਣਾ ਹੈ, ਜਿਸ ਨਾਲ ਸਾਡੀ ਆਉਣ ਵਾਲੀ ਪੀੜ੍ਹੀ ਇਨ੍ਹਾਂ ਸੋਮਿਆਂ ਦਾ ਆਨੰਦ ਮਾਣ ਸਕੇ।

# Preetnama

Khara Sach

ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 272

Website: www.preetnama.com Email preetnamausa@gmail.com

04 OCT TO 10 OCT , 2024



No body have time to watch TV Advertisement
No body have time to read Physical newspapers

## It's social time.

Online News, Advertisement, Promotion Anytime anywhere.

## Doesn't matter where are you.

Advertisement with Preetnama.
Promote your business with TalkShow
We gave social stage to show yourself and your Business.

Business Persons, Doctor,
Advocates, VISA, Tour Travel, Actor, Singers,
writers come Join or TalkShow
and Advertisement with us on national
& International based.

Search Just
Preetnama
Youtube
Facebook
Twitter
Instragram
LinkedIn
Tiktok




No ned to go anywhere, Just leave message on WhatsApp or email us. We will call you back.

**Contact immediately**

+1 201-312-4180,+1 917-328-8436

www.preetnama.com, www.preetnews.com
Email- preetnamausa@gmail.com

# ਮਾਂ ਬੋਲੀ ਤੋਂ ਬੇਮੁੱਖ ਹੋਣਾ ਸਭ ਤੋਂ ਵੱਡੀ ਤ੍ਰਾਸਦੀ

ਡਾ: ਵਿਸ਼ਵਜੀਤ ਸਿੰਘ ਖੰਡਾ
ਸੰਪਰਕ :9317370333




ਬੋਲੀ ਸਿਰਫ ਅਤੇ ਸਿਰਫ ਆਪਣੇ ਮਨੋਭਾਵਾਂ ਨੂੰ ਪ੍ਰਗਟ ਕਰਨ ਦਾ ਸਾਧਨ ਹੀ ਨਹੀਂ ਹੁੰਦੀ ਸਗੋਂ ਇਸ ਨਾਲ ਕਿਸੇ ਖਿੱਤੇ ਦੇ ਲੋਕਾਂ ਦੀ ਪੂਰੀ ਜੀਵਨ ਜਾਂਚ ਹੁੰਦੀ ਹੈ। ਬੋਲੀ ਕਰਕੇ ਹੀ ਸਭਿਆਚਾਰ ਦੀ ਹੋਂਦ ਹੁੰਦੀ ਹੈ। ਅਜੋਕਾ ਮਨੁੱਖ ਬੋਲੀ ਕਰਕੇ ਹੀ ਬਾਕੀ ਜੀਵਾਂ ਤੋਂ ਅਲੱਗ ਹੈ । ਬੋਲੀ ਹੋਣ ਕਾਰਨ ਹੀ ਮਨੁੱਖ ਆਪਣੇ ਅਨੁਭਵਾਂ ਨੂੰ ਅਗਲੀ ਪੀੜੀ ਤੱਕ ਪਹੁੰਚਾ ਲੈ ਜਾਂਦਾ ਹੈ, ਜਿਸ ਕਰਕੇ ਉਸਦੀ ਸਮਝ ਵਿਕਸਿਤ ਹੁੰਦੀ ਗਈ ਅਤੇ ਉਹ ਧਰਤੀ ਦਾ ਸ੍ਰੇਸ਼ਟ ਜੀਵ ਬਣ ਗਿਆ। ਜ਼ਦੋਂ ਕਿ ਦੂਸਰੇ ਜਾਨਵਰਾਂ ਅਜਿਹਾ ਨਹੀਂ ਕਰ ਸਕੇ ਕਿਉਂਕਿ ਉਹ ਆਪਣੀ ਬੋਲੀ ਨਹੀਂ ਵਿਕਸਤ ਕਰ ਸਕੇ। ਦੁਨੀਆਂ ਦੀਆਂ ਸਾਰੀਆਂ ਬੋਲੀਆਂ ਹੀ ਮਹੱਤਵਪੂਰਨ ਹਨ ਅਤੇ ਹਰੇਕ ਬੋਲੀ ਦਾ ਆਪਣਾ ਇਤਿਹਾਸ ਅਤੇ ਮਹੱਤਵ ਹੈ। ਪਰ ਕਿਸੇ ਖਿੱਤੇ ਦੇ ਲੋਕਾਂ ਦੀ ਮਾਂ ਬੋਲੀ ਹੀ ਉਹਨਾਂ ਵਾਸਤੇ ਸਭ ਤੋਂ ਉੱਪਰ ਹੁੰਦੀ ਹੈ ਕਿਉਂਕਿ ਮਨੁੱਖ ਆਪਣੇ ਮਨੋਭਾਵ ਆਪਣੀ ਮਾਂ ਬੋਲੀ ਰਾਂਹੀਂ ਹੀ ਠੀਕ ਢੰਗ ਨਾਲ ਪ੍ਰਗਟ ਕਰ ਸਕਦਾ ਹੈ।ਮਾਂ ਬੋਲੀ ਮਾਂ ਦੇ ਦੁੱਧ ਨਾਲ ਅਤੇ ਆਪਣੇ ਆਲੇ ਦੁਆਲੇ ਤੋਂ ਸਿੱਖੀ ਹੋਈ ਬੋਲੀ ਹੁੰਦੀ ਹੈ।ਇੱਕ ਅੰਗਰੇਜ਼ ਕਵੀ ਲਿਖਦਾ ਹੈ ਮਾਂ ਬੋਲੀ ਬੱਚੇ ਅੰਦਰ ਧੜਕਦੇ ਦਿਲ ਦੀ ਬੋਲੀ ਹੁੰਦੀ ਹੈ । ਮਾਂ ਬੋਲੀ ਦੇ ਮਹੱਤਵ ਦਾ ਜਿਕਰ ਕਰਦੇ ਹੋਏ ਮੇਰਾ ਦਾਗਿਸਤਾਨ ਦੇ ਲੇਖਕ ਰਸੂਲ ਹਮਜਾਤੋਂਵ ਲਿਖਦੇ ਹਨ ਕਿ ਜੇਕਰ ਕਿਸੇ ਨੂੰ ਵੱਡੀ ਬਦ.:.ਦੁਆ ਦੇਣੀ ਹੋਵੇ ਤਾਂ ਉਸ ਨੂੰ ਕਹੋ ਕਿ ਜਾਹ ਤੈਨੂੰ ਤੇਰੀ ਮਾਂ ਬੋਲੀ ਭੁੱਲ ਜਾਵੇ । ਜਦੋਂ ਬ੍ਰਾਹਮਣਾ ਨੇ ਆਪਣੀ ਬੋਲੀ ਨੂੰ ਛੱਡ ਕੇ ਅਰਬੀ ਫਾਰਸੀ ਨੂੰ ਅਪਨਾਉਣਾ ਸ਼ੁਰੂ ਕਰ ਦਿੱਤਾ ਤਾਂ ਗੁਰੂ ਨਾਨਕ ਸਾਹਿਬ ਜੀ ਨੇ ਉਨ੍ਹਾਂ ਨੂੰ ਆਪਣੀ ਬੋਲੀ ਬੋਲਣ ਲਈ ਕਿਹਾ ਸੀ ਜਿਸ ਬਾਰੇ ਗੁਰੂ ਸਾਹਿਬ ਨੇ ਫਰਮਾਇਆ ਸੀ;

ਘਰਿ ਘਰਿ ਮੀਆ ਸਭਨਾ ਜੀਆ, ਬੋਲੀ ਅਵਰੁ ਤੁਮਾਰੀ॥

ਕੋਈ ਮਨੁੱਖ ਕਈ ਬੋਲੀਆਂ ਬੋਲ ਸਕਦਾ ਹੈ ਪਰੰਤੂ ਸਹੀ ਸਮਝ ਉਸੇ ਬੋਲੀ ਦੀ ਹੀ ਮੰਨੀ ਜਾਂਦੀ ਹੈ ਜਿਸ ਦੇ ਅਰਥਾਂ ਦੀ ਸਭਿਆਚਾਰਕ ਸਮਝ ਹੋਵੇ। ਆਮ ਤੌਰ ਤੇ ਬੰਦੇ ਨੂੰ ਉਸੇ ਸਭਿਆਚਾਰ ਦੀ ਸਮਝ ਹੁੰਦੀ ਹੈ ਜਿਥੇ ਉਹ ਜਨਮ ਲੈਂਦਾ ਹੈ। ਕਿਸੇ ਬੋਲੀ ਨੂੰ ਜਨਮ ਤੋਂ ਬੋਲਣ ਵਾਲੇ ਆਮ ਲੋਕਾਂ ਦੀ ਬੋਲ ਚਾਲ ਕਿਤਾਬੀ ਬੋਲੀ ਜਾਂ ਪੜ੍ਹੇ ਲਿਖੇ ਲੋਕਾਂ ਦੀ ਬੋਲੀ ਨਾਲੋਂ ਜਿਆਦਾ ਮੁਹਾਵਰੇਦਾਰ ਅਤੇ ਠੇਠ ਹੁੰਦੀ ਹੈ।ਜਦੋਂ ਮਾਂ ਬੋਲੀ ਸੰਕਟ ਵਿਚ ਆ ਜਾਵੇ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਇਹ ਮਸਲਾ ਕੋਈ ਛੋਟਾ ਨਹੀਂ, ਰੋਗ ਦੂਰ ਤੱਕ ਫੈਲ ਚੁੱਕਿਆ ਹੈ, ਇਸਤੇ ਗਹਿਰੇ ਚਿੰਤਨ ਦੀ ਲੋੜ ਹੈ । ਇਹ ਗੱਲ ਸਾਡੀ ਚਿੰਤਾ *ਚ ਭਾਰੀ ਵਾਧਾ ਕਰਨ ਵਾਲੀ ਹੈ ਕਿ ਮਸਲਾ ਆਪਣੀ ਮਾਂ ਬੋਲੀ ਨੂੰ ਬੋਲਣ ਤੋਂ ਕਾਫੀ ਅੱਗੇ ਲੰਘ ਕੇ ਆਪਣੀ ਮਾਂ ਬੋਲੀ ਨੂੰ ਨਾ.:.ਸਮਝ ਆਉਣ ਤੱਕ ਪਹੁੰਚ ਗਿਆ ਹੈ। ਇੱਕ ਪਾਸੇ ਤਾਂ ਆਪਣੀ ਮਾਂ ਬੋਲੀ ਨੂੰ ਛੱਡ ਰਹੇ ਲੋਕਾਂ ਦਾ ਸੁਆਲ ਚੱਲ ਰਿਹਾ ਹੈ ਅਤੇ ਦੂਜੇ ਪਾਸੇ ਉ=ਹਨਾਂ ਲੋਕਾਂ ਦੀ ਗੱਲ ਆਉਂਦੀ ਹੈ ਜਿਹੜੇ ਆਪਣੀ ਮਾਂ ਬੋਲੀ ਨੂੰ ਇਸ ਤਰਾਂ ਬੋਲਦੇ ਹਨ ਜਿਵੇਂ ਕੋਈ ਓਪਰਾ ਬੰਦਾ ਬੋਲਦਾ ਹੋਵੇ। ਹਰ ਬੋਲੀ ਦੇ ਜਮਾਂਦਰੂ ਬੁਲਾਰੇ ਉਸਦੇ ਗੂੜ੍ਹੇ ਮੁਹਾਵਰਿਆਂ ਦੀ ਵਰਤੋਂ ਕਰਦੇ ਹਨ ਜਿਹੜੇ ਕਿਤਾਬੀ ਬੋਲੀ ਤੋਂ ਲੱਗਭੱਗ ਬਾਹਰ ਹੀ ਹੁੰਦੇ ਹਨ। ਪਰੰਤੂ ਅੱਜ.:.ਕੱਲ੍ਹ ਬੋਲੀ ਜਾਂਦੀ ਪੰਜਾਬੀ ਬੋਲੀ ਬਹੁਤੀ ਕਿਤਾਬੀ ਹੀ ਹੈ ਕਿਉਂਕਿ ਸਾਡੇ ਸਮਾਜ ਅੰਦਰ ਸੱਭਿਆਚਾਰਕ ਅਰਥਾਂ ਵਾਲੇ ਲਫਜ਼ ਤੇਜੀ ਨਾਲ ਖਤਮ ਹੋ ਰਹੇ ਹਨ। ਦੂਜੇ ਸ਼ਬਦਾਂ *ਚ ਕਹੀਏ ਤਾਂ ਮੁਹਾਵਰੇ ਦੀ ਪੂਰੀ ਸਮਝ ਅਤੇ ਸਹਿਜ ਵਰਤੋਂ ਨੂੰ ਹੀ ਬੋਲੀ ਕਿਹਾ ਜਾਂਦਾ ਹੈ। ਇਸੇ ਲਈ ਵੱਧ ਫਿਕਰ ਵਾਲੀ ਗੱਲ ਇਹ ਹੈ ਕਿ ਸਾਡੀ ਅਗਲੀ ਪੀੜ੍ਹੀ ਦੀ ਬੋਲੀ ਵਿਚੋਂ ਮੁਹਾਵਰਾ ਹੀ ਖਤਮ ਹੋ ਰਿਹਾ ਹੈ। ਅੱਜਕੱਲ੍ਹ ਦੇ ਬਹੁਤੇ ਬੱਚਿਆਂ ਅਤੇ ਨੌਜਵਾਨਾਂ ਨਾਲ ਗੱਲਬਾਤ ਉਪਰੰਤ ਇੰਝ ਲਗਦਾ ਹੈ ਜਿਵੇਂ ਉਹ ਪੰਜਾਬ ਵਿਚ ਜੰਮੇ ਹੀ ਨਾ ਹੋਣ ਕਿਉਂਕਿ ਉਨ੍ਹਾਂ ਦੀ ਬੋਲੀ ਪੂਰੀ ਕਿਤਾਬੀ ਅਤੇ ਮੁਹਾਵਰਿਆਂ ਤੋਂ ਪੂਰੀ ਤਰ੍ਹਾਂ ਸੱਖਣੀ ਹੁੰਦੀ ਹੈ। ਮੁਹਾਵਰੇ ਦੀ ਵਰਤੋਂ ਅਰਥਾਂ *ਚ ਸੁਆਦ ਪੈਦਾ ਕਰਦੀ ਹੈ, ਇਕ ਜਾਨ ਪੈਦਾ ਕਰਦੀ ਹੈ। ਪੁਰਾਣੇ ਗਾਇਕ ਚਮਕੀਲੇ ਵਰਗਿਆਂ ਦੇ ਗੀਤ ਲੱਚਰ ਹੋਣ ਦੇ ਬਾਵਜੂਦ ਵੀ ਅਜੇ ਤੱਕ ਚੱਲ ਰਹੇ ਹਨ ਕਿਉਂਕਿ ਉਨ੍ਹਾਂ *ਚ ਮੁਹਾਵਰਿਆਂ ਦੀ ਵਰਤੋਂ ਹੈ। ਕਿਸੇ ਬੋਲੀ ਨੂੰ ਬੋਲਣ ਵਾਲਿਆਂ ਦੀ ਗਿਣਤੀ ਵੱਧ.:.ਘੱਟ ਹੋ ਸਕਦੀ ਹੈ ਪ੍ਰੰਤੂ ਬੋਲਣ ਵਾਲਿਆਂ ਦੀ ਬੋਲ ਚਾਲ ਜੇਕਰ ਮੂਲ ਮੁਹਾਵਰੇ ਤੋਂ ਸੱਖਣੀ ਹੈ ਤਾਂ ਉਹ ਉਸ ਬੋਲੀ ਦੇ ਖਾਤਮੇ ਵੱਲ ਜਾਣ ਦਾ ਇੱਕ ਸੰਕੇਤ ਹੈ।

ਸੰਸਾਰਕ ਬੋਲੀਆਂ ਦੇ ਤੇਜੀ ਨਾਲ ਹੋ ਰਹੇ ਖਾਤਮੇ ਸਬੰਧੀ ਯੂਨੈਸਕੋ ਦੀ ਇੱਕ ਸਰਵੇ.:.ਰਿਪੋਰਟ ਮੁਤਾਬਿਕ ਦੁਨੀਆਂ ਦੀਆਂ ਕੁਝ ਬੋਲੀਆਂ ਵਿਚੋਂ ਇਸ ਸਦੀ ਦੇ ਅੰਤ ਤੱਕ ਤਕਰੀਬਨ 90 ਫੀਸਦੀ ਬੋਲੀਆਂ ਖਤਮ ਹੋ ਜਾਣਗੀਆਂ। ਇਸ ਦਾ ਸਹਿਜ ਭਾਵ ਇਹ ਕਿ ਸਦੀ ਦੇ ਅੰਤ ਸਿਰਫ 10 ਫੀਸਦੀ ਬੋਲੀਆਂ ਹੀ ਬਾਕੀ ਰਹਿ ਜਾਣਗੀਆਂ । ਇਹ ਕੰਮ ਪੱਛਮੀਂ ਦੇਸ਼ਾਂ *ਚ ਵੀ ਚਾਲੂ ਹੈ ਜਿੱਥੇ 19ਵੀਂ ਸਦੀ ਤੱਕ 300 ਬੋਲੀਆਂ ਸਨ ਪ੍ਰੰਤੂ ਅੱਜ ਸਿਰਫ 55 ਦੇ ਕਰੀਬ ਹੀ ਬਾਕੀ ਬਚੀਆਂ ਹਨ। ਸਭ ਤੋਂ ਸੌਖੇ ਮੰਨੇ ਜਾਂਦੇ ਦੇਸ਼ ਕੈਨੇਡਾ ਦੀ ਗੱਲ ਕਰੀਏ ਤਾਂ 1951 *ਚ 87841 ਫੀਸਦੀ ਲੋਕ ਖੇਤਰੀ ਭਾਸ਼ਾਵਾਂ ਬੋਲਦੇ ਸਨ, ਪ੍ਰੰਤੂ ਅੱਜ ਉਹ 26 ਫੀਸਦੀ ਹੀ ਰਹਿ ਗਈ ਕਿਉਕਿ ਬਾਕੀ ਨੂੰ ਅੰਗਰੇਜੀ ਡਕਾਰ ਗਈ। ਪੰਜਾਬ, ਹਿਮਾਚਲ ਤੇ ਗੁਜਰਾਤ ਵਿੱਚ ਇਕ ਕਬੀਲੇ ਦੇ ਲੋਕ ਸਾਂਸੀ ਬੋਲੀ ਬੋਲਦੇ ਸਨ। ਅੱਜ ਇਸ ਕਬੀਲੇ ਦੀ ਗਿਣਤੀ 6000 ਤੋਂ 60000 ਹੋ ਗਈ ਹੈ ਪ੍ਰੰਤੂ ਇਸ ਦੀ ਬੋਲੀ ਸਾਂਸੀ ਨੂੰ ਬੋਲਣ ਵਾਲਿਆਂ ਦੀ ਗਿਣਤੀ ਮਹਿਜ 10 ਫੀਸਦੀ ਤੋਂ ਵੀ ਘੱਟ ਰਹਿ ਗਈ ਹੈ। ਇਸ ਬਾਰੇ ਆਪਾਂ ਕੀ ਸੋਚਦੇ ਹਾਂ ਕਿ ਜੇਕਰ ਸਾਂਸੀ ਬੋਲੀ ਨੂੰ ਪੰਜਾਬੀ, ਹਿੰਦੀ ਤੇ ਗੁਜਰਾਤੀ ਬੋਲੀਆਂ ਖਾ ਗਈਆਂ ਤਾਂ ਕੀ ਤੁਹਾਡੀ ਬੋਲੀ ਨੂੰ ਕੋਈ ਖਤਰਾ ਨਹੀ ‹

ਕਿਸੇ ਵੀ ਬੋਲੀ ਵਿੱਚ ਦੂਜੀ ਭਾਸ਼ਾ ਦੇ ਸ਼ਬਦਾਂ ਦੀ ਆਮਦ ਆਮ ਜਿਹਾ ਵਰਤਾਰਾ ਹੈ। ਪੰਜਾਬੀ ਬੋਲੀ *ਚ ਵੀ ਕਈ ਖਤਰਨਾਕ ਰੁਝਾਨ ਪੈਦਾ ਹੋ ਰਹੇ ਹਨ। ਪੰਜਾਬੀ ਬੋਲੀ *ਚ ਜਿਸ ਤਰ੍ਹਾਂ ਅੰਗਰੇਜੀ, ਹਿੰਦੀ, ਸੰਸਕ੍ਰਿਤ ਆਦਿ ਭਾਸ਼ਾਵਾਂ ਦੇ ਅੱਖਰਾਂ ਦੀ ਬੇਲੋੜੀ ਵਰਤੋਂ ਹੋ ਰਹੀ ਹੈ ਉਸਨੇ ਪੰਜਾਬੀ ਬੋਲੀ ਦਾ ਦਾਇਰਾ ਬਹੁਤ ਘਟਾ ਦਿੱਤਾ ਹੈ। ਆਪਣੀ ਮਾਂ ਬੋਲੀ ਨੂੰ ਛੱਡ ਕੇ ਕਿਸੇ ਹੋਰ ਬੋਲੀ ਨੂੰ ਪਹਿਲ ਦੇਣਾ, ਉਸਦੇ ਰੰਗ ਵਿਚ ਆਪਣੇ ਆਪ ਨੂੰ ਬੇਲੋੜਾ ਰੰਗਣਾ, ਸੱਭਿਆਚਾਰ ਅਤੇ ਆਪਣੀ ਸੂਝਦਾ ਦੀਵਾਲੀਆਪਣ ਹੈ। ਆਮ ਤੌਰ ਤੇ ਇਹ ਪ੍ਰਚਾਰਿਆ ਜਾਂਦਾ ਹੈ ਕਿ ਪੰਜਾਬੀ ਬੋਲੀ ਨੂੰ ਅੰਗਰੇਜ਼ੀ ਭਾਸ਼ਾ ਤੋਂ ਜਿਆਦਾ ਖਤਰਾ ਹੈ। ਇਸ ਕਥਨ *ਚ ਸੱਚਾਈ ਹੋ ਸਕਦੀ ਹੈ ਪ੍ਰੰਤੂ ਪੂਰਨ ਸੱਚਾਈ ਨਹੀਂ ਜਾਪਦੀ। ਅਸਲ ਵਿਚ ਪੰਜਾਬੀ ਬੋਲੀ ਦੀ ਸੰਘੀ ਤਾਂ ਹਿੰਦੀ ਅਤੇ ਸੰਸਕ੍ਰਿਤ ਨੇ ਘੁੱਟ ਰੱਖੀ ਹੈ।ਦੂਜੀਆਂ ਬੋਲੀਆਂ ਦੇ ਸ਼ਬਦਾਂ ਦੇ ਰਲੇਵੇਂ ਨੇ ਪੰਜਾਬੀ ਬੋਲੀ ਦੀ ਬਣਤਰ ਅਤੇ ਰੂਪ *ਚ ਵੱਡੇ ਵਿਗਾੜ ਪੈਦਾ ਕਰ ਦਿੱਤੇ ਹਨ।ਪੰਜਾਬੀ ਬੋਲੀ ਵਿਚ ਹਿੰਦੀ ਅਤੇ ਹੋਰ ਬੋਲੀਆਂ ਦੇ ਸ਼ਬਦਾਂ ਦੀ ਬਦੋਬਦੀ ਹੋ ਰਹੀ ਬੇਲੋੜੀ ਵਰਤੋਂ ਕਾਰਨ ਆਏ ਵਿਗਾੜਾਂ ਨੂੰ ਗਹੁ ਨਾਲ ਦੇਖਕੇ ਸਥਿਤੀ ਸਪੱਸ਼ਟ ਹੁੰਦੀ ਹੈ।

ਜਦੋਂ ਸਾਡਾ ਬੱਚਾ ਸਕੂਲ ਜਾਂਦਾ ਹੈ ਤਾਂ ਉਸਨੂੰ ਜੇਕਰ ਪੰਜਾਬੀ ਮਾਧਿਅਮ ਸਕੂਲ ਵਿਚ ਵੀ ਭੇਜਿਆ ਜਾਵੇ ਤਾਂ ਉਹ ਬੋਤੇ ਨੂੰ ਉੱਠ, ਉੱਠ ਨੂੰ ਊਠ ਯਾਨੀ ਕਿ ਹਿੰਦੀ ਸ਼ਬਦ ਨਾਲ ਬੋਲਦਾ ਹੈ। ਇਸੇ ਤਰ੍ਹਾਂ ਕਿਤਾਬ ਤੋਂ ਪੁਸਤਕ ਕਦੋਂ ਬਣ ਗਈ, ਕੁਦਰਤੀ ਸੋਮਿਆਂ ਤੋਂ ਪ੍ਰਾਕ੍ਰਿਤਕ ਸੋਮੇ , ਨੌਜਵਾਨ ਤੋਂ ਯੁਵਕ, ਜਨਾਨੀ ਜਾਂ ਤੀਵੀਂ ਤੋਂ ਮਹਿਲਾ ਕਦੋਂ ਬਣ ਗਈ , ਸਿੱਖਿਆ ਮਹਿਕਮਾਂ, ਸਿਹਤ ਮਹਿਕਮਾਂ, ਬਿਜਲੀ ਮਹਿਕਮਾਂ, ਪੁਲਿਸ ਮਹਿਕਮਾਂ ਕਦੋਂ ਵਿਭਾਗ ਬਣ ਗਏ। ਰੋਜ਼ਾਨਾਂ ਅਖਬਾਰ ਕਦੋਂ ਦੈਨਿਕ ਅਖਬਾਰ, ਚਾਨਣ ਤੋਂ ਪ੍ਰਕਾਸ਼, ਨਾਂ ਤੋਂ ਨਾਮ , ਦੂਜਾ ਅਤੇ ਤੀਜਾ ਤੋਂ ਦੂਸਰਾ ਅਤੇ ਤੀਸਰਾ , ਹਫਤੇ ਤੋਂ ਸਪਤਾਹ, ਅੰਨ ਤੋਂ ਅਨਾਜ ਅਤੇ ਚੌਲਾਂ ਤੋਂ ਚਾਵਲ ਕਦੋਂ ਬਣ ਗਏ ਸਾਨੂੰ ਪਤਾ ਵੀ ਨਹੀਂ ਚੱਲਿਆ। ਜਿਵੇਂ ਪਹਿਲਾਂ ਬੋਤੇ ਤੋਂ ਉੱਠ ਅਤੇ ਉੱਠ ਤੋਂ ਊਂਠ ਬਣਿਆ ਉਸੇ ਤਰ੍ਹਾਂ ਗਾਂ ਤੋਂ ਗਊ ਅਤੇ ਗਊ ਤੋਂ ਗਾਏ ਬਣਨ ਦੀ ਪੂਰੀ ਤਿਆਰੀ ਹੈ। ਖਾਲੀ ਥਾਵਾਂ ਤੋਂ ਖਾਲੀ ਸਥਾਨ ਅਤੇ ਅੱਖਰਾਂ ਤੋਂ ਅਕਸ਼ਰ ਬਣ ਰਹੇ ਹਨ। ਇੰਨਾ ਹੀ ਬੱਸ ਨਹੀਂ ਪਹਿਲਾਂ ਸਾਡਾ ਢਿੱਡ ਦੁਖਦਾ ਹੁੰਦਾ ਸੀ ਹੁਣ ਪੇਟ ਦਰਦ ਹੁੰਦਾ ਹੈ,ਪਹਿਲਾਂ ਸਾਨੂੰ ਤ੍ਰੇਹ ਲੱਗਦੀ ਹੁੰਦੀ ਸੀ ਹੁਣ ਪਿਆਸ ਲੱਗਦੀ ਹੈ, ਪਹਿਲਾਂ ਸਾਡੇ ਬੱਚਿਆਂ ਨੂੰ ਮੁੱਢਲੀ ਸਿੱਖਿਆ ਮਿਲਦੀ ਸੀ ਹੁਣ ਪ੍ਰਾਥਮਿਕ ਸਿੱਖਿਆ ਮਿਲਦੀ ਹੈ। ਬੱਚੇ ਵੀ ਜਮਾਤਾਂ ਤੋਂ ਹੁਣ ਕਲਾਸਾਂ *ਚ ਜਾਣ ਲੱਗ ਪਏ ਹਨ। ਹੋਰ ਤਾਂ ਹੋਰ ਭਾਸ਼ਾ ਮਹਿਕਮਾ ਜੋ ਹੁਣ ਵਿਭਾਗ ਬਣ ਗਿਆ ਹੈ ਉਹ ਵੀ ਪੰਜਾਬੀ ਬੋਲੀ ਦੀ ਤਰੱਕੀ ਦੀ ਥਾਂ ਤੇ ਉੱਨਤੀ ਕਰਵਾ ਰਿਹਾ ਹੈ, ਜਿਸ ਲਈ ਉਹ ਪੰਜਾਬੀ ਹਫਤਾ ਮਨਾਉਣ ਦੀ ਥਾਂ ਪੰਜਾਬੀ ਸਪਤਾਹ ਮਨਾਂਉਂਦਾ ਹੈ।ਬੀਤੀ 21 ਫਰਵਰੀ ਨੂੰ ਮਨ ਨੂੰ ਠੇਸ ਉਦੋਂ ਵੱਜੀ ਜਦੋਂ ਕੌਮਾਂਤਰੀ ਮਾਂ.:.ਬੋਲੀ ਦਿਹਾੜੇ ਤੇ ਪੰਜਾਬੀ ਦੇ ਵੱਡੇ ਵਿਦਵਾਨਾਂ ਦੁਆਰਾ ਹੀ ਪੰਜਾਬੀ ਪੰਜਾਬੀ ਮਾਂ.:. ਬੋਲੀ ਦਿਹਾੜੇ ਨੂੰ ਪੰਜਾਬੀ ਮਾਂ.:.ਬੋਲੀ ਦਿਵਸ ਲਿਖ ਕੇ ਵਧਾਈਆਂ ਦਿੱਤੀਆਂ ਗਈਆਂ।

ਆਲਮ ਇਹ ਹੈ ਕਿ ਪੰਜਾਬ ਦੀ ਧਰਤੀ ਤੇ ਖੁੱਲ੍ਹੇ ਨਿੱਜੀ ਵਿੱਦਿਅਕ ਅਦਾਰਿਆਂ *ਚ ਪੰਜਾਬੀ ਬੋਲਣ ਤੇ ਪਾਬੰਦੀ ਹੈ, ਜੇਕਰ ਕੋਈ ਬੱਚਾ ਪੰਜਾਬੀ ਜੁਬਾਨ *ਚ ਗੱਲ ਕਰਦਾ ਹੈ ਤਾਂ ਮੋਟੇ ਜੁਰਮਾਨੇ ਦੇ ਡਰ ਦੀ ਤਲਵਾਰ ਲਟਕਾਈ ਜਾਂਦੀ ਹੈ। ਪੰਜਾਬ ਵਿਚ ਪੰਜਾਬ ਦੀ ਮਾਂ.:.ਬੋਲੀ ਨੂੰ ਜਬਰਦਸਤੀ ਨਾਲ ਸਾਡੇ ਤੋਂ ਦੂਰ ਕੀਤਾ ਜਾ ਰਿਹਾ ਹੈ ਪਰ ਅਸੀਂ ਚੁੱਪ ਹਾਂ । ਇਸ ਸੰਬੰਧ ਵਿਚ ਪੰਜਾਬੀ ਦੇ ਸਿਰਮੌਰ ਲੇਖਕ ਸੁਰਜੀਤ ਪਾਤਰ ਜੀ ਦੀਆਂ ਇਹ ਸਤਰਾਂ ਬੜੀਆਂ ਹੀ ਢੁਕਵੀਆਂ ਹਨ :.:.

ਚੀਂ.:.ਚੀਂ ਕਰਦੀਆਂ ਚਿੜੀਆਂ ਦਾ,
ਕਲ਼.:.ਕਲ਼ ਕਰਦੀਆਂ ਨਦੀਆਂ ਦਾ,
ਸ਼ਾਂ.:.ਸ਼ਾਂ ਕਰਦੇ ਬਿਰਖਾਂ ਦਾ,
ਆਪਣਾ ਹੀ ਤਰਾਨਾਂ ਹੁੰਦਾ ਹੈ।
ਮੈਂ ਸੁਣਿਐ ਇਸ ਧਰਤੀ ਤੇ,
ਇੱਕ ਅਜੇਹਾ ਦੇਸ਼ ਵੀ ਹੈ ,
ਜਿੱਥੇ ਬੱਚਿਆਂ ਨੂੰ ਆਪਣੀ ਹੀ,
ਮਾਂ.:.ਬੋਲੀ ਬੋਲਣ ਤੇ ਜੁਰਮਾਨਾ ਹੁੰਦਾ ਹੈ॥

ਇਸ ਗੱਲ ਤੋਂ ਵੀ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਪੰਜਾਬੀ ਨੂੰ ਅੰਗਰੇਜੀ ਤੋਂ ਵੀ ਖਤਰਾ ਹੈ ਜਿਵੇਂ ਸਾਡੇ ਸਕੂਲਾਂ ਦੇ ਨਾਂ ਵੀ ਕੈਲੀਬਰ ਸਕੂਲ, ਲਿਟਲ ਏਂਜਲ ਸਕੂਲ, ਹੋਲੀਹਰਟ ਸਕੂਲ, ਪਬਲਿਕ ਸਕੂਲ, ਸੇਂਟ ਸੋਲਜਰ ਆਦਿ ਟਿਕ ਰਹੇ ਹਨ। ਅਸੀਂ ਵੀ ਆਪਣੇ ਬੱਚਿਆਂ ਦੇ ਰਵਾਇਤੀ ਨਾਂ ਛੱਡ ਕੇ ਲਵਲੀ, ਪ੍ਰਿੰਸ, ਐਬਰੀਨ, ਜ਼ੌਨੀ, ਰੂਬੀ, ਟੋਨੀ ਆਦਿ ਰੱਖ ਰਹੇ ਹਾਂ। ਪਰ ਫਿਰ ਵੀ ਸਾਨੂੰ ਇੱਕ ਗੱਲ ਤਾਂ ਮੰਨਣੀ ਹੀ ਪਵੇਗੀ ਕਿ ਅਸੀਂ ਵਾਟਰ ਅਤੇ ਪਾਣੀ *ਚ ਤਾਂ ਫਰਕ ਸਮਝਦੇ ਹਾਂ ਪਰ ਪਾਣੀ ਅਤੇ ਪਾਨੀ *ਚ , ਇਸੇ ਤਰ੍ਹਾਂ ਬੁੱਕ ਅਤੇ ਕਿਤਾਬ *ਚ ਫਰਕ ਤੇ ਸਮਝਦੇ ਹਾਂ ਪਰ ਕਿਤਾਬ ਅਤੇ ਪੁਸਤਕ *ਚ ਫਰਕ ਨਹੀਂ ਸਮਝਦੇ ਜੋ ਜ਼ਿਆਦਾ ਖਤਰਨਾਕ ਹੈ। ਭਾਵ ਇਹ ਹੈ ਕਿ ਪੰਜਾਬੀ ਨੂੰ ਅੰਗਰੇਜ਼ੀ ਨਾਲੋਂ ਹਿੰਦੀ ਅਤੇ ਸੰਸਕ੍ਰਿਤ ਦੀ ਮਾਰ ਬੜੀ ਹੀ ਤੇਜੀ ਨਾਲ ਚੁੱਪ ਚਪੀਤੇ ਪੈ ਰਹੀ ਹੈ।ਆਲਮ ਇਹ ਹੈ ਕਿ ਪੰਜਾਬੀ ਬੋਲਣ *ਚ ਸਾਡੀ ਪੀੜ੍ਹੀ ਹੀਣਤਾ ਮਹਿਸੂਸ ਕਰਦੀ ਹੈ।ਇਤਿਹਾਸ ਗਵਾਹ ਹੈ ਕਿ ਜੋ ਲੋਕ ਆਪਣੀ ਮਾਂ ਬੋਲੀ ਨੂੰ ਪੇਂਡੂ ਗਵਾਰਾਂ ਦੀ ਜਾਂ ਪੱਛੜੀ ਹੋਈ ਬੋਲੀ ਮੰਨਣ ਲੱਗ ਪੈਣ ਉਹ ਬੋਲੀ ਅਤੇ ਉਹ ਲੋਕ ਨਿਰੰਤਰ ਖਾਤਮੇ ਵੱਲ ਵਧ ਰਹੇ ਹੁੰਦੇ ਹਨ। ਰੂਸੀ ਲੇਖਕ ਰਸੂਲ ਹਮਜਾਤੋਂਵ ਵਲੋਂ ਆਪਣੀ ਕਿਤਾਬ ਮੇਰਾ ਦਾਗਿਸਤਾਨ *ਚ ਇਸ ਸੰਬੰਧੀ ਬੜੀ ਦਿਲਚਸਪ ਉਦਾਹਰਨ ਦਿੱਤੀ ਗਈ ਹੈ ; ਆਬੂਤਾਲਿਬ ਇਕ ਵਾਰ ਮਾਸਕੋ ਗਿਆ ਉਥੇ ਉਸਨੂੰ ਕਿਸੇ ਨਾਲ ਰਾਹ ਵਿਚ ਗੱਲ ਕਰਨੀ ਪੈ ਗਈ ਸ਼ਾਇਦ ਇਹ ਪੁੱਛਣ ਲਈ ਕਿ ਮੰਡੀ ਕਿੱਥੇ ਹੈ‹ ਹੋਇਆ ਇਹ ਕਿ ਜਿਸ ਤੋਂ ਪੁੱਛਿਆ ਉਹ ਇਕ ਅੰਗਰੇਜ਼ ਨਿਕਲਿਆ। ਅੰਗਰੇਜ਼ ਆਬੂਤਾਲਿਬ ਨੂੰ ਨਾ ਸਮਝ ਸਕਿਆ ਤੇ ਉਸਨੂੰ ਸਵਾਲ ਕਰਨ ਲੱਗਿਆ ਪਹਿਲਾਂ ਅੰਗਰੇਜੀ *ਚ , ਫਿਰ ਫਾਰਸੀ, ਸਪੇਨੀ ਅਤੇ ਸ਼ਾਇਦ ਹੋਰ ਵੀ ਕਈ ਬੋਲੀਆਂ *ਚ। ਆਬੂਤਾਲਿਬ ਨੇ ਅੰਗਰੇਜ਼ ਨਾਲ ਰੂਸੀ ਭਾਸ਼ਾਵਾਂ ਵਿਚ ਗੱਲ ਕਰਨ ਦੀ ਕੋਸ਼ਿਸ਼ ਕੀਤੀ । ਇੱਕ ਦੂਜੇ ਨੂੰ ਥੋੜਾ ਬਹੁਤਾ ਵੀ ਸਮਝੇ ਬਿਨਾ ਉਹ ਆਪੋ ਆਪਣੇ ਰਾਹ ਤੁਰ ਗਏ। ਕਿਸੇ ਬਹੁਤੇ ਪੜ੍ਹੇ ਦਾਗਿਸਤਾਨੀ , ਜਿਹੜਾ ਅੰਗਰੇਜੀ ਜਾਣਦਾ ਸੀ, ਨੇ ਮਗਰੋਂ ਆਬੂਤਾਲਿਬ ਨੂੰ ਸੱਭਿਆਚਾਰ ਦੀ ਮਹੱਤਤਾ ਬਾਰੇ ਯਕੀਨ ਦਿਵਾਉਣ ਦੀ ਕੋਸ਼ਿਸ਼ ਕੀਤੀ ਕਿ ਦੇਖਿਆ, ਸੱਭਿਆਚਾਰ ਦੀ ਕਿੰਨੀ ਮਹੱਤਤਾ ਹੈ, ਜੇ ਤੂੰ ਸੱਭਿਆਚਾਰ ਵਾਲਾ ਆਦਮੀ ਹੁੰਦਾ ਤਾਂ ਅੰਗਰੇਜ਼ ਨਾਂਲ ਗੱਲ ਕਰ ਸਕਦਾ , ਸਮਝਿਆ । ਹਾਂ, ਸਮਝ ਗਿਆ ਆਬੂਤਾਲਿਬ ਨੇ ਜੁਆਬ ਦਿੱਤਾ। ਸਿਰਫ ਇਹ ਸਮਝ ਨਹੀ ਆ ਰਹੀ ਕਿ ਅੰਗਰੇਜ਼ ਨੂੰ ਮੇਰੇ ਤੋਂ ਜਿਆਦਾ ਪੜ੍ਹਿਆ ਲਿਖਿਆ ਕਿਉਂ ਸਮਝਿਆ ਜਾਵੇ ‹ ਉਹ ਵੀ ਤਾਂ ਉਨ੍ਹਾਂ ਬੋਲੀਆਂ ਨੂੰ ਨਹੀਂ ਜਾਣਦਾ ਸੀ ਜਿਨ੍ਹਾਂ ਵਿਚ ਮੈਂ ਗੱਲ ਕਰਨ ਦੀ ਕੋਸ਼ਿਸ਼ ਕੀਤੀ ਸੀ।

ਆਪਣੀ ਬੋਲੀ ਨੂੰ ਭੁੱਲ ਕੇ ਸੱਭਿਆਚਾਰ ਸਾਂਭਣ ਦੇ ਦਮਗੱਜੇ ਮਾਰਨਾ ਬੇਮਾਇਨੇ ਹਨ। ਕਿਉਂਕਿ ਜਿਹੜੇ ਵਿਅਕਤੀ ਆਪਣੀ ਮਾਂ ਬੋਲੀ ਨੂੰ ਪੇਂਡੂ ਗਵਾਰਾਂ ਦੀ ਬੋਲੀ ਜਾਂ ਪਛੜੀ ਹੋਈ ਬੋਲੀ ਮੰਨ ਕੇ ਭੱਜਦੇ ਹਨ ਉਹ ਉਸਦੇ ਭਗੌੜੇ ਹਨ ਅਤੇ ਉਹ ਨਰੋਏ ਸਭਿਆਚਾਰ ਦੇ ਵਾਰਿਸ ਕਦੇ ਵੀ ਨਹੀਂ ਬਣ ਸਕਦੇ। ਜਿਸ ਤਰ੍ਹਾਂ ਆਬੂਤਾਲਿਬ ਨੇ ਤਾਂ ਸੰਬੰਧਿਤ ਸੰਕਟ ਨੂੰ ਸਮਝਿਆ ਹੈ। ਸਾਡੇ ਪੰਜਾਬੀ ਇਸ ਸੰਕਟ ਨੂੰ ਕਿਉਂ ਨਹੀਂ ਸਮਝਦੇ। ਹੋਰ ਬੋਲੀਆਂ ਜਾਂ ਭਾਸ਼ਾਵਾਂ ਦਾ ਗਿਆਨ ਹੋਣਾ ਕੋਈ ਮਾੜੀ ਗੱਲ ਨਹੀਂ ਹਿੰਦੀ, ਉਰਦੂ, ਅਰਬੀ, ਫਾਰਸੀ, ਫਰੈਂਚ, ਡੱਚ, ਚਾਹੇ ਅੰਗਰੇਜੀ ਜੋ ਮਰਜੀ ਭਾਸ਼ਾਵਾਂ ਸਿੱਖ ਲਈਏ, ਚੰਗੀ ਗੱਲ ਹੈ ਪਰ ਆਪਣੀ ਬੋਲੀ ਤੋਂ ਦੂਰ ਹੋਣਾ ਜਾਂ ਕਿਸੇ ਹੋਰ ਸੱਭਿਅਤਾ ਦੇ ਗਲਬੇ *ਚ ਆ ਕੇ ਆਪਣੀ ਮਾਂ.:.ਬੋਲੀ ਬੋਲਣ *ਚ ਹੀਣਤਾ ਮਹਿਸੂਸ ਕਰਨੀ ਜਾਂ ਬੋਲਣਾ ਛੱਡ ਦੇਣਾ ਸਾਡੀ ਆਤਮਿਕ ਕੰਗਾਲੀ ਦੀ ਨਿਸ਼ਾਨੀ ਹੈ। ਸਾਡੇ ਲਈ ਅੱਜ ਮਾਂ ਬੋਲੀ ਤੋਂ ਬੇਮੁੱਖ ਹੋਣਾ ਸਭ ਤੋਂ ਵੱਡੀ ਤ੍ਰਾਸਦੀ ਹੈ। ਅੱਜ ਪੰਜਾਬੀਆਂ ਦਾ ਆਪਣੀ ਮਾਂ.:.ਬੋਲੀ ਅਤੇ ਸੱਭਿਆਚਾਰ ਨਾਲ ਲੁਕਣ.:.ਮੀਟੀ ਖੇਡਣ ਦੀ ਥਾਂ ਭੱਜ ਕੇ ਆਪਣੀ ਬੋਲੀ ਅਤੇ ਸੱਭਿਆਚਾਰ ਨੂੰ ਘੁੱਟ ਕੇ ਜੱਫੀ ਪਾਉਣ ਦਾ ਸਮਾਂ ਹੈ। ਪਰ ਭਾਸ਼ਾ ਨਾਂ ਤਾਂ ਕਿਸੇ ਤੇ ਜਬਰੀ ਠੋਸ ਕੇ ਬਚਾਈ ਜਾ ਸਕਦੀ ਹੈ ਅਤੇ ਨਾਂ ਹੀ ਕਾਨੂੰਨ ਜਾਂ ਜੁਰਮਾਨੇ ਦਾ ਡਰ ਕਿਸੇ ਦੇ ਮਨ ਵਿਚ ਭਾਸ਼ਾ ਲਈ ਪਿਆਰ ਅਤੇ ਸਤਿਕਾਰ ਪੈਦਾ ਕਰ ਸਕਦਾ ਹੈ। ਭਾਸ਼ਾ ਦਿਲੀ ਸਤਿਕਾਰ ਅਤੇ ਭਾਵਨਾਤਮਕ ਸਾਂਝ ਦੀ ਭਾਵਨਾ ਵਧਣ ਨਾਲ ਹੀ ਬਚੇਗੀ। ਜਿੰਨੀ ਦੇਰ ਤੱਕ ਸਾਡੀ ਸੋਚ ਆਜ਼ਾਦ ਤੌਰ ਤੇ ਨਹੀਂ ਵਿਚਰਦੀ ਉਦੋਂ ਤੱਕ ਆਪਣੀ ਭਾਸ਼ਾਂ ਨਾਲ ਦਿਲੀ ਸਾਂਝ ਨਹੀਂ ਬਣ ਸਕਦੀ ।

# ਸਰਪੰਚ ਦੀ ਚੋਣ ਅਤੇ ਚੋਣ ਹੋਣ ਉਪਰੰਤ ਸਰਪੰਚਾਂ ਦੇ ਫਰਜ਼

ਮਾ. ਗੁਰਪਿਆਰ ਸਿੰਘ
ਕੋਟੜਾ ਕੌੜਾ (ਬਠਿੰਡਾ)

ਪੰਜਾਬ ਇਲੈਕਸ਼ਨ ਕਮਿਸ਼ਨਰ ਸ੍ਰੀ ਰਾਜ ਕਮਲ ਚੌਧਰੀ ਜੀ ਵੱਲੋਂ ਪੰਜਾਬ ਵਿੱਚ ਸਰਪੰਚੀ ਲਈ ਆਮ ਚੋਣਾਂ ਦਾ ਐਲਾਨ ਕੀਤਾ ਜਾ ਚੁੱਕਾ ਹੈ। ਇਹ ਚੋਣਾਂ 15 ਅਕਤੂਬਰ ਨੂੰ ਹੋਣ ਜਾ ਰਹੀਆਂ ਹਨ ਚੋਣਾਂ ਦੇ ਐਲਾਨ ਹੋਣ ਸਾਰ ਹੀ ਪਿੰਡਾਂ ਵਿੱਚ ਸਰਪੰਚਾਂ ਅਤੇ ਪੰਚਾਂ ਦੀ ਚੋਣ ਕਰਨ ਦੀ ਮੁਹਿੰਮ ਤੇਜ਼ ਹੋ ਗਈ ਹੈ। ਪਿੰਡਾਂ ਵਿੱਚ ਅਨਾਊਂਸਮੈਂਟਾਂ ਰਾਹੀਂ ਸਰਪੰਚਾਂ ਅਤੇ ਪੰਚਾਂ ਦੀ ਚੋਣ ਕਰਨ ਲਈ ਇਕੱਠ ਕੀਤੇ ਜਾ ਰਹੇ ਹਨ। ਅਲੱਗ ਅਲੱਗ ਪਿੰਡਾਂ ਵਿੱਚ ਸਰਪੰਚ ਜਾਂ ਪੰਚ ਦੀ ਚੋਣ ਕਰਨ ਦੀ ਵਿਧੀ ਜਾਂ ਢੰਗ ਅਲੱਗ ਅਲੱਗ ਹੋ ਸਕਦਾ ਹੈ ਪਰ ਸਰਪੰਚ ਜਾਂ ਪੰਚਾਂ ਦੀ ਚੋਣ ਕਰਨ ਲਈ ਉਹਨਾਂ ਦੇ ਕਿਹੜੇ ਕਿਹੜੇ ਪੱਖਾਂ ਜਾਂ ਕਿਹੜੀਆਂ ਗੱਲਾਂ ਨੂੰ ਧਿਆਨ ਵਿੱਚ ਰੱਖਿਆ ਜਾਵੇ ਆਓ ਚਰਚਾ ਕਰੀਏ।

ਸਭ ਤੋਂ ਪਹਿਲਾਂ ਤਾਂ ਇਸ ਗੱਲ ਦਾ ਧਿਆਨ ਰੱਖਿਆ ਜਾਵੇ ਕਿ ਜਿਸ ਵਿਅਕਤੀ ਨੂੰ ਪਿੰਡ ਦਾ ਮੁਖੀ ਚੁਣਿਆ ਜਾਣਾ ਹੈ ਉਹ ਘੱਟੋ ਘੱਟ ਬੈਚਲਰ ਡਿਗਰੀ ਪਾਸ ਹੋਵੇ। ਉਸ ਵਿੱਚ ਸੰਜਮ, ਸਹਿਣਸ਼ੀਲਤਾ,ਕੰਮ ਕਰਨ ਦੀ ਲਗਨ, ਭਰੋਸੇਯੋਗਤਾ ਨਿਡਰਤਾ, ਹਲੀਮੀ ਅਤੇ ਲੀਡਰਸ਼ਿਪ ਆਦਿ ਗੁਣ ਹੋਣੇ ਚਾਹੀਦੇ ਹਨ। ਸਥਾਨਕ ਸੰਸਥਾ ਦੇ ਮੁਖੀ ਵਜੋਂ ਉਸ ਵਿੱਚ ਹਰ ਤਰ੍ਹਾਂ ਦੇ ਮਸਲੇ ਹੱਲ ਕਰਨ ਦੀ ਯੋਗਤਾ ਵੀ ਹੋਣੀ ਬਹੁਤ ਜਰੂਰੀ ਹੈ। ਉਹ ਇੱਕ ਚੰਗਾ ਅਗਵਾਈ ਕਰਤਾ ਅਤੇ ਇੱਕ ਚੰਗਾ ਬੁਲਾਰਾ ਹੋਣਾ ਚਾਹੀਦਾ ਹੈ ਤਾਂ ਕਿ ਉਹ ਆਪਣੇ ਉੱਚ ਅਧਿਕਾਰੀਆਂ ਸਾਹਮਣੇ ਪਿੰਡ ਦੇ ਮਸਲਿਆਂ ਨੂੰ ਸਹੀ ਢੰਗ ਨਾਲ ਪੇਸ਼ ਕਰ ਸਕੇ। ਸਰਪੰਚ ਦੀ ਚੋਣ ਕਰਨ ਲੱਗਿਆ ਉਸ ਦੀ ਸਿਰਫ ਅਮੀਰੀ ਜਾਂ ਰੋਹਬ ਵਾਲਾ ਰੁਤਬਾ ਹੀ ਨਾ ਦੇਖਿਆ ਜਾਵੇ ਸਗੋਂ ਉਸ ਦੀ ਕਾਬਲੀਅਤ ਅਤੇ ਚਰਿਤਰ ਵੱਲ ਧਿਆਨ ਦਿੱਤਾ ਜਾਵੇ। ਉਸ ਵਿਅਕਤੀ ਵੱਲੋਂ ਪਿਛਲੇ ਸਮਿਆਂ ਦੌਰਾਨ ਪਿੰਡ ਦੇ ਸਾਂਝੇ ਮਸਲਿਆਂ ਅਤੇ ਸਾਂਝੇ ਕੰਮਾਂ ਵਿੱਚ ਪਾਏ ਯੋਗ ਦਾਨ ਦੀ ਵੀ ਸਮੀਖਿਆ ਕੀਤੀ ਜਾਣੀ ਜਰੂਰੀ ਹੈ। ਪਿੰਡ ਦਾ ਸਰਪੰਚ ਅਗਾਂਹ ਵਧੂ ਸੋਚ ਵਾਲਾ ਅਤੇ ਦੂਰ ਅੰਦੇਸ਼ੀ ਹੋਵੇ। ਉਹ ਬਿਨਾਂ ਕਿਸੇ ਅਹੁਦੇ ਤੋਂ ਨਿਰ ਸਵਾਰਥ ਹੋ ਕੇ ਕੰਮ ਕਰਨ ਵਾਲਾ ਹੋਵੇ ਅਤੇ ਪਿੰਡ ਦੇ ਲੋਕਾਂ ਨੂੰ ਉਸਦੀ ਇਮਾਨਦਾਰੀ ਤੇ ਕੋਈ ਵੀ ਸ਼ੱਕ ਨਾ ਹੋਵੇ। ਪਿੰਡ ਦਾ ਸਰਪੰਚ ਜਾਂ ਪੰਚ ਅਜਿਹਾ ਹੋਵੇ ਜੋ ਸਾਰੇ ਪਿੰਡ ਨੂੰ ਆਪਣਾ ਪਰਿਵਾਰ ਸਮਝਦਾ ਹੋਵੇ ਅਤੇ ਪਿੰਡ ਦੇ ਨਫੇ ਨੁਕਸਾਨ ਨੂੰ ਆਪਣਾ ਹੀ ਨਫਾ ਨੁਕਸਾਨ ਸਮਝਦਾ ਹੋਵੇ।ਉਹ ਨਸ਼ਿਆਂ ਅਤੇ ਹੋਰ ਮਾੜੇ ਕੰਮਾਂ ਤੋਂ ਦੂਰ ਹੋਵੇ ਅਤੇ ਇੱਕ ਚੰਗੀ ਸ਼ਖਸ਼ੀਅਤ ਦਾ ਮਾਲਕ ਹੋਵੇ। ਪਿੰਡ ਦਾ ਮੁਖੀਆ ਪੂਰਾ ਕਾਬਲ ਇਨਸਾਨ ਹੋਣਾ ਚਾਹੀਦਾ ਹੈ ਕਿਉਂਕਿ ਉਸ ਦੇ ਮੋਢਿਆਂ ਤੇ ਪੂਰੇ ਪਿੰਡ ਦੀ ਜਿੰਮੇਵਾਰੀ ਦਾ ਭਾਰ ਟਿਕਿਆ ਹੁੰਦਾ ਹੈ।

ਹੁਣ ਗੱਲ ਕਰਦੇ ਹਾਂ ਕਿ ਸਰਪੰਚ ਚੁਣੇ ਜਾਣ ਤੋਂ ਬਾਅਦ ਸਰਪੰਚ ਦੇ ਕੀ ਫਰਜ਼ ਹੋਣੇ ਚਾਹੀਦੇ ਹਨ।ਸਭ ਤੋਂ ਪਹਿਲਾ ਫਰਜ਼ ਇਹ ਬਣਦਾ ਹੈ ਕਿ ਸਰਪੰਚ ਚੁਣੇ ਜਾਣ ਤੋਂ ਬਾਅਦ ਸਾਰੇ ਪਿੰਡ ਦਾ ਇਕੱਠ ਰੱਖ ਕੇ ਪਿੰਡ ਦੀਆਂ ਸਮੱਸਿਆਵਾਂ ਤੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਜਾਣ ਅਤੇ ਉਹਨਾਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਇੱਕ ਵਧੀਆ ਯੋਜਨਾ ਬੰਦੀ ਕਰ ਲਈ ਜਾਵੇ। ਫਿਰ ਇੱਕ-ਇੱਕ ਕਰਕੇ ਸਾਰੇ ਮਸਲੇ ਸੁਲਝਾਏ ਜਾਣ। ਸਰਪੰਚ ਦਾ ਇਹ ਵੀ ਫਰਜ਼ ਬਣਦਾ ਹੈ ਕਿ ਪਿੰਡ ਦਾ ਕੋਈ ਵੀ ਮਸਲਾ ਸਾਰੇ ਪਿੰਡ ਦੇ ਧਿਆਨ ਵਿੱਚ ਲਿਆਂਦੇ ਤੋਂ ਬਿਨਾਂ ਹੱਲ ਨਾ ਕੀਤਾ ਜਾਵੇ ਭਾਵ ਅਜਿਹਾ ਨਾ ਹੋਵੇ ਕਿ ਜੋ ਕੰਮ ਸਰਪੰਚ ਵੱਲੋਂ ਕੀਤੇ ਜਾ ਰਹੇ ਹਨ ਉਹ ਪਿੰਡ ਦੇ ਲੋਕਾਂ ਦੇ ਧਿਆਨ ਵਿੱਚ ਹੀ ਨਾ ਹੋਣ। ਸਰਪੰਚ ਦਾ ਇਹ ਵੀ ਫਰਜ਼ ਬਣਦਾ ਹੈ ਕਿ ਉਹ ਪਿੰਡ ਦੇ ਸਾਰੇ ਲੋਕਾਂ ਨੂੰ ਆਪਣਾ ਪਰਿਵਾਰ ਸਮਝਦੇ ਹੋਏ ਬਿਨਾਂ ਕਿਸੇ ਭੇਦ - ਭਾਵ,ਅਮੀਰੀ-ਗਰੀਬੀ ਆਦਿ ਤੋਂ ਪਾਸੇ ਹਟ ਕੇ ਸਭ ਦੇ ਮਸਲੇ ਹੱਲ ਕਰੇ।ਇਹ ਵੀ ਫਰਜ਼ ਬਣਦਾ ਹੈ ਕਿ ਕਿ ਹਰ ਮਹੀਨੇ ਕੀਤੇ ਗਏ ਕੰਮਾਂ ਦੀ ਸਮੀਖਿਆ ਕੀਤੀ ਜਾਵੇ ਅਤੇ ਨਵੇਂ ਕੰਮਾਂ ਦੀ ਵਧੀਆ ਢੰਗ ਨਾਲ ਯੋਜਨਾ ਬੰਦੀ ਕੀਤੀ ਜਾਵੇ।

ਦੇਖਿਆ ਗਿਆ ਹੈ ਕਿ ਵਿਕਾਸ ਪੱਖੋਂ ਹਾਲੇ ਤੱਕ ਵੀ ਕਈ ਪਿੰਡਾਂ ਵਿੱਚ ਪਾਣੀ ਦੇ ਨਿਕਾਸ ਦੀ ਸਮੱਸਿਆ ਜਿਉਂ ਦੀ ਤਿਉਂ ਬਣੀ ਹੋਈ ਹੈ। ਲੋਕਾਂ ਦੀਆਂ ਹੋਰ ਮੰਗਾਂ ਜਿਵੇਂ ਪਿੰਡ ਵਿੱਚ ਬੱਚਿਆਂ ਲਈ ਪਾਰਕ, ਸਾਂਝੀ ਲਾਇਬਰੇਰੀ ਡਾਕਟਰੀ ਸਹੂਲਤਾਂ ਆਦਿ ਨੂੰ ਛੱਡ ਕੇ ਸਿਰਫ ਤੇ ਸਿਰਫ ਗਲੀਆਂ -ਨਾਲੀਆਂ ਠੀਕ ਕਰਨ ਦੀ ਮੰਗ ਹਰ ਵਾਰ ਉਠਦੀ ਹੈ। ਅਸੀਂ ਆਜ਼ਾਦੀ ਦੇ 78 ਸਾਲਾਂ ਬਾਅਦ ਵੀ ਗਲੀਆਂ ਨਾਲੀਆਂ ਦਾ ਪ੍ਰਬੰਧ ਨਹੀਂ ਕਰ ਸਕੇ। ਜਿਸ ਕਾਰਨ ਬਾਕੀ ਮੰਗਾਂ ਵਿੱਚ ਹੀ ਰੁਲ ਜਾਂਦੀਆਂ ਹਨ। ਸੋ ਸਾਰੇ ਸਰਪੰਚ ਆਪਣਾ ਫਰਜ਼ ਸਮਝਦੇ ਹੋਏ ਗਲੀਆਂ ਨਾਲੀਆਂ ਦੀ ਮੁਰੰਮਤ ਕਰਕੇ ਪਾਣੀ ਦਾ ਨਿਕਾਸ ਕੀਤਾ ਜਾਵੇ ਉਸ ਤੋਂ ਬਾਅਦ ਬੱਚਿਆਂ ਦੀ ਸੁਰੱਖਿਆ, ਸਿਹਤ ਸਹੂਲਤਾਂ ਅਤੇ ਵਿੱਦਿਅਕ ਅਦਾਰਿਆਂ ਦੀ ਸਾਂਭ ਸੰਭਾਲ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ। ਸਰਪੰਚਾਂ ਦਾ ਇਹ ਵੀ ਫਰਜ਼ ਬਣਦਾ ਹੈ ਕਿ ਉਹ ਪਿੰਡ ਵਿੱਚ ਹੁਨਰਮੰਦ ਵਿਅਕਤੀ ਜਾਂ ਬੱਚੇ ਜਿਵੇਂ ਕਿ ਕੋਈ ਇੰਜਨੀਅਰ,ਲੇਖਕ,ਸਮਾਜਸੇਵੀ ਅਤੇ ਹੋਰ ਚੰਗਾ ਕੰਮ ਕਰਨ ਵਾਲੇ ਵਿਅਕਤੀਆਂ ਦੀ ਪਹਿਚਾਣ ਕਰਕੇ ਉਹਨਾਂ ਨੂੰ ਉਤਸਾਹਿਤ ਕਰੇ।

ਇੱਕ ਚੰਗਾ ਸਰਪੰਚ ਉਹੀ ਮੰਨਿਆ ਜਾਂਦਾ ਹੈ ਜੋ ਪਿੰਡ ਦੇ ਮਸਲੇ ਪਿੰਡ ਪੱਧਰ ਤੇ ਹੀ ਹੱਲ ਕਰਕੇ ਪੁਲਿਸ ਥਾਣਿਆਂ ਵਿੱਚ ਨਾ ਉਲਝਾਵੇ ਪਿੰਡ ਦਾ ਸਰਪੰਚ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਸਾਰੇ ਮਸਲੇ ਹੱਲ ਕਰੇ। ਦੇਖਿਆ ਗਿਆ ਹੈ ਕਿ ਬਹੁਤੇ ਪਿੰਡਾਂ ਵਿੱਚ ਸਰਪੰਚਾਂ ਵੱਲੋਂ ਵਿਕਾਸ ਦੀਆਂ ਹਨੇਰੀਆਂ ਲਿਆ ਦਿੱਤੀਆਂ ਗਈਆਂ ਕਈ ਪਿੰਡਾਂ ਦੀਆਂ ਪੰਚਾਇਤਾਂ ਨੂੰ ਰਾਜ ਸਰਕਾਰ ਅਤੇ ਭਾਰਤ ਸਰਕਾਰ ਵੱਲੋਂ ਸਨਮਾਨਿਤ ਵੀ ਕੀਤਾ ਜਾ ਚੁੱਕਾ ਹੈ।ਕਈ ਪਿੰਡਾਂ ਦੀਆਂ ਪੰਚਾਇਤਾਂ ਬਹੁਤ ਸੋਹਣੇ ਕੰਮ ਕਰਨ ਰਹੀਆਂ ਹਨ ਜਿਨਾਂ ਦੀ ਸ਼ਲਾਘਾ ਕਰਨੀ ਬਣਦੀ ਹੈ। ਅੰਤ ਵਿੱਚ ਮੇਰਾ ਇਹੀ ਕਹਿਣਾ ਹੈ ਕਿ ਸਰਪੰਚ ਦੀ ਚੋਣ ਕਰਨ ਲੱਗਿਆਂ ਬਹੁਤ ਸਾਰੇ ਪੱਖਾਂ ਨੂੰ ਧਿਆਨ ਵਿੱਚ ਰੱਖਣਾ ਬਹੁਤ ਜਰੂਰੀ ਹੈ। ਕਿਉਂਕਿ ਜੇਕਰ ਇੱਕ ਪਰਿਵਾਰ ਦਾ ਮੁਖੀਆ ਮਾੜਾ ਹੋਵਾ ਹੋਵੇ ਤਾਂ ਉਹ ਪਰਿਵਾਰ ਤਰੱਕੀ ਨਹੀਂ ਕਰਦਾ ਉਸੇ ਤਰ੍ਹਾਂ ਜੇਕਰ ਪਿੰਡ ਦਾ ਮੁਖੀਆ ਵੀ ਮਾੜਾ ਚੁਣਿਆ ਗਿਆ ਤਾਂ ਪਿੰਡ ਵੀ ਤਰੱਕੀ ਨਹੀਂ ਕਰੇਗਾ।ਸੋ ਸਰਪੰਚ ਅਤੇ ਪੰਚ ਵਧੀਆ ਸ਼ਖਸ਼ੀਅਤ ਦੇ ਮਾਲਕ, ਪੜ੍ਹੇ ਲਿਖੇ, ਸੂਝਵਾਨ,ਦੂਰ ਅੰਦੇਸ਼ੀ ਅਤੇ ਅਗਾਹਵਧੂ ਸੋਚ ਦੇ ਮਾਲਕ ਹੋਣ ਅਤੇ ਉਹ ਪਿੰਡ ਦੇ ਹਰ ਮਸਲੇ ਨੂੰ ਆਪਣੇ ਪਰਿਵਾਰ ਦਾ ਮਸਲਾ ਸਮਝ ਕੇ ਹੱਲ ਕਰਨ। ਉਹ ਆਪਣਾ ਫਰਜ਼ ਸਮਝਣਾ ਕਿ ਜੇਕਰ ਪੂਰੇ ਪਿੰਡ ਨੇ ਸਾਡੇ ਤੇ ਵਿਸ਼ਵਾਸ ਕਰਕੇ ਸਾਨੂੰ ਚੁਣਿਆ ਹੈ ਤਾਂ ਅਸੀਂ ਪਿੰਡ ਨੂੰ ਵਿਕਾਸ ਪੱਖੋਂ ਪਿੱਛੇ ਨਹੀਂ ਰਹਿਣ ਦੇਵਾਂਗੇ।

# ਈਰਾਨ ਦਾ ਇਜ਼ਰਾਈਲ ਉੱਤੇ ਮਿਜ਼ਾਇਲੀ ਹਮਲਾ: ਹੁਣ ਤੱਕ ਕੀ-ਕੀ ਪਤਾ ਹੈ, ਦੋਵਾਂ ਧਿਰਾਂ ਨੇ ਕੀ ਦਾਅਵੇ ਕੀਤੇ



ਈਰਾਨ ਨੇ ਇਜ਼ਰਾਈਲ ਉੱਤੇ ਮੰਗਲਵਾਰ ਨੂੰ ਕਈ ਮਿਜ਼ਾਇਲਾਂ ਦਾਗੀਆਂ ਹਨ।ਇਜ਼ਰਾਈਲ ਵਿੱਚ ਹਵਾਈ ਹਮਲੇ ਦੇ ਸਾਇਰਨ ਸੁਣ ਰਹੇ ਸਨ ਅਤੇ ਨਾਗਰਿਕਾਂ ਨੂੰ ਸੁਰੱਖਿਅਤ ਥਾਵਾਂ ਉੱਤੇ ਜਾਣ ਲਈ ਕਿਹਾ ਗਿਆ ਸੀ। ਅਜੇ ਤੱਕ ਨੁਕਸਾਨ ਬਾਰੇ ਕੋਈ ਜਾਣਕਾਰੀ ਨਹੀਂ ਹੈ।ਈਰਾਨ ਦੇ ਇਸਲਾਮਿਕ ਰੈਵੋਲਿਊਸ਼ਨਰੀ ਗਾਰਡ ਕੋਰ ਨੇ ਈਰਾਨ ਦੇ ਸਰਕਾਰੀ ਟੀਵੀ 'ਤੇ ਇੱਕ ਬਿਆਨ ਜਾਰੀ ਕਰਕੇ ਇਜ਼ਰਾਈਲ 'ਤੇ ਹਮਲੇ ਦੀ ਪੁਸ਼ਟੀ ਕੀਤੀ ਹੈ। ਇਸ ਬਿਆਨ ਵਿੱਚ ਕਿਹਾ ਗਿਆ ਹੈ ਕਿ ਇਜ਼ਰਾਈਲ ਵੱਲ ਦਰਜਨਾਂ ਮਿਜ਼ਾਈਲਾਂ ਦਾਗ਼ੀਆਂ ਗਈਆਂ ਹਨ।ਇਹ ਧਮਕੀ ਵੀ ਦਿੱਤੀ ਗਈ ਹੈ ਕਿ ਜੇਕਰ ਇਜ਼ਰਾਈਲ ਨੇ ਜਵਾਬੀ ਕਾਰਵਾਈ ਕੀਤੀ ਤਾਂ ਹੋਰ ਮਿਜ਼ਾਈਲਾਂ ਦਾਗ਼ੀਆਂ ਜਾਣਗੀਆਂ।ਬਹੁਤ ਤਾਕਤਵਰ ਮੰਨੇ ਜਾਂਦੇ ਈਰਾਨੀ ਰੈਵੋਲਿਊਸ਼ਨਰੀ ਗਾਰਡਜ਼ ਨੇ ਕਿਹਾ ਹੈ ਕਿ ਇਹ ਹਮਲੇ ਹਮਾਸ ਦੇ ਆਗੂ ਇਸਮਾਈਲ ਹਾਨੀਆ, ਹਿਜ਼ਬੁੱਲ੍ਹਾ ਨੇਤਾ ਹਸਨ ਨਸਰੁੱਲ੍ਹਾ ਦੇ ਨਾਲ-ਨਾਲ ਲੇਬਨਾਨੀ ਅਤੇ ਫ਼ਲਸਤੀਨੀ ਲੋਕਾਂ ਦੀ ਮੌਤ ਦੇ ਜਵਾਬ 'ਚ ਕੀਤੇ ਗਏ ਹਨ।

ਇਜ਼ਰਾਈਲੀ ਫ਼ੌਜ ਨੇ ਵੀ ਮੰਨਿਆ ਹੈ ਕਿ ਈਰਾਨ ਨੇ ਇਜ਼ਰਾਈਲ ਵੱਲ ਮਿਜ਼ਾਈਲਾਂ ਦਾਗ਼ੀਆਂ ਹਨ।ਇਸ ਤੋਂ ਪਹਿਲਾਂ ਅਮਰੀਕਾ ਨੇ ਇਹ ਚੇਤਾਵਨੀ ਦਿੱਤੀ ਸੀ ਕਿ ਈਰਾਨ ਵਲੋਂ ਮਿਜ਼ਾਈਲਾਂ ਦਾਗੀਆਂ ਜਾ ਸਕਦੀਆਂ ਹਨ।ਬੀਤੇ ਦਿਨੀਂ ਇਜ਼ਰਾਈਲੀ ਫੌਜ ਨੇ ਲੇਬਨਾਨ ਦੇ ਆਗੂ ਹਸਨ ਨਸਰੱਲ੍ਹਾ ਨੂੰ ਵੀ ਮਾਰ ਦਿੱਤਾ ਸੀ।ਇਜ਼ਰਾਈਲੀ ਫ਼ੌਜ ਨੇ ਲੇਬਨਾਨ ਉੱਤੇ ਹਮਲਾ ਕੀਤਾ ਹੈ ਜਿਸ ਨੂੰ ਉਹ ਹਿਜ਼ਬੁੱਲ੍ਹਾ ਦੇ ਖ਼ਿਲਾਫ਼ 'ਲਿਮਿਟਿਡ, ਲੋਕਲਾਇਜ਼ਡ, ਅਤੇ ਟਾਰਗੇਟਡ' ਗਰਾਊਂਡ ਅਪ੍ਰੇਸ਼ਨ ਕਹਿੰਦੀ ਹੈ।

**ਕਿੰਨੇ ਵੱਡੇ ਪੱਧਰ 'ਤੇ ਹੋਇਆ ਹਮਲਾ ?**

ਇਜ਼ਰਾਈਲੀ ਫ਼ੌਜ ਮੁਤਾਬਕ ਈਰਾਨ ਨੇ ਕਰੀਬ 180 ਮਿਜ਼ਾਈਲਾਂ ਦਾਗ਼ੀਆਂ ਹਨ।ਇਸ ਅਪ੍ਰੈਲ ਮਹੀਨੇ ਇਜ਼ਰਾਈਲ ਵੱਲ ਦਾਗ਼ੀਆਂ ਗਈਆਂ 110 ਬੈਲਿਸਟਿਕ ਮਿਜ਼ਾਈਲਾਂ ਅਤੇ 30 ਕਰੂਜ਼ ਮਿਜ਼ਾਈਲਾਂ ਦੇ ਹਮਲੇ ਦੇ ਮੁਕਾਬਲੇ ਇਹ ਵੱਡਾ ਅਟੈਕ ਹੈ।ਇਜ਼ਰਾਈਲੀ ਟੈਲੀਵਿਜ਼ਨ ਉੱਤੇ ਪ੍ਰਕਾਸ਼ਿਤ ਫੁਟੇਜ ਵਿੱਚ ਸਥਾਨਕ ਸਮੇਂ ਮੁਤਾਬਕ 19:45 ਤੋਂ ਥੋੜ੍ਹੀ ਦੇਰ ਪਹਿਲਾਂ ਤੇਲ ਅਵੀਵ ਇਲਾਕੇ ਉੱਤੇ ਉੱਡਦੀਆਂ ਕੁਝ ਮਿਜ਼ਾਈਲਾਂ ਨਜ਼ਰ ਆਈਆਂ ਸਨ।ਫੌਜੀ ਅਧਿਕਾਰੀਆਂ ਨੇ ਪੁਸ਼ਟੀ ਕੀਤੀ ਹੈ ਕਿ ਹਮਲੇ ਦੌਰਾਨ ਕੁਝ ਮਿਜ਼ਾਈਲਾਂ ਨੂੰ ਨਸ਼ਟ ਕਰ ਦਿੱਤਾ ਗਿਆ ਪਰ ਨਾਲ ਹੀ ਦੇਸ਼ ਦੇ ਦੱਖਣ ਦੇ ਕੇਂਦਰ ਵਿੱਚ ਅਤੇ ਕੁਝ ਹੋਰ ਇਲਾਕਿਆਂ ਵਿੱਚ ਅਟੈਕ ਵੀ ਦਰਜ ਕੀਤੇ ਗਏ ਹਨ।ਇਸਲਾਮਿਕ ਰੈਵੋਲਿਊਸ਼ਨਰੀ ਗਾਰਡ ਕਰੋਪਸ (ਆਈਆਰਜੀਸੀ) ਨੇ ਕਿਹਾ ਕਿ ਉਸ ਦੇ ਦਸਤਿਆਂ ਨੇ ਪਹਿਲੀ ਵਾਰ ਹਾਈਪਰਸੋਨਿਕ ਮਿਜ਼ਾਈਲਾਂ ਦੀ ਵਰਤੋਂ ਕੀਤੀ ਅਤੇ ਦਾਅਵਾ ਕੀਤਾ ਕਿ 90 ਫ਼ੀਸਦੀ ਪ੍ਰੋਜੈਕਟਾਈਲ ਆਪਣੇ ਨਿਸ਼ਾਨਿਆਂ ਉੱਤੇ ਲੱਗੇ ਹਨ।ਆਈਆਰਜੀਸੀ ਦੇ ਸੂਤਰਾਂ ਨੇ ਤਹਿਰਾਨ ਵਿੱਚ ਸਰਕਾਰੀ ਮੀਡੀਆ ਨੂੰ ਦੱਸਿਆ ਕਿ ਇਸ ਨੇ ਹਮਲੇ ਵਿੱਚ ਤਿੰਨ ਇਜ਼ਰਾਈਲੀ ਫੌਜੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਸੀ।ਪਰ ਇਜ਼ਰਾਈਲੀ ਫ਼ੌਜ ਨੇ ਇਸ ਗੱਲ 'ਤੇ ਜ਼ੋਰ ਦਿੱਤੀ ਕਿ ਈਰਾਨ ਵੱਲੋਂ ਦਾਗ਼ੀਆਂ ਗਈਆਂ ਮਿਜ਼ਾਈਲਾਂ ਦੀ 'ਵੱਡੀ ਗਿਣਤੀ' ਨੂੰ ਰੋਕਿਆ ਗਿਆ ਸੀ।ਤੇਲ ਅਵੀਵ ਦੇ ਉੱਪਰ ਅਸਮਾਨ ਉੱਤੇ ਨਜ਼ਰ ਆਉਣ ਵਾਲੀਆਂ ਬਿਜਲਈ ਲਿਸ਼ਕੋਰਾਂ ਹਵਾਈ ਰੱਖਿਆ ਨੂੰ ਦਰਸਾਉਂਦੀਆਂ ਹਨ।

**ਈਰਾਨ ਨੇ ਇਜ਼ਰਾਈਲ 'ਤੇ ਹਮਲਾ ਕਿਉਂ ਕੀਤਾ?**

ਈਰਾਨ ਦੇ ਇਸਲਾਮਿਕ ਰੈਵੋਲਿਊਸ਼ਨਰੀ ਗਾਰਡ ਕੋਰ ਨੇ ਇੱਕ ਬਿਆਨ 'ਚ ਕਿਹਾ ਕਿ ਇਹ ਹਮਲੇ ਆਈਆਰਜੀਸੀ ਦੇ ਇੱਕ ਚੋਟੀ ਦੇ ਕਮਾਂਡਰ ਅਤੇ ਈਰਾਨ ਸਮਰਥਿਤ ਮਿਲੀਸ਼ੀਆ ਸਮੂਹਾਂ ਦੇ ਆਗੂਆਂ ਦੇ ਕਤਲਾਂ ਬਦਲੇ ਜਵਾਬੀ ਕਾਰਵਾਈ ਵਜੋਂ ਕੀਤੇ ਗਏ ਹਨ।ਆਈਆਰਜੀਸੀ ਦੇ ਬਿਆਨ ਵਿੱਚ ਪਿਛਲੇ ਹਫ਼ਤੇ ਬੇਰੂਤ ਵਿੱਚ ਹਿਜ਼ਬੁੱਲ੍ਹਾ ਮੁਖੀ ਹਸਨ ਨਸਰੱਲ੍ਹਾ ਅਤੇ ਆਈਆਰਜੀਸੀ ਕਮਾਂਡਰ ਅੱਬਾਸ ਨੀਲਫੋਰਸ਼ਾਨ ਦੀ ਮੌਤ ਦਾ ਜ਼ਿਕਰ ਕੀਤਾ ਗਿਆ ਹੈ।ਬਿਆਨ ਵਿੱਚ ਜੁਲਾਈ ਮਹੀਨੇ ਤਹਿਰਾਨ ਵਿੱਚ ਹਮਾਸ ਦੇ ਸਿਆਸੀ ਵਿੰਗ ਦੇ ਮੁਖੀ ਇਸਮਾਈਲ ਹਾਨੀਆ ਦੀ ਮੌਤ ਬਾਰੇ ਕਿਹਾ ਗਿਆ ਹੈ।ਹਾਲਾਂਕਿ ਇਜ਼ਰਾਈਲ ਨੇ ਹਾਨੀਆ ਦੀ ਮੌਤ ਦੀ ਜ਼ਿੰਮੇਵਾਰੀ ਨਹੀਂ ਲਈ ਹੈ, ਪਰ ਮੰਨਿਆ ਜਾ ਰਿਹਾ ਹੈ ਕਿ ਇਸ ਦੇ ਪਿੱਛੇ ਇਜ਼ਰਾਈਲ ਦਾ ਹੱਥ ਸੀ।ਈਰਾਨ ਦੇ ਇੱਕ ਸੀਨੀਅਰ ਅਧਿਕਾਰੀ ਨੇ ਸਮਾਚਾਰ ਏਜੰਸੀ ਰਾਇਟਰਜ਼ ਨੂੰ ਦੱਸਿਆ ਕਿ ਦੇਸ਼ ਦੇ ਸਰਵਉੱਚ ਆਗੂ ਆਯਾਤੁੱਲ੍ਹਾ ਅਲੀ ਖ਼ਾਮਨੇਈ ਨੇ ਖ਼ੁਦ ਇਨ੍ਹਾ ਹਮਲਿਆਂ ਦਾ ਹੁਕਮ ਦਿੱਤਾ ਸੀ।ਦਰਅਸਲ, ਈਰਾਨ ਇਜ਼ਰਾਈਲ ਦੀ ਹੋਂਦ ਨੂੰ ਸਵੀਕਾਰ ਨਹੀਂ ਕਰਦਾ। ਇਜ਼ਰਾਈਲ ਈਰਾਨ ਦੀ ਫ਼ੌਜੀ ਨੀਤੀ ਦਾ ਕੇਂਦਰ ਬਣਿਆ ਹੋਇਆ ਹੈ।ਦੂਜੇ ਪਾਸੇ ਇਜ਼ਰਾਈਲ ਈਰਾਨ ਨੂੰ ਆਪਣੀ ਹੋਂਦ ਲਈ ਖ਼ਤਰਾ ਮੰਨਦਾ ਹੈ ਅਤੇ ਸਾਲਾਂ ਤੋਂ ਇਸ ਵਿਰੁੱਧ ਗੁਪਤ ਮੁਹਿੰਮ ਚਲਾ ਰਿਹਾ ਹੈ।

**ਕੀ ਆਇਰਨ ਡੋਮ ਨੇ ਮਿਜ਼ਾਈਲਾਂ ਨੂੰ ਰੋਕਿਆ ?**

ਇਜ਼ਰਾਈਲ ਕੋਲ ਹਵਾਈ ਰੱਖਿਆ ਲਈ ਇੱਕ ਵੱਡਾ ਸਿਸਟਮ ਹੈ। ਇਨ੍ਹਾਂ ਵਿੱਚੋਂ ਸਭ ਤੋਂ ਮਸ਼ਹੂਰ ਆਇਰਨ ਡੋਮ ਹੈ।ਆਇਰਨ ਡੋਮ ਨੂੰ ਹਮਾਸ ਅਤੇ ਹਿਜ਼ਬੁੱਲ੍ਹਾ ਵੱਲੋਂ ਦਾਗ਼ੇ ਗਏ ਘੱਟ ਦੂਰੀ ਦੇ ਰਾਕੇਟਾਂ ਨੂੰ ਰੋਕਣ ਲਈ ਤਿਆਰ ਕੀਤਾ ਗਿਆ ਹੈ।ਅਪ੍ਰੈਲ 'ਚ ਈਰਾਨ ਵੱਲੋਂ ਕੀਤੇ ਗਏ ਹਮਲੇ ਦੌਰਾਨ ਹਵਾਈ ਰੱਖਿਆ ਦੇ ਕੁਝ ਹਿੱਸਿਆਂ ਦੀ ਵਰਤੋਂ ਕੀਤੀ ਗਈ ਸੀ।ਪਰ ਮੰਗਲਵਾਰ ਨੂੰ ਹੋਏ ਇਸ ਹਮਲੇ ਵਿੱਚ ਏਅਰ ਡਿਫੈਂਸ ਸਿਸਟਮ ਦੇ ਬਾਕੀ ਹਿੱਸੇ ਨੇ ਵੀ ਕੰਮ ਕੀਤਾ ਹੋਵੇਗਾ।ਜਿਵੇਂ ਕਿ, ਡੇਵਿਡਜ਼ ਸਲਿੰਗ, ਜਿਸ ਨੂੰ ਜਾਦੂ ਦੀ ਛੜੀ ਵੀ ਕਿਹਾ ਜਾਂਦਾ ਹੈ। ਇਹ ਇੱਕ ਅਮਰੀਕੀ-ਇਜ਼ਰਾਈਲੀ ਸਿਸਟਮ ਹੈ, ਜਿਸ ਦੀ ਵਰਤੋਂ ਮੱਧਮ ਤੋਂ ਲੰਬੀ ਰੇਂਜ ਦੇ ਰਾਕੇਟਾਂ ਦੇ ਨਾਲ-ਨਾਲ ਬੈਲਿਸਟਿਕ ਅਤੇ ਕਰੂਜ਼ ਮਿਜ਼ਾਈਲਾਂ ਨੂੰ ਰੋਕਣ ਲਈ ਕੀਤੀ ਜਾਂਦੀ ਹੈ।ਜਦੋਂ ਲੰਬੀ ਦੂਰੀ ਦੀਆਂ ਮਿਜ਼ਾਈਲਾਂ ਦੀ ਗੱਲ ਆਉਂਦੀ ਹੈ, ਜੋ ਧਰਤੀ ਦੇ ਵਾਯੂਮੰਡਲ ਤੋਂ ਬਾਹਰ ਉੱਡਦੀਆਂ ਹਨ, ਇਸ ਲਈ ਅਜਿਹੀ ਸਥਿਤੀ ਵਿੱਚ ਇਜ਼ਰਾਈਲ ਐਰੋ-2 ਅਤੇ ਐਰੋ-3 ਇੰਟਰਸੈਪਟਰਾਂ ਦੀ ਵਰਤੋਂ ਕਰਦਾ ਹੈ।

**ਅਮਰੀਕਾ ਨੇ ਇਜ਼ਰਾਈਲ ਦੀ ਕੀਤੀ ਮਦਦ, ਰਾਸ਼ਟਰਪਤੀ ਬਾਇਡਨ ਨੇ ਕੀ ਕਿਹਾ ?**

ਹਮਲੇ ਦੇ ਚਲਦਿਆਂ ਵ੍ਹਾਈਟ ਹਾਊਸ ਨੇ ਇਹ ਜਾਣਕਾਰੀ ਦਿੱਤੀ ਹੈ ਕਿ ਰਾਸ਼ਟਰਪਤੀ ਜੋਅ ਬਾਇਡਨ ਅਤੇ ਉਪ ਰਾਸ਼ਟਰਪਤੀ ਕਮਲਾ ਹੈਰਿਸ ਈਰਾਨ ਦੇ ਹਮਲਿਆਂ 'ਤੇ ਨਜ਼ਰ ਰੱਖ ਰਹੇ ਹਨ।ਇਨ੍ਹਾਂ ਹਮਲਿਆਂ ਬਾਰੇ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਅਤੇ ਉਪ ਰਾਸ਼ਟਰਪਤੀ ਕਮਲਾ ਹੈਰਿਸ ਦੀ ਪ੍ਰਤੀਕਿਰਿਆ ਸਾਹਮਣੇ ਆਈ।ਰਾਸ਼ਟਰਪਤੀ ਬਾਇਡਨ ਨੇ ਕਿਹਾ ਕਿ, ਅਮਰੀਕਾ ਪੂਰੀ ਤਰ੍ਹਾਂ ਇਜ਼ਰਾਈਲ ਦਾ ਸਮਰਥਨ ਕਰਦਾ ਹੈ।ਬਾਇਡਨ ਨੇ ਕਿਹਾ ਕਿ, ਉਨ੍ਹਾਂ ਦੇ ਹੁਕਮਾਂ 'ਤੇ,ਅਮਰੀਕੀ ਫ਼ੌਜ ਨੇ ਹਮਲੇ ਦੌਰਾਨ ਸਰਗਰਮੀ ਨਾਲ ਇਜ਼ਰਾਈਲ ਦੀ ਸੁਰੱਖਿਆ ਵਿੱਚ ਮਦਦ ਕੀਤੀ ਹੈ। ਤਾਜ਼ਾ ਜਾਣਕਾਰੀ ਦੇ ਅਧਾਰ 'ਤੇ, ਉਨ੍ਹਾਂ ਨੇ ਕਿਹਾ ਕਿ ਹਮਲਾ 'ਨਾਕਾਮ' ਸਾਬਤ ਹੋਇਆ ਹੈ।ਅਮਰੀਕਾ ਦੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਕਿਹਾ ਕਿ ਜਿਸ ਤਰ੍ਹਾਂ ਅਮਰੀਕਾ ਨੇ ਈਰਾਨੀ ਮਿਜ਼ਾਈਲਾਂ ਨੂੰ ਡੇਗਣ 'ਚ ਇਜ਼ਰਾਈਲ ਦੀ ਮਦਦ ਕੀਤੀ ਉਹ ਬਿਲਕੁਲ ਸਹੀ ਹੈ।ਕਮਲਾ ਹੈਰਿਸ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਇਸ ਹਮਲੇ ਨੂੰ ਵਾਈਟ ਹਾਊਸ ਦੇ ਸਿਚੁਏਸ਼ਨ ਰੂਮ ਤੋਂ ਰੀਅਲ ਟਾਈਮ 'ਚ ਦੇਖਿਆ ਹੈ।ਉਨ੍ਹਾਂ ਨੇ ਈਰਾਨ ਨੂੰ ਪੱਛਮ ਏਸ਼ੀਆ ਵਿੱਚ 'ਅਸਥਿਰਤਾ ਫ਼ੈਲਾਉਣ ਵਾਲੀ ਤਾਕਤ ਦੱਸਿਆ ਹੈ।

**ਈਰਾਨ ਦੇ ਰਾਸ਼ਟਰਪਤੀ ਅਤੇ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਨੇ ਕੀ ਕਿਹਾ ?**

ਈਰਾਨ ਦੇ ਰਾਸ਼ਟਰਪਤੀ ਮਸੂਦ ਪੇਜ਼ੇਸ਼ਕਯਾਨ ਨੇ ਈਰਾਨ ਦੇ ਹਮਲੇ ਦਾ ਬਚਾਅ ਕੀਤਾ ਅਤੇ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਨੇਤਨਯਾਹੂ ਨੂੰ ਚੇਤਾਵਨੀ ਵੀ ਦਿੱਤੀ।ਪੇਜ਼ੇਸ਼ਕਯਾਨ ਨੇ ਟਵਿੱਟਰ 'ਤੇ ਇੱਕ ਪੋਸਟ ਵਿੱਚ ਕਿਹਾ ਕਿ ਈਰਾਨ ਨੇ ਜਾਇਜ਼ ਅਧਿਕਾਰਾਂ ਦੇ ਨਾਲ ਈਰਾਨ ਅਤੇ ਇਲਾਕੇ ਦੀ ਸ਼ਾਂਤੀ ਅਤੇ ਸੁਰੱਖਿਆ ਲਈ ਨਿਰਣਾਇਕ ਜਵਾਬ ਦਿੱਤਾ ਹੈ, ਜੋ ਈਰਾਨ ਦੇ ਹਿੱਤਾਂ ਅਤੇ ਨਾਗਰਿਕਾਂ ਦੀ ਸੁਰੱਖਿਆ ਲਈ ਹੈ।ਉਨ੍ਹਾਂ ਨੇ ਬੈਂਜਾਮਿਨ ਨੇਤਨਯਾਹੂ ਨੂੰ ਸੰਬੋਧਿਤ ਕਰਦੇ ਹੋਏ ਲਿਖਿਆ ਕਿ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਈਰਾਨ ਜੰਗ ਦੇ ਹੱਕ ਵਿੱਚ ਨਹੀਂ ਹੈ ਪਰ ਕਿਸੇ ਵੀ ਖ਼ਤਰੇ ਦੇ ਖ਼ਿਲਾਫ਼ ਮਜ਼ਬੂਤੀ ਨਾਲ ਖੜੇਗਾ।

# Preetnama

Khara Sach

ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 272

Website: www.preetnama.com Email preetnamausa@gmail.com

04 OCT TO 10 OCT , 2024






SUNRISE TOURS AND TRAVEL
516-216-4433 / 516-690-1257
22 W MARIE ST, HICKSVILLE, NY 11801

SUNRISE
TOURS AND TRAVEL

# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 272

Website: www.preetnama.com Email preetnamausa@gmail.com

04 OCT TO 10 OCT , 2024







## ਇਜ਼ਰਾਈਲੀ ਖੁਫੀਆ ਏਜੰਸੀ ਮੌਸਾਦ ਦਾ ਜਾਸੂਸੀ ਦੇ ਇਤਿਹਾਸ ਦਾ ਸਭ ਤੋਂ ਹੈਰਾਨੀਜਨਕ ਕਾਰਨਾਮਾ

# ਲੈਬਨਾਨ ਦਾ ਪੇਜ਼ਰ ਅਤੇ ਵਾਕੀ ਟਾਕੀ ਬਲਾਸਟ ਕਾਂਡ

ਬਲਰਾਜ ਸਿੰਘ ਸਿੱਧੂ ਏ.ਆਈ.ਜੀ.
ਪੰਡੋਰੀ ਸਿੱਧਵਾਂ 9501100062

ਇਜ਼ਰਾਈਲ ਸੰਸਾਰ ਦਾ ਵਾਹਿਦ ਦੇਸ਼ ਹੈ ਜੋ ਚਾਰੇ ਪਾਸੇ ਤੋਂ ਕੱਟੜ ਦੁਸ਼ਮਣ ਦੇਸ਼ਾਂ ਨਾਲ ਘਿਰਿਆ ਹੋਇਆ ਹੈ। 14 ਮਈ 1948 ਵਿੱਚ ਇੰਗਲੈਂਡ ਤੋਂ ਅਜ਼ਾਦ ਹੋਣ ਤੋਂ ਬਾਅਦ ਇਸ ਦੀਆਂ ਅਰਬ ਦੇਸ਼ਾਂ ਨਾਲ 1948, 1951, 1956, 1967, 1970, 1973 ਤੇ 1982 ਤੱਕ 5ਜੰਗਾਂ ਹੋ ਚੁੱਕੀਆਂ ਹਨ ਜਿਨ੍ਹਾਂ ਵਿੱਚ ਅਰਬ ਦੇਸ਼ਾਂ ਨੂੰ ਲੱਕ ਤੋੜਵੀਂ ਹਾਰ ਹੋਈ ਸੀ।ਇਸ ਵੇਲੇ ਇਸ ਦੀ ਗਾਜ਼ਾ ਪੱਟੀ ਵਿੱਚ ਹੱਮਾਸ ਅਤੇ ਲੈਬਨਾਨ ਵਿੱਚ ਹਿਜ਼ਬੁਲਾ ਜਥੇਬੰਦੀ ਨਾਲ ਖ਼ੂਨੀ ਜੰਗ ਚੱਲ ਰਹੀ ਹੈ। ਗਾਜ਼ਾ ਪੱਟੀ ਨੂੰ ਇਸ ਨੇ ਬਿਲਕੁਲ ਖੰਡਰ ਬਣਾ ਦਿੱਤਾ ਹੈ ਤੇ ਹਜ਼ਾਰਾਂ ਬੇਕਸੂਰ ਔਰਤਾਂ, ਮਰਦਾਂ ਅਤੇ ਬੱਚਿਆਂ ਨੂੰ ਕਤਲ ਕਰ ਦਿੱਤਾ ਹੈ। ਇਸ ਦੀ ਖੁਫੀਆ ਏਜੰਸੀ ਮੌਸਾਦ ਨੂੰ ਦੁਨੀਆਂ ਦੀ ਸਭ ਤੋਂ ਕਾਬਲ ਏਜੰਸੀ ਮੰਨਿਆਂ ਜਾਂਦਾ ਹੈ।ਮੌਸਾਦ ਨੇ ਦੂਸਰੀ ਸੰਸਾਰ ਜੰਗ ਵਿੱਚ ਯਹੂਦੀਆਂ 'ਤੇ ਜ਼ੁਲਮ ਕਰਨ ਵਾਲੇ ਨਾਜ਼ੀ ਅਫਸਰਾਂ ਨੂੰ ਦੁਨੀਆਂ ਦੇ ਵੱਖ ਵੱਖ ਦੇਸ਼ਾਂ ਵਿੱਚੋਂ ਲੱਭ ਕੇ ਜਾਂ ਤਾਂ ਕਤਲ ਕਰ ਦਿੱਤਾ ਸੀ ਤੇ ਜਾਂ ਇਜ਼ਰਾਈਲ ਲਿਆ ਕੇ ਉਨ੍ਹਾਂ 'ਤੇ ਮੁਕੱਦਮੇ ਚਲਾਏ ਸਨ।ਸੰਨ 1976 ਵਿੱਚ ਅਰਬੀ ਅੱਤਵਾਦੀ ਇਸ ਦਾ ਇੱਕ ਹਵਾਈ ਜ਼ਹਾਜ ਅਗਵਾ ਕਰ ਕੇ ਯੁਗਾਂਡਾ ਲੈ ਗਏ ਸਨ ਤੇ ਉਨ੍ਹਾਂ ਨੂੰ ਯੁਗਾਂਡਾ ਤੇ ਤਤਕਾਲੀ ਤਾਨਾਸ਼ਾਹ ਈਦੀ ਅਮੀਨ ਦਾ ਪੂਰਾ ਸਮਰਥਨ ਸੀ। ਪਰ 3 ਜੁਲਾਈ 1976 ਦੀ ਰਾਤ ਨੂੰ ਇਜ਼ਰਾਈਲ ਦੇ ਕਮਾਂਡੋ ਉਥੇ ਉੱਤਰੇ ਤੇ ਚੀਫ ਵਾਦੀ ਹਦਾਦ ਸਮੇਤ ਸਾਰੇ 7 ਹਾਈਜੈਕਰਾਂ ਤੇ ਯੁਗਾਂਡਾ ਦੀ ਫੌਜ ਦੇ 45 ਸੈਨਿਕਾਂ ਨੂੰ ਮਾਰ ਕੇ ਸਾਰੇ ਬੰਧਕ ਸਮੇਤ ਜਹਾਜ਼ ਦੇ ਵਾਪਸ ਲੈ ਆਏ ਸਨ। ਇਜ਼ਰਾਈਲ ਦਾ ਸਿਰਫ ਇੱਕ ਸੈਨਿਕ ਜੋਨਾਤਨ ਨੇਤਨਯਾਹੂ ਜੋ ਕਿ ਮੌਜੂਦਾ ਪ੍ਰਧਾਨ ਮੰਤਰੀ ਨੇਤਨਯਾਹੂ ਦਾ ਵੱਡਾ ਭਰਾ ਸੀ, ਮਰਿਆ ਸੀ।

ਹੁਣ ਇਸ ਨੇ 17 ਅਤੇ 18 ਸਤੰਬਰ ਨੂੰ ਲੈਬਨਾਨ ਵਿੱਚ ਪੇਜ਼ਰ ਤੇ ਵਾਕੀ ਟਾਕੀ (ਹੱਥ ਵਿੱਚ ਪਕੜੇ ਜਾਣ ਵਾਲੇ ਛੋਟੇ ਵਾਇਰਲੈੱਸ ਸੈੱਟ)ਬਲਾਸਟ ਕਾਂਡ ਕਰ ਕੇ, ਜਿਸ ਵਿੱਚ ਹਿਜ਼ਬੁਲਾ ਦੇ 32 ਮੈਂਬਰ ਮਾਰੇ ਗਏ ਤੇ 3100 ਦੇ ਕਰੀਬ ਜ਼ਖਮੀ ਹੋਏ, ਦੁਨੀਆਂ ਨੂੰ ਹੈਰਾਨ ਕਰ ਦਿੱਤਾ ਹੈ।ਪੇਜ਼ਰ 1991 ਤੋਂ ਲੈ ਕੇ 1994 - 95 ਤੱਕ ਬਹੁਤ ਪ੍ਰਚੱਲਿਤ ਰਿਹਾ ਸੀ ਪਰ ਬਾਅਦ ਵਿੱਚ ਮੋਬਾਇਲ ਫੋਨ ਨੇ ਪੇਜ਼ਰ ਨੂੰ ਖਤਮ ਕਰ ਦਿੱਤਾ ਸੀ। ਅੱਜ ਦਾ ਸਮੇਂ ਵਿੱਚ ਜੇ ਕੋਈ ਵਿਅਕਤੀ ਪੇਜ਼ਰ ਦੀ ਵਰਤੋਂ ਕਰ ਰਿਹਾ ਹੈ ਤਾਂ ਅਜੀਬ ਜਿਹੀ ਗੱਲ ਲੱਗਦੀ ਹੈ। 17 ਸਤੰਬਰ ਨੂੰ ਲੈਬਨਾਨ ਦੀ ਰਾਜਧਾਨੀ ਬੈਰੂਤ ਸਮੇਤ ਅਨੇਕਾਂ ਸ਼ਹਿਰਾਂ ਵਿੱਚਦੁਪਹਿਰ ਦੇ ਠੀਕ 3.30 ਵਜੇ ਇੱਕੋ ਸਮੇਂ ਤਿੰਨ ਹਜ਼ਾਰ ਪੇਜ਼ਰਾਂ ਵਿੱਚ ਬੀਪ ਆਈ। ਜਿਵੇਂ ਮੋਬਾਇਲ ਵਿੱਚ ਘੰਟੀ ਵੱਜਦੀ ਹੈ, ਉਸੇ ਤਰਾਂ ਪੇਜ਼ਰ ਵਿੱਚ ਬੀਪ ਬੀਪ ਦੀ ਅਵਾਜ਼ ਆਉਂਦੀ ਹੈ ਜਿਸ ਕਾਰਨ ਕਈ ਦੇਸ਼ਾਂ ਵਿੱਚ ਇਸ ਨੂੰ ਬੀਪਰ ਵੀ ਕਿਹਾ ਜਾਂਦਾ ਹੈ।

ਇਸ ਬੀਪ ਤੋਂ 2 - 4 ਮਿੰਟਾਂ ਬਾਅਦ ਹੀ ਇੱਕ ਦਮ 3000 ਪੇਜ਼ਰਾਂ ਵਿੱਚ ਬਲਾਸਟ ਹੋ ਗਏ। ਪੇਜ਼ਰ ਨੂੰ ਆਮ ਲੋਕ ਬੈਲਟ ਨਾਲ ਲਗਾ ਕੇ ਰੱਖਦੇ ਹਨ। ਜਿਸ ਵਿਅਕਤੀ ਨੇ ਮੈਸੇਜ਼ ਵੇਖਣ ਲਈ ਪੇਜ਼ਰ ਚਿਹਰੇ ਦੇ ਨਜ਼ਦੀਕ ਕੀਤਾ, ਉਸ ਦਾ ਚਿਹਰਾ ਉੱਡ ਗਿਆ ਤੇ ਜਿਸ ਦੀ ਬੈਲਟ ਵਿੱਚ ਲੱਗਾ ਹੋਇਆ ਸੀ, ਉਸ ਦੀ ਕਮਰ ਨੁਕਸਾਨੀ ਗਈ। ਲੈਬਨਾਨ ਦਾ ਕੋਈ ਸ਼ਹਿਰ, ਮਾਰਕੀਟ, ਦਫਤਰ, ਘਰ ਅਤੇ ਗਲੀ ਬਜ਼ਾਰ ਨਹੀਂ ਬਚਿਆ ਜਿੱਥੇ ਧਮਾਕੇ ਨਾ ਹੋਏ ਹੋਣ। ਸੋਸ਼ਲ ਮੀਡੀਆ 'ਤੇ ਘੁੰਮ ਰਹੀ ਇੱਕ ਵਾਇਰਲ ਵੀਡੀਉ ਵਿੱਚ ਸਬਜ਼ੀ ਖਰੀਦ ਰਹੇ ਇੱਕ ਵਿਅਕਤੀ ਦੀ ਬੈਲਟ ਵਿੱਚ ਕਾਫੀ ਵੱਡਾ ਬਲਾਸਟ ਹੁੰਦਾ ਹੈ। ਪੇਜ਼ਰ ਬਲਾਸਟਾਂ ਵਿੱਚ 2700 ਲੋਕ ਜ਼ਖਮੀ ਹੋਏ ਹਨ ਅਤੇ 12 ਦੀ ਮੌਤ ਹੋ ਗਈ ਹੈ। ਜੇ ਮੌਸਾਦ ਦੇ ਦਸ ਵੱਡੇ ਐਕਸ਼ਨਾਂ ਨਾਲ ਇਸ ਕਾਂਡ ਦੀ ਤੁਲਨਾ ਕੀਤੀ ਜਾਵੇ ਤਾਂ ਬੇਸ਼ੱਕ ਇਹ ਅੱਵਲ ਨੰਬਰ 'ਤੇ ਆਏਗਾ।ਆਖਰ ਹਿਜ਼ਬੁਲਾ ਦੁਨੀਆਂ ਵੱਲੋਂ ਭੁੱਲ ਭੁਲਾ ਦਿੱਤੇ ਗਏ ਇਸ ਸੰਚਾਰ ਯੰਤਰ ਦੀ ਵਰਤੋਂ ਕਿਉਂ ਕਰ ਰਿਹਾ ਸੀ,ਇਹ ਬਲਾਸਟ ਕਿਵੇਂ ਹੋਏ ਤੇ ਛੋਟੇ ਜਿਹੇ ਪੇਜ਼ਰ ਵਿੱਚ ਬੰਬ ਕਿਵੇਂ ਫਿੱਟ ਕੀਤੇਗਏ ?ਇਹਬਹੁਤ ਹੀ ਦਿਲਸਚਪ ਕਹਾਣੀ ਹੈ।

ਇਹ ਕਹਾਣੀ ਦੀ ਸ਼ੁਰੂਆਤ ਇਸ ਸਾਲਫਰਵਰੀ ਵਿੱਚ ਹੁੰਦੀ ਹੈ। ਹਿੱਜ਼ਬੁਲਾ ਅਤੇ ਇਜ਼ਰਾਈਲ ਦਰਮਿਆਨ ਵਿੱਚ ਯੁੱਧ ਚੱਲ ਰਿਹਾ ਹੈ ਕਿਉਂਕਿ ਹਿੱਜ਼ਬੁਲਾ ਹੱਮਾਸ ਦੀ ਹਮਾਇਤ ਵਿੱਚ ਅਕਤੂਬਰ 2023 ਤੋਂ ਲਗਾਤਾਰ ਇਜ਼ਰਾਈਲ 'ਤੇ ਸੈਂਕੜਿਆਂ ਦੀ ਗਿਣਤੀ ਵਿੱਚ ਰਾਕਟ ਅਤੇ ਡਰੋਨ ਹਮਲੇ ਕਰ ਰਿਹਾ ਹੈ। ਇਸ ਕਾਰਨ ਲੈਬਨਾਨ ਦੇ ਨਾਲ ਲੱਗਦੇ ਇਜ਼ਰਾਈਲੀ ਖੇਤਰ ਤੋਂ ਲੱਖਾਂ ਲੋਕ ਘਰ ਛੱਡਣ ਲਈ ਮਜ਼ਬੂਰ ਹੋ ਗਏ ਹਨ। ਹਿਜ਼ਬੁਲਾ ਦਾ ਲੈਬਨਾਨ ਦੇ ਇੱਕ ਵੱਡੇ ਖੇਤਰ 'ਤੇ ਕਬਜ਼ਾ ਹੈ ਤੇ ਇਰਾਨ ਇਸ ਨੂੰ ਖੁਲ੍ਹ ਕੇ ਆਰਥਿਕ ਅਤੇ ਸੈਨਿਕ ਮਦਦ ਮੁਹੱਈਆ ਕਰਵਾ ਰਿਹਾ ਹੈ। ਦੂਸਰੇ ਪਾਸੇ ਇਜ਼ਰਾਈਲ ਵੀ ਹਿਜ਼ਬੁਲਾ ਦੇ ਲੀਡਰਾਂ ਨੂੰ ਚੁਣ ਚੁਣ ਕੇ ਮਿਜ਼ਾਈਲ ਹਮਲਿਆਂ ਨਾਲ ਕਤਲ ਕਰ ਰਿਹਾ ਹੈ। ਇਸ ਕਾਰਨ 13 ਫਰਵਰੀ ਨੂੰ ਹਿਜ਼ਬੁਲਾ ਦੇ ਜਨਰਲ ਸਕੱਤਰ ਹਸਨ ਨਸਰੁੱਲਾ ਨੇ ਟੈਲੀਵਿਜ਼ਨ 'ਤੇ ਇੱਕ ਸੰਦੇਸ਼ ਦਿੱਤਾ ਕਿ ਇਜ਼ਰਾਈਲ ਮੋਬਾਇਲ ਫੋਨਾਂ ਦੀ ਲੋਕੇਸ਼ਨ ਟਰੇਸ ਕਰ ਕੇ ਹਿਜ਼ਬੁਲਾ ਦੇ ਲੀਡਰਾਂ ਦਾ ਕਤਲ ਕਰ ਰਿਹਾ ਹੈ। ਇਸ ਲਈ ਜਥੇਬੰਦੀ ਦੇ ਮੈਂਬਰ ਫੌਰਨ ਆਪਣੇ ਮੋਬਾਇਲ ਫੋਨ ਨਸ਼ਟ ਕਰ ਦੇਣ। ਮੋਬਾਇਲ ਰਾਹੀਂ ਕੋਈ ਵੀ ਗੱਲ ਬਾਤ ਨਾ ਕੀਤੀ ਜਾਵੇ ਤੇ ਨਾ ਹੀ ਕੋਈ ਮੈਸੇਜ਼ ਭੇਜਿਆ ਜਾਵੇ।

ਹਿਜ਼ਬੁਲਾ ਦੇ ਮੈਂਬਰਾਂ ਨੇ ਫੌਰਨ ਉਸ ਦੀ ਗੱਲ 'ਤੇ ਅਮਲ ਕੀਤਾ ਪਰ ਮੁਸੀਬਤ ਇਹ ਆ ਗਈ ਕਿ ਹੁਣ ਇੱਕ ਦੂਸਰੇ ਮੈਸੇਜ਼ ਭੇਜੇ ਕਿਵੇਂ ਜਾਣ ? ਇਸ ਮਸਲੇ 'ਤੇ ਡੂੰਘੇ ਸੋਚ ਵਿਚਾਰ ਕਰਨ ਤੋਂ ਬਾਅਦ ਮਾਰਚ ਵਿੱਚ ਇੱਕ ਫੈਸਲਾ ਕੀਤਾ ਗਿਆ ਕਿ ਅੱਗੇ ਤੋਂ ਪੇਜ਼ਰਾਂ ਦੀ ਵਰਤੋਂ ਕੀਤੀ ਜਾਵੇਗੀ। ਪਹਿਲਾਂ ਕਮਾਂਡਰਾਂ ਨੂੰ ਪੇਜ਼ਰ ਦਿੱਤੇ ਜਾਣਗੇ ਤੇ ਬਾਅਦ ਵਿੱਚ ਸਾਰੇ ਮੈਂਬਰਾਂ ਨੂੰ। ਵਾਇਰਲੈੱਸ ਵਾਂਗ ਪੇਜ਼ਰ ਇੱਕ ਖਾਸ ਰੇਡੀਉ ਫਰੀਕੁਐਂਸੀ 'ਤੇ ਚਲਦਾ ਹੈ ਤੇ ਇਸ ਦਾ ਸੈਟੇਲਾਈਟ ਜਾਂ ਇੰਟਰਨੈੱਟ ਨਾਲ ਕੋਈ ਕੁਨੈਕਸ਼ਨ ਨਹੀਂ ਹੁੰਦਾ ਜਿਸ ਕਾਰਨ ਪੇਜ਼ਰ ਵਾਲੇ ਵਿਅਕਤੀ ਦੀ ਲੋਕੇਸ਼ਨ ਟਰੇਸ ਨਹੀਂ ਕੀਤੀ ਜਾ ਸਕਦੀ।ਇਸ ਤੋਂ ਬਾਅਦ ਪੇਜ਼ਰ ਬਣਾਉਣ ਵਾਲੀਆਂ ਕੰਪਨੀਆਂ ਦੀ ਖੋਜ ਕੀਤੀ ਗਈ ਤਾਂ ਪਤਾ ਲੱਗਾ ਕਿ ਤਾਇਵਾਨ ਦੀ ਇੱਕ ਕੰਪਨੀ ਗੋਲਡ ਅਪੋਲੋ ਪੇਜ਼ਰ ਦਾ ਨਿਰਮਾਣ ਕਰਦੀ ਹੈ। ਹਿਜ਼ਬੁਲਾ ਦਾ ਨਾਮ ਛਿਪਾ ਕੇ ਵਿਚੋਲਿਆਂ ਰਾਹੀਂ ਇਸ ਕੰਪਨੀ ਨੂੰ 3000 ਪੇਜ਼ਰਾਂ ਦਾ ਆਰਡਰ ਦਿੱਤਾ ਗਿਆ। ਮਈ ਅਤੇ ਜੂਨ ਵਿੱਚ ਪੇਜ਼ਰਾਂ ਦੀਆਂ ਦੋ ਖੇਪਾਂ ਬੈਰੂਤ (ਲੈਬਨਾਨ) ਪਹੁੰਚ ਗਈਆਂ ਜਿਨ੍ਹਾਂ ਨੂੰ ਕਮਾਂਡਰਾਂ ਵਿੱਚ ਵੰਡ ਦਿੱਤਾ ਗਿਆ।

ਜਿਸ ਸਮੇਂ ਇਹ ਧਮਾਕੇ ਹੋਏ ਉਸ ਵੇਲੇ ਲੈਬਨਾਨ ਵਿੱਚ ਇਰਾਨ ਦਾ ਰਾਜਦੂਤ ਆਪਣੇ ਦਫਤਰ ਵਿੱਚ ਹਾਜ਼ਰ ਸੀ।ਉਸ ਦੀ ਸੁਰੱਖਿਆ ਲਈ ਹਿਜ਼ਬੁਲਾ ਦੇ ਦਰਜ਼ਨ ਦੇ ਕਰੀਬ ਸੈਨਿਕ ਤਾਇਨਾਤ ਸਨ। ਜਦੋਂ ਇੱਕ ਸੈਨਿਕ ਦੇ ਪੇਜ਼ਰ ਦਾ ਬੀਪ ਵੱਜਿਆ ਤਾਂ ਉਸ ਨੇ ਪੇਜ਼ਰ ਕੱਢ ਕੇ ਮੈਸੇਜ਼ ਵੇਖਣਾ ਸ਼ੁਰੂ ਕਰ ਦਿੱਤਾ। ਕੁਦਰਤੀ ਪੇਜ਼ਰ ਦਾ ਰੁਖ ਰਾਜਦੂਤ ਵੱਲ ਸੀ ਜਿਸ ਕਾਰਨ ਬਲਾਸਟ ਨਾਲ ਉਸ ਦੀ ਇੱਕ ਅੱਖ ਅੰਨ੍ਹੀ ਹੋ ਗਈ ਤੇ ਹੋਰ ਵੀ ਸੱਟਾਂ ਲੱਗੀਆਂ। ਜਦੋਂ ਬਲਾਸਟ ਦੀ ਖਬਰ ਫੈਲੀ ਤਾਂ ਤਾਇਵਾਨ ਦੀ ਕੰਪਨੀਨੇ ਸਪਸ਼ਟੀਕਰਨ ਦਿੱਤਾ ਕਿ ਇਹ ਪੇਜ਼ਰ ਉਸ ਨੇ ਨਹੀਂ ਬਣਾਏ ਹਨ। ਉਸ ਨੇ ਹੰਗਰੀ ਦੀ ਬਿੱਕ ਨਾਮਕ ਇੱਕ ਕੰਪਨੀ ਨਾਲ 2022 ਵਿੱਚ ਸਮਝੌਤਾ ਕੀਤਾ ਸੀ ਜਿਸ ਅਧੀਨ ਉਹ ਕੰਪਨੀ ਗੋਲਡ ਅਪੋਲੋ ਬਰਾਂਡ ਹੇਠ ਪੇਜ਼ਰ ਬਣਾਉਂਦੀ ਹੈ ਤੇ ਉਸ ਨੇ ਹੀ ਹਿਜ਼ਬੁਲਾ ਨੂੰ ਪੇਜ਼ਰ ਸਪਲਾਈ ਕੀਤੇ ਸਨ। ਇਨ੍ਹਾਂ ਪੇਜ਼ਰਾਂ ਵਿੱਚ ਬੰਬ ਫਿੱਟ ਕਿਵੇਂ ਕੀਤੇ ਗਏ ? ਅਸਲ ਵਿੱਚ ਮੌਸਾਦ ਦੇ ਮੁਖਬਰ ਦੁਨੀਆਂ ਦੇ ਹਰ ਦੇਸ਼ ਵਿੱਚ ਮੌਜੂਦ ਹਨ ਤੇ ਹਿਜ਼ਬੁਲਾ ਵਿੱਚ ਵੀ ਹਨ। ਉਨ੍ਹਾਂ ਮੁਖਬਰਾਂ ਨੇ ਹੀ ਮੌਸਾਦ ਨੂੰ ਪੇਜ਼ਰਾਂ ਦੇ ਆਰਡਰ ਬਾਰੇ ਦੱਸਿਆ ਸੀ। ਮੌਸਾਦ ਨੇ ਸੋਚਿਆ ਕਿ ਇਨ੍ਹਾਂ ਪੇਜ਼ਰਾਂ ਨਾਲ ਅਜਿਹੀ ਗੇਮ ਖੇਡੀ ਜਾਵੇ ਤਾਂ ਜੋ ਹਿਜ਼ਬੁਲਾ ਕੰਬ ਜਾਵੇ।

ਜਦੋਂ ਮੌਸਾਦ ਨੂੰ ਪਤਾ ਲੱਗਾ ਕਿ ਪੇਜ਼ਰ ਹੰਗਰੀਵਿੱਚ ਬਣਾਏ ਜਾ ਰਹੇ ਹਨ ਤਾਂ ਉਸ ਦਾ ਕੰਮ ਬਹੁਤ ਅਸਾਨ ਹੋ ਗਿਆ ਕਿਉਂਕਿ ਜਿਆਦਾਤਰ ਯੂਰਪੀਨ ਦੇਸ਼ ਇਜ਼ਰਾਈਲ ਪ੍ਰਤੀ ਨਰਮ ਕੋਨਾ ਰੱਖਦੇ ਹਨ। ਮੌਸਾਦ ਨੇ ਕੰਪਨੀ ਵਿੱਚ ਘੁਸਪੈਠ ਕਰ ਲਈ। ਪੇਜ਼ਰ ਬੈਟਰੀ ਨਾਲ ਚੱਲਦਾ ਹੈ ਤੇ ਇਸ ਨੂੰ ਵੀ ਬਾਕੀ ਇਲੈੱਕਟਰੋਨਿਕ ਯੰਤਰਾਂ ਵਾਂਗ ਰੀਚਾਰਜ ਕਰਨਾ ਪੈਂਦਾ ਹੈ। ਮੌਸਾਦ ਨੇ ਸਕੀਮ ਬਣਾਈ ਤੇ ਫੈਕਟਰੀ ਦੇ ਇੱਕ ਇੰਜੀਨੀਅਰ ਦੀ ਮਦਦ ਨਾਲਪੇਜ਼ਰ ਦੀ ਬੈਟਰੀ ਦੇ ਨਜ਼ਦੀਕਕਰੀਬ 30 ਗ੍ਰਾਮ ਪੀ.ਈ.ਟੀ.ਐਨ(ਪੈਂਟਾਏਰੀਥਰੀਟੋਲ ਟੈਟਰਾਨਾਈਟਰੇਟ, ਦੁਨੀਆਂ ਦਾ ਸਭ ਤੋਂ ਤਾਕਤਵਰ ਵਿਸਫੋਟਕ) ਛਿਪਾ ਦਿੱਤਾ ਗਿਆ। ਇਸ ਤੋਂ ਇਲਾਵਾ ਪੇਜ਼ਰ ਦੀ ਬੈਟਰੀ ਦੇ ਨਜ਼ਦੀਕ ਇੱਕ ਚਿੱਪ ਵੀ ਲਗਾਈ ਗਈਜਿਸ ਨੂੰ ਕਮਾਂਡ ਦੇ ਕੇ ਬਲਾਸਟ ਕੀਤਾ ਜਾ ਸਕਦਾ ਸੀ। ਜਦੋਂ ਚਿੱਪ ਨੂੰ ਕਮਾਂਡ ਦਿੱਤਾ ਗਿਆ ਤਾਂ ਉਸ ਨੇ ਬੈਟਰੀ ਨੂੰ ਬੇਹੱਦ ਗਰਮ ਕਰ ਦਿੱਤਾ ਜਿਸ ਕਾਰਨਪੀ.ਈ.ਟੀ.ਐਨ ਫਟ ਗਿਆ।ਮੌਸਾਦ ਨੂੰ ਪਤਾ ਸੀ ਕਿ ਹਿਜ਼ਬੁਲਾ ਦੇ ਜਿਆਦਾਤਰ ਜ਼ਰੂਰੀ ਸੰਦੇਸ਼ ਦੁਪਹਿਰ 3 ਤੋਂ 3.30 ਤੱਕ ਭੇਜੇ ਜਾਂਦੇ ਹਨ। ਉਨ੍ਹਾਂ ਨੇ 3.30 ਦਾ ਸਮਾਂ ਇਸ ਲਈ ਚੁਣਿਆ ਕਿ ਉਸ ਵੇਲੇ ਸਾਰੇ ਕਮਾਂਡਰਾਂ ਦੇ ਹੱਥਾਂ ਵਿੱਚ ਪੇਜ਼ਰ ਹੋਵੇਗਾ।ਅਜੇ ਇਸ ਵਾਕਿਆ ਦੇ ਮ੍ਰਿਤਕ ਦਫਨਾਏ ਵੀ ਨਹੀਂ ਸਨ ਗਏ ਕਿ 19 ਸਤੰਬਰ ਨੂੰ ਮੌਸਾਦ ਨੇ ਹਿਜ਼ਬੁਲ ਕਮਾਂਡਰਾਂ ਦੇ ਵਾਕੀ ਟਾਕੀਆਂ ਵਿੱਚ ਵੀ ਬਲਾਸਟ ਕਰ ਦਿੱਤੇ ਜਿਸ ਕਾਰਨ 20 ਵਿਅਕਤੀ ਮਾਰੇ ਗਏ ਤੇ 450 ਜ਼ਖਮੀ ਹੋ ਗਏ। ਇਸ ਕਾਂਡ ਵਿੱਚ ਵੀ ਪੇਜ਼ਰਾਂ ਵਾਲੀ ਤਕਨੀਕ ਹੀ ਵਰਤੀ ਗਈ ਹੈ।







# ਰਲ਼ ਮਿਲ਼ ਹੰਭਲਾ ਮਾਰੀਏ, ਫਿਰ ਤੋਂ ਖਿੜੇ ਗੁਲਜ਼ਾਰ

ਲਾਭ ਸਿੰਘ ਸ਼ੇਰਗਿੱਲ (ਸੰਗਰੂਰ)
86995 35708

ਮਿਹਨਤ ਮੁਸ਼ੱਕਤਾਂ ਕਰਨ, ਖੁੱਲ੍ਹੇ ਜੁੱਸਿਆਂ ਦੇ ਮਾਲਕ, ਦਿਲ ਖੋਲ੍ਹ ਕੇ ਦਾਨੀ, ਦੁੱਖ-ਸੁੱਖ ਦੇ ਸਾਂਝੀ, ਮਿਲ-ਜੁਲ ਕੇ ਹਰ ਕਾਰਜ ਨੇਪਰੇ ਚਾੜ੍ਹਨ,ਪੰਜ ਦਰਿਆਵਾਂ ਦੇ ਵਾਸੀ, ਕੁਦਰਤ ਨਾਲ਼ ਨੇੜਤਾ ਰੱਖਣ ਵਾਲ਼ੇ , ਰੁੱਖੀ-ਮਿੱਸੀ ਖਾ ਕੇ ਰੱਬ ਦਾ ਸ਼ੁਕਰ ਕਰਨ ਵਾਲ਼ੇ, ਨੂੰਹ ਧੀ ਦੇ ਰਾਖੇ, ਸੱਚ ਲਈ ਕੁਰਬਾਨ ਹੋਣ ਵਾਲ਼ੇ, ਧਰਮ @ਤੇ ਪਹਿਰਾ ਦੇਣ ਵਾਲ਼ੇ ਉਹ ਦਿਲਾਂ ਦੇ ਸੱਚੇ ਸੁੱਚੇ ਅਤੇ ਸਾਦਗੀ ਦੇ ਧਾਰਨੀ ਲੋਕ ਕਿੱਧਰ ਗੁਆਚ ਗਏ ਹਨ। ਅੱਜ ਸਾਡਾ ਹੱਸਦਾ ਵਸਦਾ ਪੰਜਾਬ ਕਿਹੜੀਆਂ ਭੈੜੀਆਂ ਨਜ਼ਰਾਂ ਦੀ ਪਕੜ @ਚ ਆ ਗਿਆ ਹੈ। ਅੱਜ ਜਿਸ ਪਾਸੇ ਵੀ ਦੇਖਦੇ -ਸੁਣਦੇ ਹਾਂ। ਨਸ਼ਾ, ਲੁੱਟਾਂ-ਖੋਹਾਂ, ਮਾਰਧਾੜ, ਹਿੰਸਾ, ਗੈਂਗਸਟਰਾਂ ਦਾ ਸਾਇਆ ਆਦਿ ਇਹ ਕੁੱਝ ਹੀ ਵਾਪਰ ਰਿਹਾ ਹੈ। ਸ਼ਾਇਦ ਸਾਡੇ ਬਜ਼ੁਰਗਾਂ ਨੇ ਕਦੇ ਸੋਚਿਆ ਵੀ ਨਹੀਂ ਹੋਵੇਗਾ ਕਿ ਇਸ ਘੁੱਗ ਵਸਦੇ ਰੰਗਲੇ ਪੰਜਾਬ ਨੂੰ ਭੈੜੀਆਂ ਨਜ਼ਰਾਂ ਖਾ ਜਾਣਗੀਆਂ। ਸਾਡੇ ਗੁਰੂਆਂ-ਪੀਰਾਂ ਦੀ ਚਰਨ ਛੋਹ ਪ੍ਰਾਪਤ ਇਹ ਧਰਤ ਅੱਜ ਅਜਿਹੇ ਸੰਕਟ ਵਿੱਚੋਂ ਗੁਜ਼ਰ ਰਹੀ ਹੈ ਜਿਸ ਦਾ ਕੋਈ ਹੱਲ ਨਹੀਂ ਦਿਸ ਰਿਹਾ। ਨਸ਼ੇ ਦੇ ਸੌਦਾਗਰ ਸ਼ਰੇਆਮ ਨਸ਼ੇ ਦੀ ਸਪਲਾਈ ਕਰ ਰਹੇ ਹਨ। ਸਰਕਾਰ, ਪ੍ਰਸ਼ਾਸਨ ਨੇ ਜਿਵੇਂ ਅੱਖਾਂ @ਤੇ ਪੱਟੀ ਬੰਨ੍ਹ ਰੱਖੀ ਹੈ ਤੇ ਲੋਕਾਂ ਨੂੰ ਉਨ੍ਹਾਂ ਦੇ ਹਾਲ @ਤੇ ਛੱਡ ਦਿੱਤਾ ਗਿਆ ਹੈ। ਕੋਈ ਜੋ ਮਰਜੀ ਤੇ ਜਿਵੇਂ ਮਰਜ਼ੀ ਕਰੇ ਅਰਾਜਕਤਾ ਵਾਲ਼ੀ ਸਥਿਤੀ ਨਜ਼ਰ ਆ ਰਹੀ ਹੈ। ਕਿਸੇ ਦੀ ਕੋਈ ਸੁਣਵਾਈ ਨਹੀਂ। ਭ੍ਰਿਸ਼ਟਾਚਾਰ ਹੱਦਾਂ ਪਾਰ ਕਰਦਾ ਜਾ ਰਿਹਾ ਹੈ। ਉਤੋਂ ਆਮ ਆਦਮੀ ਦਾ ਮਹਿੰਗਾਈ ਨੇ ਕਚੂੰਮਰ ਕੱਢ ਰੱਖਿਆ ਹੈ। ਨੌਜਵਾਨ ਵਿਹਲੇ ਫਿਰਦੇ ਹਨ ਉਨ੍ਹਾਂ ਨੂੰ ਰੁਜ਼ਗਾਰ ਨਹੀਂ ਮਿਲ ਰਿਹਾ। ਪੜ੍ਹਾਈ @ਤੇ ਕੀਤੇ ਖ਼ਰਚ ਦੀ ਭਰਪਾਈ ਨਾ ਹੋਣ ਕਾਰਨ ਨੌਜਵਾਨ ਬੇਚੈਨੀ ਦੇ ਆਲਮ ਵਿੱਚ ਘਿਰਦੇ ਜਾ ਰਹੇ ਹਨ। ਨਿਰਾਸ਼,ਬੇਚੈਨ ਤੇ ਵਿਹਲੀ ਸਾਡੀ ਨੌਜਵਾਨ ਪੀੜ੍ਹੀ ਨੂੰ ਕੁੱਝ ਸ਼ੈਤਾਨੀ ਦਿਮਾਗ ਆਪਣੇ ਚੁੰਗਲ ਵਿੱਚ ਫਸਾ ਰਹੇ ਹਨ ਅਤੇ ਉਹ ਇਸ ਵਿੱਚ ਕਾਮਯਾਬ ਵੀ ਹੋ ਰਹੇ ਹਨ। ਛੋਟੇ ਤੇ ਨਾਸਮਝ ਬੱਚਿਆਂ ਨੂੰ ਮਸਤੀ-ਮਸਤੀ @ਚ ਇਸ ਨਸ਼ਿਆਂ ਦੀ ਦਲਦਲ ਵਿੱਚ ਧਕੇਲਿਆ ਜਾ ਰਿਹਾ ਹੈ। ਡਰਦੇ ਮਾਪੇ ਆਪਣੀਆਂ ਜਾਇਦਾਦਾਂ ਵੇਚ ਕੇ ਆਪਣੇ ਜਿਗਰ ਦੇ ਟੁਕੜਿਆਂ ਨੂੰ ਬਾਹਰਲੇ ਮੁਲਕਾਂ ਵਿੱਚ ਭੇਜ ਰਹੇ ਹਨ। ਪੰਜਾਬ ਨੌਜਵਾਨੀ ਤੇ ਪ੍ਰਤਿਭਾਸ਼ਾਲੀ ਦਿਮਾਗਾਂ ਤੋਂ ਸੱਖਣਾ ਹੁੰਦਾ ਜਾ ਰਿਹਾ ਹੈ ਜੋ ਭਵਿੱਖ ਲਈ ਖ਼ਤਰੇ ਦੀ ਨਿਸ਼ਾਨੀ ਹੈ। ਕੰਮ ਕਰਨ ਦਾ ਰੁਝਾਨ ਖ਼ਤਮ ਹੋ ਰਿਹਾ ਹੈ। ? ਵੱਡਿਆਂ ਦੀਆਂ ਸੇਧ ਦੇਣ ਵਾਲ਼ੀਆਂ ਗੱਲਾਂ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ। ਕਿਤੇ ਇਹ ਨਾ ਹੋਵੇ ਕਿ ਜਿਹੜਾ ਮਾੜਾ ਮੋਟਾ ਖ਼ੁਸ਼ਹਾਲ ਦਿਸ ਰਿਹਾ ਇਹ ਸੂਬਾ, ਵਿਰਾਨੇ ਦਾ ਸ਼ਿਕਾਰ ਨਾ ਹੋ ਜਾਵੇ।

ਅੱਜ ਛੋਟੇ ਵਪਾਰੀ, ਉਦਯੋਗਪਤੀ ਤੇ ਥੋੜ੍ਹੇ ਚੰਗੇ ਰੱਜਦੇ ਪੁੱਜਦੇ ਡਰ ਦੇ ਸਾਏ ਹੇਠ ਜੀਅ ਰਹੇ ਹਨ। ਆਏ ਦਿਨ ਇਨ੍ਹਾਂ ਕਾਰੋਬਾਰੀਆਂ ਨੂੰ ਗੈਂਗਸਟਰਾਂ ਵੱਲੋਂ ਫਿਰੌਤੀ ਮੰਗਣ ਤੇ ਜਾਨੋਂ ਮਾਰਨ ਦੀਆਂ ਧਮਕੀਆਂ ਮਿਲ ਰਹੀਆਂ ਹਨ। ਸਰਕਾਰਾਂ ਤੇ ਪ੍ਰਸ਼ਾਸਨ ਵੱਲੋਂ ਸਖ਼ਤ ਕਦਮ ਨਾ ਉਠਾਉਣ ਕਰਕੇ ਇਨ੍ਹਾਂ ਮਾੜੇ ਅਨਸਰਾਂ ਦੇ ਹੌਸਲੇ ਹੋਰ ਬੁਲੰਦ ਹੋ ਰਹੇ ਹਨ ਜੇ ਇਸੇ ਤਰ੍ਹਾਂ ਹੀ ਹੁੰਦਾ ਰਿਹਾ ਤਾਂ ਇੱਥੋਂ ਹੌਲ਼ੀ ਹੌਲ਼ੀ ਵਪਾਰੀਆਂ ਦਾ ਪਾਸਾ ਵੱਟ ਜਾਣਾ ਲੱਗਭੱਗ ਯਕੀਨਨ ਹੈ।

ਇਸ ਤੋਂ ਇਲਾਵਾ ਰਾਹ ਜਾਂਦਾ ਇਕੱਲਾ-ਦੁਕੱਲਾ ਆਦਮੀ ਵੀ ਸੁਰੱਖਿਅਤ ਨਹੀਂ ਹੈ ਪਤਾ ਨਹੀਂ ਕਦੋਂ ਲੁਟੇਰੇ ਉਸ ਨੂੰ ਲੁੱਟ ਲੈਣ ਤੇ ਸੱਟ ਫੇਟ ਮਾਰ ਜਾਣ। ਅਜਿਹੇ ਅਨਸਰਾਂ @ਤੇ ਲਗਾਮ ਕੱਸਣੀ ਅਤਿ ਜ਼ਰੂਰੀ ਹੈ। ਮਰਹੂਮ ਸੁਰਜੀਤ ਪਾਤਰ ਨੇ ਕਦੇ ਪੰਜਾਬ ਦਾ ਫ਼ਿਕਰ ਕਰਦਿਆਂ ਇਹ ਸਤਰਾਂ ਰਚੀਆਂ ਸਨ:-

ਲੱਗੀ ਨਜ਼ਰ ਪੰਜਾਬ ਨੂੰ,
ਏਦ੍ਹੀ ਨਜ਼ਰ ਉਤਾਰੋ।
ਲੈ ਕੇ ਮਿਰਚਾਂ ਕੌੜੀਆਂ
ਏਹਦੇ ਸਿਰ ਤੋਂ ਵਾਰੋ।

ਪਰ ਹੁਣ ਇਸ ਨੂੰ ਨਜ਼ਰ ਨਹੀਂ ਲੱਗੀ ਜੋ ਮਿਰਚਾਂ ਵਾਰਨ ਨਾਲ਼ ਦੂਰ ਹੋ ਜਾਵੇ । ਹੁਣ ਤਾਂ ਲੱਗਦਾ ਹੈ ਕਿ ਪੰਜਾਬ ਸੋਚੀ ਸਮਝੀ ਗਹਿਰੀ ਸਾਜ਼ਿਸ਼ ਦਾ ਸ਼ਿਕਾਰ ਹੋ ਰਿਹਾ ਹੈ ਜਿਸ ਵਿੱਚ ਇਸ ਦੇ ਆਪਣੇ ਵੀ ਸ਼ਾਮਲ ਹਨ ਫਿਰ ਕਿੱਥੋਂ ਤੇ ਕਿਹੜੇ ਭਲੇ ਦੀ ਗੱਲ ਕਰ ਸਕਦੇ ਹਾਂ ? ਹੁਣ ਤਾਂ ਸਾਰੇ ਪਾਸੇ ਪਿੰਡਾਂ,ਸ਼ਹਿਰਾਂ, ਕਸਬਿਆਂ ਆਦਿ ਵਿੱਚ ਜਿੱਥੇ ਵੀ ਚਾਰ ਲੋਕ ਜੁੜ ਕੇ ਬਹਿੰਦੇ ਹਨ,ਉਹ ਇਹ ਹੀ ਗੱਲਾਂ ਕਰਦੇ ਹਨ ਕਿ ਕੀ ਬਣੂੰ ਪੰਜਾਬ ਦਾ। ਜਿੱਥੋਂ ਤੱਕ ਮੇਰੀ ਨਿਮਾਣੀ ਜਿਹੀ ਸਮਝ ਹੈ, ਸ਼ਾਇਦ ਤੁਸੀਂ ਵੀ ਬਹੁਤ ਸਾਰੇ ਇਸ ਨਾਲ਼ ਸਹਿਮਤ ਹੋਵੋਗੇ ਕਿ ਜੇਕਰ ਕੋਈ ਨਾ ਕੋਈ ਹੀਲ਼ਾ ਕਰਕੇ ਵਿਹਲੇ ਨੌਜਵਾਨਾਂ ਨੂੰ ਕਿਸੇ ਕੰਮ ਧੰਦੇ ਲਾਇਆ ਜਾਵੇ ਫਿਰ ਸ਼ਾਇਦ ਵਿਗੜੇ ਹਾਲਾਤਾਂ @ਚ ਕੁੱਝ ਸੁਧਾਰ ਦੀ ਗੁੰਜਾਇਸ਼ ਹੈ। ਇਸ ਲਈ ਸਰਕਾਰਾਂ ਨੂੰ ਰੁਜ਼ਗਾਰ ਦੇ ਹੋਰ ਵਸੀਲੇ ਉਤਪੰਨ ਕਰਨੇ ਚਾਹੀਦੇ ਹਨ। ਪਿੰਡਾਂ ਵਿੱਚ ਛੋਟੇ ਛੋਟੇ ਉਦਯੋਗਾਂ ਦਾ ਨਿਰਮਾਣ ਕਰਨ ਦੇ ਉੱਦਮ ਕਰਨ ਦੀ ਲੋੜ ਹੈ। ਇਸ ਤੋਂ ਇਲਾਵਾ ਸਾਨੂੰ ਆਪ ਵੀ ਆਪਣੀ ਯੋਗਤਾ, ਸਮਰੱਥਾ ਅਨੁਸਾਰ ਆਪਣਾ ਕੋਈ ਕੰਮ ਆਰੰਭ ਕਰ ਲੈਣਾ ਚਾਹੀਦਾ ਹੈ। ਇੱਕ ਜੋ ਗੱਲ ਇੱਥੇ ਕਹਿਣੀ ਬਣਦੀ ਹੈ ਕਿ ਅਸੀਂ ਆਪਣੇ ਬੱਚਿਆਂ ਨੂੰ ਰੁਪਇਆਂ ਦੀਆਂ ਪੰਡਾਂ ਲਾ ਕੇ, ਆਪਣੀ ਜਾਇਦਾਦਾਂ ਵੇਚ ਜਾਂ ਗਹਿਣੇ ਰੱਖ ਕੇ ਵਿਦੇਸਾਂ ਵਿੱਚ ਭੇਜਦੇ ਹਾਂ ਜੇ ਉਸ ਰਕਮ ਨਾਲ ਇੱਥੇ ਹੀ ਕੋਈ ਕਾਰੋਬਾਰ ਆਰੰਭ ਕਰ ਲਿਆ ਜਾਵੇ ਤਾਂ ਸਾਡੇ ਧੀ ਪੁੱਤ ਸਾਡੀਆਂ ਅੱਖਾਂ ਦੇ ਸਾਹਮਣੇ ਵੀ ਰਹਿਣਗੇ ਤੇ ਦੁੱਖ-ਸੁੱਖ ਵੇਲ਼ੇ ਸਾਨੂੰ ਸਹਾਰਾ ਵੀ ਰਹੇਗਾ। ਭਟਕੇ ਨੌਜਵਾਨਾਂ ਨੂੰ ਨਸ਼ਾ ਕੇਂਦਰਾਂ ਦੀ ਨਹੀਂ ਕੌਂਸਲਿੰਗ ਕੇਂਦਰਾਂ ਦੀ ਜ਼ਿਆਦਾ ਜ਼ਰੂਰਤ ਹੈ ਸੋ ਇਕੱਲੀਆਂ ਸਰਕਾਰਾਂ @ਤੇ ਛੱਡ ਕੇ ਆਪਣਾ ਪੱਲਾ ਝਾੜ ਲੈਣ ਨਾਲ਼ ਗੱਲ ਨਹੀਂ ਬਣਨੀ। ਸਾਡੀਆਂ ਸਮਾਜ ਸੇਵੀ ਸੰਸਥਾਵਾਂ ਤੇ ਭਲਾ ਚਾਹੁੰਣ ਵਾਲ਼ੇ ਭੱਦਰਪੁਰਸ਼ਾਂ ਨੂੰ ਅੱਗੇ ਆਉਣਾ ਪਵੇਗਾ। ਸਾਰਿਆਂ ਨੂੰ ਰਲ਼ ਕੇ ਹੰਭਲਾ ਮਾਰਨਾ ਪਵੇਗਾ ਤਾਂ ਹੀ ਅਸੀਂ ਬੇਰੰਗ ਹੋਏ ਪੰਜਾਬ ਨੂੰ ਫਿਰ ਤੋਂ ਰੰਗਲਾ ਬਣਾਉਣ ਵੱਲ ਤੋਰ ਸਕਾਂਗੇ। ਸੱਚ ਤੇ ਹਾਲਾਤ ਬਿਆਨ ਕਰਦੀਆਂ ਕੁੱਝ ਇਹ ਸਤਰਾਂ ਵੀ ਕਲਮ ਕਹਿਣ ਲਈ ਆਤੁਰ ਹੈ:-

ਚੰਦਰੀ ਸਿਆਸਤ ਨੇ ਖਾ ਲਿਆ,
ਰੰਗਲਾ ਇਹ ਪੰਜਾਬ।
ਰਲ਼ ਮਿਲ਼ ਹੰਭਲਾ ਮਾਰੀਏ,
ਫਿਰ ਤੋਂ ਖਿੜੇ ਗੁਲਜ਼ਾਰ।

# ਲਾਹਨਤ ਹੈ ਸਾਰੇ ਚੰਗਿਆਂ ਤੇ, ਸਲਾਮ ਹੈ ਸ਼ਰਾਬੀਆਂ ਨੂੰ

ਹਰੇਕ ਪਿੰਡ ਵਿੱਚ ਜਿੰਨੇ ਗੁਰਦੁਆਰੇ, ਮੰਦਰ ਆਦਿ ਧਾਰਮਿਕ ਸਥਾਨ ਹਨ ਸਾਰੇ ਸ਼ਰਾਬ ਪੀਣ ਨੂੰ ਮਾੜਾ ਕਹਿੰਦੇ ਹਨ, ਹਰੇਕ ਪਿੰਡ ਵਿੱਚ ਕਿੰਨੇ ਗੁਰਸਿੱਖ ਹਨ, ਕਿੰਨੇ ਬਿਆਸ ਵਾਲੇ ਹਨ, ਕਿੰਨੇ ਸਿਰਸੇ ਵਾਲੇ ਹਨ ਸਾਰੇ ਸ਼ਰਾਬ ਪੀਣ ਨੂੰ ਮਾੜਾ ਕਹਿੰਦੇ ਹਨ, ਪਿੰਡ ਵਿੱਚ ਕਿੰਨੀਆਂ ਇਸਤਰੀਆਂ ਹਨ ਜੋ ਸ਼ਰਾਬ ਤੋਂ ਦੁਖੀ ਹਨ ਅਤੇ ਸ਼ਰਾਬ ਪੀਣ ਨੂੰ ਮਾੜਾ ਕਹਿੰਦੀਆਂ ਹਨ, ਕਿੰਨੇ ਲੋਕ ਉਹ ਵੀ ਹਨ ਜੋ ਆਪਣੇ ਘਰ ਸ਼ਰਾਬ ਤਾਂ ਹਰ ਰੋਜ ਪੀਂਦੇ ਹਨ, ਪਰ ਕਿਸੇ ਤੋਂ ਸ਼ਰਾਬ ਲੈ ਕੇ ਪੀਣ ਨੂੰ ਬੇਇੱਜ਼ਤੀ ਮੰਨਦੇ ਹਨ ਭਾਵ ਰੱਜੇ ਪੁੱਜੇ ਹਨ, ਕੁੱਝ ਉਹ ਲੋਕ ਵੀ ਹਨ ਜੋ ਕਿਸੇ ਧਰਮ ਨਾਲ ਵੀ ਨਹੀਂ ਜੁੜੇ, ਕੁੱਝ ਰੱਜੇ ਪੁੱਜੇ ਵੀ ਨਹੀਂ ਹਨ ਪਰ ਸ਼ਰਾਬ ਨਹੀਂ ਪੀਂਦੇ, ਇਸ ਤਰਾਂ ਤਾਂ ਜੇ ਸਾਰਿਆਂ ਦਾ ਜੋੜ ਲਾਈਏ ਫਿਰ ਤਾਂ ਮੁਫਤ ਦੀ ਸ਼ਰਾਬ ਪੀਣ ਵਾਲੇ ਬਹੁਤ ਥੋੜੇ ਲੋਕ ਨਿਕਲਣਗੇ, ਫਿਰ ਉਹ ਥੋੜੇ ਜਿਹੇ ਲੋਕ ਸਰਪੰਚੀ ਦੀ ਚੋਣ ਦਾ ਪਾਸਾ ਪਲਟਣ ਦੀ ਤਾਕਤ ਕਿਵੇਂ ਰੱਖਦੇ ਹਨ ? ਇਸ ਦਾ ਮਤਲਬ ਕਿ ਪਿੰਡ ਦੇ ਸਾਰੇ ਸਿੱਖ, ਬਿਆਸ ਵਾਲੇ, ਸਿਰਸੇ ਵਾਲੇ ਭਾਵ ਸਾਰੇ ਧਰਮੀ ਅਤੇ ਧਰਮਾਂ ਦੇ ਪ੍ਰਚਾਰਕ ਜਿੰਨਾ ਨੂੰ ਗੱਲਬਾਤ ਵੀ ਕਰਨੀ ਆਉਂਦੀ ਹੈ, ਆਪਣੀ ਗੱਲ ਕਹਿਣ ਲਈ ਪਲੇਟਫਾਰਮ, ਸਟੇਜਾਂ ਅਤੇ ਧਾਰਮਿਕ ਸਥਾਨ ਵੀ ਹਨ, ਸਾਰੀਆਂ ਇਸਤਰੀਆਂ, ਸਾਰੇ ਰੱਜੇ ਪੁੱਜੇ ਕਹਾਉਣ ਵਾਲੇ, ਜਾਂ ਹੋਰ ਜੋ ਸ਼ਰਾਬ ਨਹੀਂ ਪੀਂਦੇ ਇਹ ਸਾਰੇ ਚੰਗੇ ਲੋਕ ਇਕੱਠੇ ਹੋ ਕੇ ਵੀ ਵੋਟਾਂ ਵਿੱਚ ਸ਼ਰਾਬ ਮੰਗਣ ਵਾਲਿਆਂ ਦੇ ਮੁਕਾਬਲੇ ਜੀਰੋ ਹਨ, ਫਿਰ ਤਾਂ ਇਹੀ ਕਹਿਣਾ ਪਵੇਗਾ ਕਿ ਇਹਨਾ ਸਾਰਿਆਂ ਤੋਂ ਤਾਂ ਥੋੜੇ ਜਿਹੇ ਸ਼ਰਾਬੀ ਹੀ ਵੱਧ ਤਾਕਤ ਰੱਖਦੇ ਹਨ, ਫਿਰ ਤਾਂ ਸਾਰੇ ਪੰਚ ਅਤੇ ਸਰਪੰਚ ਵੀ ਸ਼ਰਾਬੀ ਹੀ ਬਣਨੇ ਚਾਹੀਂਦੇ ਹਨ, ਬਾਕੀ ਦੇ ਸਾਰਿਆਂ ਨੂੰ ਤਾਂ ਇਕੱਠੇ ਹੋ ਕੇ ਆਤਮਹੱਤਿਆ ਕਰ ਲੈਣੀ ਚਾਹੀਂਦੀ ਹੈ, ਕਿਉਂਕਿ ਤੁਹਾਡੇ ਸਾਰਿਆਂ ਦਾ ਜਿਉਣ ਦਾ ਵੀ ਕੀ ਫਾਇਦਾ ਜਦੋਂ ਤੁਸੀਂ ਸਾਰੇ ਚੰਗੇ ਲੋਕ ਇੰਨੀ ਵੀ ਤਾਕਤ ਨਹੀਂ ਰੱਖਦੇ ਕਿ ਤੁਸੀਂ ਸ਼ਰਾਬੀਆਂ ਵਾਂਗ ਇਹ ਕਹਿ ਸਕੋਂ ਕਿ ਨਸ਼ੇ ਵੰਡਣ ਵਾਲੇ ਨੂੰ ਜਿੱਤਣ ਨਹੀਂ ਦੇਵਾਂਗੇ, ਜਦੋਂ ਕਿ ਸ਼ਰਾਬੀ ਸ਼ਰੇਆਮ ਕਹਿੰਦੇ ਹਨ ਕਿ ਨਸ਼ੇ ਵੰਡਣ ਵਗੈਰ ਕੋਈ ਜਿੱਤ ਨਹੀਂ ਸਕਦਾ, ਮੈਂ ਤਾਂ ਇਹੀ ਕਹਾਂਗਾ ਕਿ ਸਲਾਮ ਹੈ ਸ਼ਰਾਬੀਆਂ ਦੇ ਜਜ਼ਬੇ ਨੂੰ ਅਤੇ ਲਾਹਨਤ ਹੈ ਸਾਡੇ ਸਾਰੇ ਚੰਗੇ ਕਹਾਉਣ ਵਾਲਿਆਂ ਤੇ, ਸਾਡੀ ਸਾਰਿਆਂ ਦੀ ਦੇਣ ਵੀ ਜਾਂ ਲੋੜ ਵੀ ਕੀ ਹੈ ਜਦੋਂ ਅਸੀਂ ਸਾਰੇ ਧਰਮੀ ਅਤੇ ਚੰਗੇ ਬੰਦੇ ਰਲ ਕਿ ਪਿੰਡ ਵਿੱਚ ਇੱਕ ਸਰਪੰਚ ਵੀ ਨਹੀਂ ਚੁਣ ਸਕਦੇ[

ਹਰਲਾਜ ਸਿੰਘ ਬਹਾਦਰਪੁਰ,
ਫੋਨ ਨੰਬਰ :- 9417023911

# ਮੁੱਲ ਦੀ ਸਰਪੰਚੀ

ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆ
ਮਮਦੋਟ 7589155501

ਸੁੱਖਾ ਬੱਚਿਆਂ ਨੂੰ ਸਕੂਲ ਤੋਂ ਲੈ ਕੇ ਵਾਪਿਸ ਘਰ ਨੂੰ ਪਰਤ ਰਿਹਾ ਸੀ ।ਰਾਹ ਵਿੱਚ ਚਾਰ ਪੰਜ ਬੰਦੇ ਪਿੰਡ ਦੇ ਮੋਹਤਬਰ ਜਿਹੇ ਮਿਲ ਗਏ ।ਉਹ ਗੱਲਾਂ ਕਰਨ ਲਗ ਪਏ ਕਿ ਅੱਜ ਸ਼ਾਮ ਨੂੰ ਆਪਣੇ ਪਿੰਡ ਦੀ ਸਰਪੰਚੀ ਦੀ ਬੋਲੀ ਲਗਣੀ ਹੈ ।ਜਿਹੜਾ ਬੋਲੀ ਵੱਧ ਲਾ ਦੇਵੇਂਗਾ ਅੱਜ ਤੋਂ ਹੀ ਉਹ ਆਪਣੇ ਪਿੰਡ ਦਾ ਸਰਪੰਚ ਬਣ ਜਾਵੇਂਗਾ ।ਬੱਸ ਇੰਨੀ ਕੁ ਭਿਣਕ ਲੱਗੀ ਤੇ ਸੁੱਖਾ ਵਾਹੋਦਾਹੀ ਘਰ ਪਹੁੰਚ ਗਿਆ ।ਘਰ ਆਉਂਦਿਆਂ ਹੀ ਵਾਜ਼ਾਂ ਮਾਰਨ ਲਗ ਪਿਆ ਬਾਪੂ ਜੀ ਬਾਪੂ ਜੀ ਕਿੱਥੇ ਚਲਾ ਗਿਆ ਐ ਬਾਪੂ ।÷ਕੀ ਗੱਲ ਹੋ ਗਈ ਏ ÷ ਬੇਬੇ ਨੇ ਅੰਦਰੋਂ ਬਾਹਰ ਨਿੱਕਲ ਕੇ ਪੁੱਛਿਆ ।ਗੱਲ ਕਿ ਹੋਣੀ ਏ ਜਿਵੇ ਸਿਆਣੇ ਕਹਿੰਦੇ ਨੇ ਕਿ ਜਦੋ ਸ਼ਿਕਾਰ ਨਿੱਕਲਿਆ ਤੇ ਕੁੱਤੀ ਨੂੰ ਉਹ ਆ ਗਿਆ ।ਅਜੇ ਮਾਂ ਆਪਣੇ ਪੁੱਤਰ ਸੁੱਖੇ ਗੱਲ ਹੀ ਕਰ ਰਹੇ ਸੀ ।ਵਿੱਚੋ ਬਾਪੂ ਵਿੱਚ ਆ ਟਪਕਿਆ ÷ਦਸੋਂ ਕੀ ਗੱਲ ਏ ÷ ।ਬੜਾ ਘਰ ਸਿਰ ਤੇ ਚੁੱਕਿਆ ਹੋਇਆ ਏ ।ਸੁੱਖਾ ਅਗੋਂ ਬੋਲਿਆ ਬਾਪੂ ਜੀ ਗੱਲ ਉਹੀ ਹੈ ,ਜਿਹੜੀ ਮੈਂ ਤੁਹਾਨੂੰ ਕਈ ਚਿਰਾਂ ਤੋਂ ਕਹਿੰਦਾ ਆ ਰਿਹਾ ਹਾਂ ।ਕਿ ਮੈ ਜਿੰਦਗੀ ਵਿੱਚ ਇੱਕ ਵਾਰ ਸਰਪੰਚ ਜ਼ਰੂਰ ਬਣਨਾ ਹੈ ।ਅੱਜ ਉਹ ਵੇਲਾ ਆ ਗਿਆ ਹੈ ।ਸੁੱਖੇ ਪੁੱਤਰ ਗੱਲ ਤੇਰੀ ਠੀਕ ਹੈ ਪਰ ਸਰਪੰਚ ਬਣਨ ਲਈ ਚਾਰ ਵੋਟਾਂ ਵੀ ਨਾਲ ਹੋਣੀਆਂ ਚਾਹੀਦੀਆਂ ਨੇ ।ਪੁੱਤਰਾਂ ਆਪਾਂ ਨੂੰ ਤਾਂ ਵੋਟਾਂ ਆਪਣੇ ਟੱਬਰ ਨੇ ਨੇ ਹੀ ਨਹੀਂ ਪਾਉਣੀਆਂ। ਫਿਰ ਵੋਟਾਂ ਤੋਂ ਬਿਨਾਂ ਤੂੰ ਸਰਪੰਚ ਕਿਵੇਂ ਬਣ ਜਾਵਾਂਗੇ ।ਬਾਪੂ ਜੀ ਹੁਣ ਸਰਪੰਚੀ ਵਾਸਤੇ ਵੋਟਾਂ ਦੀ ਲੋੜ ਨਹੀਂ ਸਗੋਂ ਨੋਟਾਂ ਦੀ ਲੋੜ ਹੈ ।ਉਹ ਕਿਵੇਂ ?ਕਿ ਹੁਣ ਆਪਣੇ ਟੱਬਰ ਵਾਲੇ ਪੈਸੇ ਲੈ ਕੇ ਤੈਨੂੰ ਵੋਟਾਂ ਮੁੱਲ ਦੇਣਗੇ ।ਕਦੇ ਨਹੀਂ ਹੋ ਸਕਦਾ ।ਬਾਪੂ ਤੂੰ ਵੀ ਭੋਲਾ ਏ ,ਪੈਸੇ ਆਪਾਂ ਕਿਸੇ ਵੋਟਰ ਨਹੀਂ ਦੇਣੇ ।ਸਗੋਂ ਸਾਡੇ ਪੈਸੇ ਪਿੰਡ ਦੇ ਵਿਕਾਸ ਤੇ ਲੱਗਣਗੇ ।÷ਕਿਹੜੇ ਵਿਕਾਸ ਤੇ÷ ।ਆਹ ਹੀ ਵਿਕਾਸ ,ਗਲੀਆਂ, ਨਾਲੀਆਂ ,ਸਿਵੇ ਤੇ ਧਰਮਸ਼ਾਲਾ ਨੂੰ ਸੁਧਾਰਨ ਤੇ ।ਵਾਹ ਬਈ ਵਾਹ ਗੌਰਮਿੰਟ ਕਰੋੜਾ ਰੁਪਏ ਫੰਡ ਦੇ ਦੇਂਦੀ ਹੈ ਸੁਧਾਰ ਲਈ ।ਸੁਧਾਰ ਫਿਰ ਨਹੀਂ ਹੁੰਦਾ ।ਤੂੰ ਕਿਹੜੇ ਸੁਧਾਰ ਦੀ ਗੱਲ ਕਰਦਾ ਏ ।ਛੱਡ ਬਾਪੂ ਸਾਰੀਆਂ ਗੱਲਾਂ ਨੂੰ ,ਅੱਜ ਸ਼ਾਮ ਨੂੰ ਗੁਰੁਦੁਵਾਰੇ ਦੇ ਬਾਹਰਲੇ ਪਾਸੇ ਸੱਥ ਵਿੱਚ ਸਰਪੰਚੀ ਦੀ ਖੁੱਲੀ ਬੋਲੀ ਲਗਣੀ ਹੈ ।ਤੂੰ ਜਾਹ ਆੜ੍ਹਤੀਏ ਕੋਲ ਉਹਦੇ ਨਾਲ ਆਪਣੀ ਨਿਆਈਂ ਵਾਲੀ ਪੈਲੀ ਦੇ ਦੋ ਕਿਲਿਆਂ ਦਾ ਸੌਦਾ ਕਰ ਕੇ ਆ । ਮੈ ਨਿਆਈ ਵਾਲੀ ਜ਼ਮੀਨ ਵੇਚ ਦਿਆ ÷ਨਹੀਂ ,ਨਹੀਂ ਸੁਖਿਆ ਇਹ ਤਾਂ ਜ਼ਮੀਨ ਮੈਂ ਭੁਖਿਆਂ ਰਹਿ ਰਹਿ ਕੇ ਬਣਾਈ ਏ ।ਇਥੋਂ ਹੀ ਚਾਰ ਦਾਣੇ ਹੁੰਦੇ ਨੇ ਆਪਣੇ ਖਾਣ ਨੂੰ ।ਜੇ ਇਹ ਜ਼ਮੀਨ ਵਿੱਕ ਗਈ ਤੇ ਰੋਟੀ ਕਿਥੋਂ ਖਾਵਾਂਗੇ ।ਬਾਪੂ ਜੇ ਤੂੰ ਭੁਖਿਆ ਰਹਿ ਕੇ ਜ਼ਮੀਨ ਬਣਾ ਲਈ ਸੀ ।ਕੀ ਮੈਂ ਸਰਪੰਚੀ ਵਿੱਚ ਨਹੀਂ ਬਣਾ ਸਕਦਾ ।ਮੇਰੀ ਵੀ ਜਿੱਦ ਹੈ ਮੈ ਬੋਲੀ ਕਿਸੇ ਤੋਂ ਘੱਟ ਨਹੀਂ ਲਾਉਣੀ । ਅੱਜ ਸ਼ਾਮ ਨੂੰ ਬਾਪੂ ਤੂੰ ਸਰਪੰਚ ਦਾ ਪਿਉ ਹੋਵੇਂਗਾ ।ਪਾ ਲੈ ਲੀੜੇ ਤੇ ਛੇਤੀ ਸੌਦਾ ਕਰ ਕੇ ਆ । ਜਿਹੜ੍ਹਾ ਵੀ ਉਹ ਭਾਅ ਲਾਵੇ ਤੂੰ ਜਿੱਦ ਨਾ ਕਰੀ ,ਦੇ ਦੇਵੀ ।ਕਿਉਂਕਿ ਪੈਸੇ ਆਪਾਂ ਮੌਕੇ ਤੇ ਹੀ ਦੇ ਦੇਣੇ ਨੇ ।ਹੁਣ ਬਾਪੂ ਨੂੰ ਇੱਕ ਪਾਸੇ ਨਿਆਈ ਦੇ ਦੋ ਕਿੱਲੇ ਹੱਥੋਂ ਜਾਂਦੇ ਦਿਸਣ ਲੱਗ ਪਏ ਤੇ ਦੂਜ਼ੇ ਪਾਸੇ ਗੱਭਰੂ ਪੁੱਤਰ ਦੀ ਜਿੱਦ ।ਜ਼ਮੀਨ ਤਾਂ ਜ਼ਿਮੀਦਾਰ ਦੀ ਮਾਂ ਹੁੰਦੀ ਹੈ ।ਸਰਪੰਚੀ ਤਾਂ ਅੱਜ ਆਈ ਤੇ ਕੱਲ ਗਈ ।ਪਰ ਜ਼ਮੀਨ ਇੱਕ ਵਾਰ ਹੱਥ ਵਿੱਚੋ ਨਿੱਕਲ ਗਈ ਤੇ ਦੁਬਾਰਾ ਵਾਪਿਸ ਨਹੀਂ ਆਉਣੀ ।ਇਹ ਕਿਹੋ ਜਿਹਾ ਲੋਕਤੰਤਰ ਹੈ ਮੈਨੂੰ ਤਾਂ ਕੋਈ ਸਮਝ ਨਹੀਂ ਆ ਰਹੀ ।ਕਦੋਂ ਤੋਂ ਹੋ ਗਈ ਏ ਮੁੱਲ ਦੀ ਸਰਪੰਚੀ ।ਪੁੱਤ ਮੇਰਾ ਸਿਰ ਚਕਰਾਉਣ ਲੱਗ ਪਿਆ ਏ ਮੈ ਕੀ ਕਰਾਂ ।ਬਾਪੂ ਤੂੰ ਕਰਨਾ ਕਰਾਉਣਾ ਕੁਝ ਨਹੀਂ ਬਸ ਤੂੰ ਤਾਂ ਇੱਕ ਅਗੂੰਠਾ ਹੀ ਅਸ਼ਟਾਮ ਤੇ ਲਾਉਣਾ ਏ ।ਪੁੱਤਰ ਦੀ ਜਿੱਦ ਅੱਗੇ ਬਾਪੂ ਝੁੱਕ ਗਿਆ ।ਸੌਦਾ ਕਰਕੇ ਪੈਸੇ ਨਗਦ ਹੀ ਸ਼ਾਮ ਹੋਣ ਤੋਂ ਪਹਿਲਾਂ ਹੀ ਲੈ ਕੇ ਆ ਗਿਆ ।ਲੋਕ ਇੱਕਠੇ ਹੋ ਗਏ ਬੋਲੀ ਲੱਗਣੀ ਸ਼ੁਰੂ ਹੋ ਗਈ ।ਗੱਲ ਸਿੱਧੀ ਲੱਖਾਂ ਤੋਂ ਸ਼ੁਰੂ ਹੋਈ ਤੇ ਕਰੋੜਾਂ ਨੂੰ ਛੂਹਣ ਲੱਗ ਪਈ ।ਉੱਥੇ ਕਨੇਡੀਅਨ, ਵਲੈਤ ਵਾਲੇ ਤੇ ਕੁੱਝ ਅਮਰੀਕਾ ਤੇ ਆਸਟ੍ਰੇਲੀਆ ਵਾਲਿਆ ਨੇ ਸੁੱਖੇ ਨੂੰ ਮਿੱਟੀ ਵਿੱਚ ਮਿਲਾ ਦਿੱਤਾ ।ਸਰਪੰਚੀ ਦਾ ਮੁੱਲ ਕਰੋੜਾਂ ਰੁਪਏ ਪੈ ਗਿਆ ।ਪੈਸੇ ਵਾਲੇ ਸਰਪੰਚੀ ਲੈ ਗਏ ।ਸੁੱਖੇ ਦੇ ਹੱਥੋਂ ਸਰਪੰਚੀ ਚਲੀ ਗਈ । ਬਜ਼ੁਰਗ ਬਾਪੂ ਦੇ ਹੱਥੋਂ ਜਮੀਨ ।ਹੁਣ ਦੋਵੇ ਪਿਉ ਪੁੱਤ ਇੱਕ ਦੂਜੇ ਦੇ ਮੂੰਹ ਵੱਲ ਵੇਖਦੇ ਹੀ ਰਹਿ ਗਏ । ਕਿ ਸਾਡੇ ਨਾਲ ਧੋਖਾ ਕਰ ਗਈ ਮੁੱਲ ਦੀ ਸਰਪੰਚੀ ।

# ਇੱਕ ਯਾਦ ਪੁਰਾਣੀ ਸਿਆਣਪ ਅਤੇ ਈਮਾਨਦਾਰੀ

ਇਹ ਯਾਦ ਮੇਰੇ ਸੰਘਰਸ਼ੀ ਦਿਨਾਂ ਦੀ ਹੈ। 1989-90 ਵਿੱਚ ਮੈਂ ਏਐੱਸ ਕਾਲਜ ਖੰਨਾ ਵਿਖੇ ਅਧਿਆਪਨ ਕਾਰਜ ਕਰ ਰਿਹਾ ਸਾਂ। ਉਨ੍ਹੀਂ ਦਿਨੀਂ ਮੇਰੀ ਰਿਹਾਇਸ਼ ਅਰਬਨ ਐਸਟੇਟ, ਫੇਜ਼-2, ਪਟਿਆਲਾ ਵਿਖੇ ਸੀ। ਉੱਥੋਂ ਹੀ ਮੈਂ ਹਰ ਰੋਜ਼ ਖੰਨਾ ਆਇਆ-ਜਾਇਆ ਕਰਦਾ ਸਾਂ। ਉਦੋਂ ਅਰਬਨ ਐਸਟੇਟ ਬੱਸਾਂ ਨਹੀਂ ਸਨ ਰੁਕਦੀਆਂ। ਆਟੋ ਦੀ ਸਵਾਰੀ ਕਰਨੀ ਪੈਂਦੀ ਸੀ ਜਾਂ ਫਿਰ ਆਪਣੇ ਕੋਲ ਵਹੀਕਲ ਹੋਣਾ ਜ਼ਰੂਰੀ ਸੀ। ਪਰ ਮੇਰੇ ਕੋਲ ਸਿਰਫ਼ ਸਾਈਕਲ ਸੀ, ਜਿਸ ਰਾਹੀਂ ਮੈਂ ਯੂਨੀਵਰਸਿਟੀ ਤੱਕ ਤਾਂ ਆ-ਜਾ ਲੈਂਦਾ ਸਾਂ, ਸ਼ਹਿਰ ਬਹੁਤ ਘੱਟ। ਖੰਨਾ ਜਾਣ ਲਈ ਘਰੋਂ 7 ਵਜੇ ਚੱਲਣਾ ਪੈਂਦਾ। ਪਹਿਲਾਂ ਪੈਦਲ ਤੁਰ ਕੇ ਮੁੱਖ ਸੜਕ ਤੇ ਪੁੱਜਦਾ, ਉੱਥੋਂ ਆਟੋ ਉਡੀਕਦਾ, ਆਟੋ ਤੇ ਸਫ਼ਰ ਕਰਦਾ, ਬੱਸ ਅੱਡੇ ਪੁੱਜਦਾ। ਉਦੋਂ ਬੱਸ ਅੱਡਾ ਹੁਣ ਵਾਲੀ ਥਾਂ ਨਹੀਂ ਸੀ, ਪੁਰਾਣੀ ਥਾਂ ਸੀ, ਯਾਨੀ ਰੇਲਵੇ ਸਟੇਸ਼ਨ ਨੇੜੇ। ਉਦੋਂ ਆਟੋ ਰਾਹੀਂ ਅਰਬਨ ਐਸਟੇਟ ਤੋਂ ਬੱਸ ਅੱਡੇ ਜਾਣ ਲਈ 5/- ਰੁਪਏ ਕਿਰਾਇਆ ਸੀ। ਹੁਣ ਸ਼ਾਇਦ 20/- ਰੁਪਏ ਹੈ। ਜਦੋਂ ਦੀ ਇਹ ਘਟਨਾ ਹੈ, ਉਨ੍ਹੀਂ ਦਿਨੀਂ ਮੈਂ ਘਰੇ ਇਕੱਲਾ ਰਹਿ ਰਿਹਾ ਸਾਂ। ਮਾਤਾ ਪਿਤਾ ਕਿਧਰੇ ਗਏ ਹੋਏ ਸਨ ਤੇ ਮੇਰਾ ਅਜੇ ਵਿਆਹ ਨਹੀਂ ਸੀ ਹੋਇਆ। ਸਪਸ਼ਟ ਹੈ ਕਿ ਚਾਹ-ਪਾਣੀ ਤੇ ਰੋਟੀ-ਟੁੱਕ ਦਾ ਜੁਗਾੜ ਖੁਦ ਹੀ ਕਰਦਾ ਸਾਂ। ਬੱਸ ਅੱਡੇ ਤੋਂ ਬੱਸ ਲੈ ਕੇ ਖੰਨੇ ਪਹੁੰਚਣਾ, ਫਿਰ ਉੱਥੋਂ ਮਾਛੀਵਾੜੇ ਦੀ ਬੱਸ ਲੈ ਕੇ ਕਾਲਜ ਪਹੁੰਚਣਾ, ਕਿਉਂਕਿ ਕਾਲਜ ਖੰਨਾ-ਮਾਛੀਵਾੜਾ ਸੜਕ ਉੱਤੇ ਸਥਿਤ ਸੀ। ਜੇ ਬੱਸ ਸਮੇਂ ਸਿਰ ਨਾ ਮਿਲਦੀ ਤਾਂ ਕਿਸੇ ਆਟੋ ਦਾ ਸਹਾਰਾ ਲੈਣਾ ਪੈਂਦਾ। ਇਵੇਂ ਹੀ ਕਾਲਜ ਤੋਂ ਵਾਪਸੀ ਵੇਲੇ ਹੁੰਦਾ। ਸਵੇਰੇ 7 ਵਜੇ ਦਾ ਚੱਲਿਆ, ਘਰੇ ਵਾਪਸ 4-5 ਕੁ ਵਜੇ ਥੱਕਿਆ-ਟੁੱਟਿਆ ਮੁੜਦਾ। ਬਹੁਤ ਨੱਸ-ਭੱਜ ਤੇ ਭਕਾਈ ਵਾਲਾ ਮਸਲਾ ਸੀ। ਪਰ ਮੈਂ ਇਹ ਸੰਘਰਸ਼ੀ-ਦੌਰ ਕਰੀਬ 13 ਸਾਲ (ਬਨਵਾਸ ਨਾਲੋਂ ਕੁਝ ਘੱਟ) ਆਪਣੇ ਪਿੰਡੇ ਤੇ ਸਹਾਰਿਆ ਹੈ। ਗਰਮੀਆਂ ਦੇ ਕਿਸੇ ਦਿਨ ਦੀ ਗੱਲ ਹੈ। ਮੈਂ ਅਰਬਨ ਐਸਟੇਟ ਵਾਲੇ ਘਰ ਨੂੰ ਜਿੰਦਰਾ ਲਾਇਆ, ਚਾਬੀ ਪੈਂਟ ਦੀ ਜੇਬ @ਚ ਪਾਈ ਤੇ ਵਾਹੋ-ਦਾਹੀ ਮੇਨ ਰੋਡ ਤੇ ਪੁੱਜਾ। ਚੰਗੇ ਭਾਗਾਂ ਨੂੰ ਉੱਥੇ ਇੱਕ ਆਟੋ ਖੜ੍ਹਾ ਸੀ, ਜੋ ਮੈਨੂੰ ਇਕੱਲੇ ਨੂੰ ਲੈ ਕੇ ਚੱਲ ਪਿਆ। ਮੈਂ ਬੱਸ ਅੱਡੇ ਪੁੱਜ ਕੇ ਆਟੋ ਦਾ ਕਿਰਾਇਆ ਦਿੱਤਾ ਤੇ ਖੰਨੇ ਜਾਣ ਵਾਲੀ ਬੱਸ ਫੜੀ। ਵਾਪਸੀ ਵੇਲੇ ਵੀ ਸੁਖ ਸ਼ਾਂਤੀ ਨਾਲ ਅਰਬਨ ਐਸਟੇਟ ਪੁੱਜ ਗਿਆ। ਪਰ ਘਰ ਨੂੰ ਚੱਲਣ ਤੋਂ ਪਹਿਲਾਂ ਅਚਾਨਕ ਜੇਬ @ਚ ਹੱਥ ਮਾਰਿਆ ਤਾਂ ਚਾਬੀ ਗਾਇਬ ਸੀ। ਪੈਂਟ ਤੇ ਕਮੀਜ਼ ਦੀਆਂ ਸਾਰੀਆਂ ਜੇਬਾਂ ਫਰੋਲ ਮਾਰੀਆਂ, ਪਰ ਚਾਬੀ ਹੋਵੇ ਤਾਂ ਮਿਲੇ। ਹੁਣ ਘਰ ਜਾ ਕੇ ਜਿੰਦਰਾ ਕਿਵੇਂ ਖੋਲ੍ਹਾਂਗਾ ? ਅਰਬਨ ਐਸਟੇਟ ਦੇ ਅੱਡੇ ਤੇ ਇੱਕ ਸਾਈਕਲ ਪੈਂਚਰ ਵਾਲੇ ਦੀ ਛੋਟੀ ਜਿਹੀ ਦੁਕਾਨ ਸੀ। ਉਹਨੂੰ ਆਟੋ ਵਾਲੇ ਦਾ ਹੁਲੀਆ ਦੱਸ ਕੇ ਉਹਦਾ ਘਰ, ਜੋ ਫੇਜ਼-1 ਵਿੱਚ ਸੀ, ਲੱਭਿਆ। ਉਹ ਉਸ ਵੇਲੇ ਘਰ ਨਹੀਂ ਸੀ। ਅੱਧਾ-ਪੌਣਾ ਘੰਟਾ ਉਹਦੇ ਘਰ ਕੋਲ ਖੜ੍ਹ ਕੇ ਉਡੀਕ ਕੀਤੀ। ਜਦੋਂ ਉਹ ਆਇਆ ਤਾਂ ਸਾਰੀ ਗੱਲ ਦੱਸੀ ਕਿ ਸਵੇਰੇ ਤੁਹਾਡੇ ਆਟੋ ਤੇ ਬੱਸ ਅੱਡੇ ਗਿਆ ਸਾਂ, ਕਿਤੇ ਮੇਰੀ ਚਾਬੀ ਤਾਂ ਆਟੋ ਵਿੱਚ ਨਹੀਂ ਡਿੱਗੀ ਮਿਲੀ ? ਉਸ ਦਰਵੇਸ਼ ਬੰਦੇ ਨੇ ਸਾਰੀ ਗੱਲ ਸਹਿਜ ਨਾਲ ਸੁਣ ਕੇ ਦੱਸਿਆ, ÷ਕੇਵਲ ਚਾਬੀ ਹੀ ਨਹੀਂ, ਸਗੋਂ ਪੰਜਾਹ ਪੈਸੇ ਦਾ ਸਿੱਕਾ ਵੀ ਸੀਟ ਤੇ ਡਿੱਗਿਆ ਮਿਲਿਆ ਸੀ। ਪੰਜਾਹ ਪੈਸੇ ਤਾਂ ਮੈਂ ਗੁਰਦੁਆਰੇ ਦੂਖ ਨਿਵਾਰਨ ਮੱਥਾ ਟੇਕ ਆਇਆ ਹਾਂ ਤੇ ਤੁਹਾਡੀ ਚਾਬੀ ਸੰਭਾਲ ਕੇ ਰੱਖ ਲਈ ਹੈ।÷ ਇੰਨਾ ਕਹਿ ਕੇ ਉਹ ਘਰ ਅੰਦਰ ਗਿਆ ਤੇ ਮੈਨੂੰ ਚਾਬੀ ਲਿਆ ਕੇ ਦਿੱਤੀ। ਮੈਂ ਵਾਰ ਵਾਰ ਉਹਦਾ ਧੰਨਵਾਦ ਕੀਤਾ। ਜਿੱਥੇ ਪਹਿਲਾਂ ਮੈਂ ਘਰੇ 4-5 ਵਜੇ ਤੱਕ ਪੁੱਜਦਾ ਸਾਂ, ਉਸ ਦਿਨ 7 ਵੱਜ ਗਏ। ਇਹ ਵੀ ਸੰਭਵ ਸੀ ਕਿ ਉਹ ਚਾਬੀ ਸੁੱਟ ਦਿੰਦਾ ਜਾਂ ਕਹਿ ਦਿੰਦਾ ਕਿ ਕੋਈ ਚਾਬੀ-ਚੂਬੀ ਨਹੀਂ ਮਿਲੀ। ਪਰ ਉਦੋਂ ਚੰਗੇ ਦਿਨ ਸਨ, ਬੰਦੇ ਚੰਗੇ ਸਨ, ਸਿਆਣੇ ਤੇ ਈਮਾਨਦਾਰ ਸਨ। ਅੱਜ ਤਿੰਨ ਦਹਾਕਿਆਂ ਤੋਂ ਵਧੀਕ ਸਮੇਂ ਪਿੱਛੋਂ ਵੀ ਮੈਨੂੰ ਉਸ ਆਟੋ ਵਾਲੇ ਦਰਵੇਸ਼ ਦੀ ਸਿਆਣਪ ਤੇ ਈਮਾਨਦਾਰੀ ਇਨਬਿਨ ਯਾਦ ਹੈ। ਹਾਂ, ਉਸਦਾ ਚਿਹਰਾ ਬਿਲਕੁਲ ਵਿੱਸਰ ਚੁੱਕਿਆ ਹੈ। ਅੱਜਕੱਲ੍ਹ ਜਦ ਵੀ ਘਰੋਂ ਬਾਹਰ ਜਾਂਦਾ ਹਾਂ ਤਾਂ ਚਾਬੀ ਨੂੰ ਬਹੁਤ ਇਹਤਿਆਤ ਨਾਲ ਸੰਭਾਲ ਕੇ ਰੱਖਦਾ ਹਾਂ, ਮਤੇ ਓਹ ਗੱਲ ਨਾ ਵਾਪਰ ਜਾਵੇ !

ਪ੍ਰੋ. ਨਵ ਸੰਗੀਤ ਸਿੰਘ
# navsangeetsinghFIEG@gmail.com
# 9417692015.

# ਮੋਬਾਈਲ, ਬੱਚੇ ਅਤੇ ਡਿਜੀਟਲ ਸੰਸਾਰ



ਅੱਜ ਦੇ ਡਿਜੀਟਲ ਯੁੱਗ ਵਿੱਚ ਮੋਬਾਈਲ ਫੋਨ ਅਹਿਮ ਜ਼ਰੂਰਤ ਬਣ ਗਿਆ ਹੈ। ਇਹ ਜੀਵਨ ਦਾ ਇਕ ਮਹੱਤਵਪੂਰਨ ਹਿੱਸਾ ਜੋ ਹਰ ਪਹਿਲੂ ਨੂੰ ਪ੍ਰਭਾਵਿਤ ਕਰਦਾ ਹੈ । ਇਸ ਦੀ ਜਕੜ ਵਿੱਚ ਬੱਚੇ ਤੋ ਬਜੁਰਗ ਤੱਕ ਸਾਮਿਲ ਹਨ। ਮਾਪੇ ,ਅਧਿਆਪਕ ਅਤੇ ਨੀਤੀ ਨਿਰਮਾਤਾ ਵਿਚਕਾਰ ਚੱਲ ਰਹੀ ਬਹਿਸ ਵਿਸ਼ਾ ਵੀ ਹੈ । ਬਹੁਤ ਸਾਰੇ ਕੰਮਾ ਵਿੱਚ ਮੋਬਾਈਲ ਨੂੰ ਅਣਗੋਲਿਆ ਨਹੀ ਕੀਤਾ ਜਾ ਸਕਦਾ, ਭਾਵੇ ਬੁਰੇ ਪ ?ਭਾਵ ਘੱਟ ਨਹੀ । ਇਸ ਦੀ ਭੂਮਿਕਾ ਨੂੰ ਸਚੱਜੀ ਵਰਤੋ ਨਾਲ ਸਾਰਥਿਕ ਬਣਾ ਸਕਦੇ ਹਾ । ਮੋਬਾਈਲ ਫੋਨ ਦਾ ਮੁਢਲੇ ਫਾਇਦਾ ਕਿ ਇਹ ਸੁਰੱਖਿਆ ਦੀ ਭਾਵਨਾ ਪ੍ਰਦਾਨ ਕਰਦਾ ਹੈ ਅਤੇ ਬੱਚੇ ਐਮਰਜੈਂਸੀ ਵਿੱਚ ਮਾਪਿਆਂ ਨਾਲ ਸੰਪਰਕ ਕਰ ਸਕਦੇ ਹਨ। ਇਸ ਨਾਲ ਸਾਡੀ ਜ਼ਿੰਦਗੀ ਅਸਾਨ ਹੋ ਗਈ ਹੈ। ਅਸੀਂ ਕਿਸੇ ਵੀ ਸਮੇਂ ਤੇ ਕਿਸੇ ਵੀ ਜਗ੍ਹਾ ਤੋ ਆਪਣੇ ਮਿੱਤਰਾਂ ਅਤੇ ਪਰਿਵਾਰ ਨਾਲ ਸੰਪਰਕ ਕਰ ਸਕਦੇ ਹਾਂ। ਜਿਸ ਸਦਕੇ ਦੁਨੀਆ ਦੇ ਕਿਸੇ ਵੀ ਹਿੱਸੇ ਨਾਲ ਜੁੜਨ ਵਿੱਚ ਸਮਰਥਾ ਹਾ । ਮੋਬਾਈਲ ਫ਼ੋਨ ਸਿਰਫ਼ ਗੱਲਬਾਤ ਤੱਕ ਸੀਮਿਤ ਨਹੀਂ ਹਨ। ਇਹ ਸ਼ਕਤੀਸ਼ਾਲੀ ਵਿਦਿਅਕ ਸਾਧਨ ਦਾ ਸਰੋਤ ਵੀ ਹੈ। ਜੋ ਮਨੋਰੰਜਨ, ਸਿੱਖਿਆ ਅਤੇ ਕੰਮਕਾਜ ਵਿੱਚ ਮਦਦਗਾਰ ਸਾਬਤ ਹੋ ਰਿਹਾ ਹੈ। ਅਸੀਂ ਮੋਬਾਈਲ ਤੇ ਇੰਟਰਨੈਟ ਦੀ ਸਹਾਇਤਾ ਨਾਲ ਵੀਡੀਓਜ਼ ਜਾਣਕਾਰੀ ਅਤੇ ਆਨਲਾਈਨ ਕੋਰਸ ਕਰ ਸਕਦੇ ਹਾਂ।ਜੀ ਪੀ ਚੈਟ ਵਰਗੀਆ ਅਤਿ ਅਧੁਨਿਕ ਖੋਜਾ ਨੇ ਸਵਾਲਾ ਦੇ ਜਵਾਬ ਹੋਰ ਵੀ ਅਸਾਨ ਕਰ ਦਿੱਤੇ। ਵੱਖ- ਵੱਖ ਵਿਦਿਅਕ ਐਪਸ ਅਤੇ ਔਨਲਾਈਨ ਸਰੋਤਾਂ ਦੇ ਨਾਲ ਬੱਚੇ ਨਵਾ ਸਿੱਖਦੇ ਹਨ । ਗਣਿਤ ਦੀਆਂ ਗੇਮਾਂ ਤੋਂ ਲੈ ਕੇ ਭਾਸ਼ਾ ਸਿੱਖਣ ਦੀਆਂ ਐਪਸ ਜੋ ਮਨੋਰੰਜਕ ਅਤੇ ਸਿੱਖਿਆਦਾਇਕ ਦੋਵੇਂ ਹਨ। ਇਹ ਸਰੋਤ ਰਵਾਇਤੀ ਸਿੱਖਿਆ ਨੂੰ ਪੂਰਕ ਅਤੇ ਸਿੱਖਣ ਨੂੰ ਵਧੇਰੇ ਦਿਲਚਸਪ ਵੀ ਬਣਾਉਦੇ ਹਨ।ਮੋਬਾਈਲ ਫੋਨ ਸਮਾਜਿਕ ਤਾਲਮੇਲ ਦਾ ਵਧੀਆ ਸਾਧਨ ਹੈ । ਜੋ ਸਮਾਜਿਕ ਵਿਕਾਸ ਲਈ ਜ਼ਰੂਰੀ ਹੈ। ਮੈਸੇਜਿੰਗ ਐਪਸ, ਵੀਡੀਓ ਕਾਲਾਂ ਅਤੇ ਸੋਸ਼ਲ ਮੀਡੀਆ ਰਾਹੀਂ ਬੱਚੇ ਦੂਜੇ ਮੁਲਕ ਵਸਦੇ ਸਕੇ ਸਬੰਧੀ ਸਕੇ ਸਬੰਧੀਆ ਨਾਲ ਤਾਲਮੇਲ ਤੇ ਦੋਸਤੀ ਨੂੰ ਕਾਇਮ ਅਤੇ ਮਜ਼ਬੂਤ ਕਰ ਸਕਦੇ ਹਨ। ਗਰੱਪ ਗਤੀਵਿਧੀਆਂ ਵਿੱਚ ਹਿੱਸਾ ਲੈ ਕੇ ਟੀਮ ਵਰਕ ਦੀ ਭਾਵਨਾ ਨੂੰ ਵਧਾਉਦਾ ਹੈ। ਘਰ ਬੈਠ ਵਿਦੇਸਾ ਵਿੱਚ ਦਸਤਾਵੇਜ ਭੇਜਣਾ ਵੀ ਅਤਿ ਅਸਾਨ ਹੋ ਗਿਆ ਹੈ ਬੱਚਿਆਂ ਨੂੰ ਵੱਖ-ਵੱਖ ਹੁਨਰ ਵਿਕਸਿਤ ਕਰਨ ਵਿੱਚ ਮਦਦ ਮਿਲਦੀ ਹੈ। ਐਪਸ

ਅੰਜੂ ਕੌਂਸਲ
ਮੋ 9988003419

ਅਤੇ ਵੈੱਬਸਾਈਟਾਂ ਨੂੰ ਨੈਵੀਗੇਟ ਕਰਨਾ ਡਿਜੀਟਲ ਸਾਖਰਤਾ, ਆਲੋਚਨਾਤਮਕ ਸੋਚ, ਅਤੇ ਸਮੱਸਿਆ ਹੱਲ ਕਰਨ ਦੇ ਹੁਨਰ ਨੂੰ ਸੁਧਾਰ ਸਕਦਾ ਹੈ । ਇਸ ਤੋਂ ਇਲਾਵਾ, ਫ਼ੋਨ ਫੰਕਸ਼ਨਾਂ ਅਤੇ ਸੈਟਿੰਗਾਂ ਦਾ ਪ੍ਰਬੰਧ ਤਕਨੀਕੀ ਮੁਹਾਰਤ ਨੂੰ ਵਧਾ ਸਕਦਾ ਹੈ, ਜੋ ਕਿ ਆਧੁਨਿਕ ਸੰਸਾਰ ਵਿੱਚ ਬਹੁਤ ਕੀਮਤੀ ਹੈ। ਵਿਗਿਆਨ ਦੀਆ ਖੋਜੀ ਗੁਣ ਭਰਪੂਰ ਹਨ ਪਰ ਉਹਨਾ ਦੇ ਔਗੁਣਾ ਨੂੰ ਵੀ ਅੱਖੋ ਪਰੋਖੇ ਨਹੀ ਕਰ ਸਕਦੇ ਉਸੇ ਤਰਾ ਮੋਬਾਇਲ ਫੋਨ ਵੀ ਬੱਚਿਆਂ ਦੀ ਪੜ੍ਹਾਈ ਅਤੇ ਹੋਰ ਮਹੱਤਵਪੂਰਨ ਗਤੀਵਿਧੀਆਂ ਵਿੱਚ ਵਿਘਨ ਪਾਉਦਾ ਹੈ ਹੈ। ਬੇਲੋੜੀਆ ਸੂਚਨਾਵਾਂ ,ਗੇਮਾਂ ਅਤੇ ਸੋਸ਼ਲ ਮੀਡੀਆ ਨਾਲ ਇਕਾਗਰਤਾ ਅਤੇ ਅਕਾਦਮਿਕ ਪ੍ਰਦਰਸ਼ਨ ਪ੍ਰਭਵਿਤ ਹੁੰਦੇ ਹਨ। ਇਸ ਖਤਰੇ ਨੂੰ ਘੱਟ ਕਰਨ ਲਈ ਸਕਰੀਨ ਸਮੇਂ ਦਾ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਬੰਧਨ ਕਰਨਾ ਜਰਰੀ ਹੈ। ਇੰਟਰਨੈਟ ਸਮੱਗਰੀਆ ਦਾ ਵਿਸ਼ਾਲ ਖੇਤਰ ਬੱਚਿਆਂ ਲਈ ਅਨੁਕੂਲ ਨਹੀਂ । ਇਹ ਬੱਚਿਆਂ ਨੂੰ ਹਿੰਸਕ ਸਮੱਗਰੀ, ਅਸ਼ਲੀਲ ਤਸਵੀਰਾਂ ਸਮੇਤ ਅਣਉਚਿਤ ਜਾਂ ਨੁਕਸਾਨਦੇਹ ਸਮੱਗਰੀ ਦਾ ਸਾਹਮਣਾ ਕਰਵਾਉਦਾ ਹੈ। ਕਈ ਵਾਰ ਮਾਤਾ-ਪਿਤਾ ਦੇ ਨਿਯੰਤਰਣ ਤੋਂ ਬਿਨਾਂ, ਬੱਚਿਆਂ ਨੂੰ ਇਹਨਾਂ ਖਤਰਿਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ ।ਜਿਸ ਨਾਲ ਮਨੋਵਿਗਿਆਨਕ ਅਤੇ ਭਾਵਨਾਤਮਕ ਪੱਖ ਤੇ ਅਸਰ ਪੈਦਾ ਹੈ । ਮੋਬਾਈਲ ਫੋਨ ਦੀ ਲੰਬੇ ਸਮੇਂ ਤੱਕ ਵਰਤੋਂ ਨਾਲ ਕਈ ਸਿਹਤ ਸਮੱਸਿਆਵਾਂ ਹੋ ਸਕਦੀਆਂ ਹਨ। ਬਹੁਤ ਜ਼ਿਆਦਾ ਸਕ੍ਰੀਨ ਸਮਾਂ ਸਮੱਸਿਆਵਾਂ ਨਾਲ ਜੁੜਿਆ ਹੋਇਆ ਹੈ ਜਿਵੇਂ ਕਿ ਅੱਖਾਂ ਦਾ ਦਬਾਅ, ਸਿਹਤ ਅਤੇ ਨੀਂਦ ਦੇ ਪੈਟਰਨ ਵਿੱਚ ਵਿਘਨ ਪੈਦਾ ਹੈ। ਇਸ ਤੋਂ ਇਲਾਵਾ ਸਕ੍ਰੀਨਾਂ ਦੁਆਰਾ ਨਿਕਲਣ ਵਾਲੀ ਨੀਲੀ ਰੋਸ਼ਨੀ ਅੱਖਾ ਲਈ ਘਾਤਕ ਹੈ, ਜਿਸ ਨਾਲ ਇਨਸੌਮਨੀਆ ਅਤੇ ਹੋਰ ਸਮੱਸਿਆਵਾਂ ਹੋ ਸਕਦੀਆਂ ਹਨ। ਭਾਵੇ ਮੋਬਾਈਲ ਦੀ ਜ਼ਿਆਦਾ ਵਰਤੋਂ ਨਾਲ ਸਿਹਤ ਤੇ ਬੁਰਾ ਪ੍ਰਭਾਵ ਪੈਦਾ ਹੈ। ਇਸ ਨੂੰ ਸਹੀ ਤਰੀਕੇ ਨਾਲ ਵਰਤਣਾ ਜਰੂਰੀ ਹੈ ਤਾਂ ਜੋ ਇਸ ਦੇ ਨੁਕਸਾਨ ਤੋਂ ਬਚਿਆ ਜਾ ਸਕੇ। ਕਈ ਵਾਰ ਬੱਚੇ ਨਿੱਜੀ ਜਾਣਕਾਰੀ ਨੂੰ ਔਨਲਾਈਨ ਸਾਂਝਾ ਕਰ ਦਿੰਦੇ ਹਨ। ਬੱਚਿਆਂ ਨੰ ਨਿੱਜੀ ਡੇਟਾ ਦੀ ਸੁਰੱਖਿਆ ਦੇ ਮਹੱਤਵ ਬਾਰੇ ਸਿੱਖਿਆ ਦੇਣੀ ਜਰੂਰੀ ਹੈ । ਜਿਸ ਨਾਲ ਔਨਲਾਈਨ ਧੋਖਾਧੜੀ ਤੋ ਬਚਿਆ ਜਾ ਸਕੇ ਨਾਲੋ-ਨਾਲ ਸਿਹਤ ਸੰਬੰਧੀ ਚਿੰਤਾਵਾਂ ਹੋਰ ਵੀ ਕਈ ਜੋਖਮ ਸ਼ਾਮਲ ਹਨ। ਮੋਬਾਈਲ ਫ਼ੋਨ ਜ਼ਿੰਦਗੀ ਦਾ ਅਟੁੱਟ ਹਿੱਸਾ ਬਣ ਚੁੱਕਾ ਹੈ। ਲਾਭਾਂ ਅਤੇ ਕਮੀਆਂ ਨੂੰ ਸੰਤੁਲਿਤ ਕਰਨ ਲਈ ਮਾਪਿਆਂ ਵਲੋ ਸਮਾ ਪ੍ਰਬੰਧਨ ਅਤੇ ਨਿਗਰਾਨੀ ਜਰੂਰੀ ਹੈ। ਤਾ ਜੋ ਬੱਚੇ ਸੁਚੱਜੀ ਵਰਤੋ ਕਰ ਤਕਨੀਕੀ ਦੁਨੀਆ ਦੀਆ ਨਵੀਆ ਖੋਜਾ ਨਾਲ ਨਵਾ ਸਿੱਖਣ ਤੇ ਵਧੀਆ ਕਰਨ ਦਾ ਜਜਬਾ ਬਲੰਦ ਰੱਖਣ।

# ਤਿਉਹਾਰ ਮਨਾਓ, ਪਰ ਆਪਣੇ ਸਰੀਰ ਨੂੰ ਤੰਦਰੁਸਤ ਰੱਖਣ ਲਈ ਇਹਨਾਂ ਤਿਉਹਾਰਾਂ ਦੇ ਮੰਤਰਾਂ ਦੀ ਵੀ ਪਾਲਣਾ ਕਰੋ

ਇਸ ਦੌਰਾਨ ਲੋਕ ਨਾ ਤਾਂ ਆਪਣੀਆਂ ਖਾਣ-ਪੀਣ ਦੀਆਂ ਆਦਤਾਂ @ਤੇ ਕਾਬੂ ਰੱਖ ਪਾਉਂਦੇ ਹਨ ਅਤੇ ਨਾ ਹੀ ਇਸ ਗੱਲ ਦਾ ਧਿਆਨ ਰੱਖਦੇ ਹਨ ਕਿ ਕਿਹੜੀ ਚੀਜ਼ ਉਨ੍ਹਾਂ ਦੇ ਸਰੀਰ ਲਈ ਚੰਗੀ ਹੈ ਅਤੇ ਕਿਹੜੀ ਨਹੀਂ। ਇਸ ਸਮੇਂ ਦੌਰਾਨ, ਤਲੇ ਹੋਏ ਭੋਜਨ, ਮਠਿਆਈਆਂ ਅਤੇ ਸ਼ਰਾਬ ਦਾ ਜ਼ਿਆਦਾ ਸੇਵਨ ਕੀਤਾ ਜਾਂਦਾ ਹੈ। ਜਦੋਂ ਆਲੇ-ਦੁਆਲੇ ਖਾਣ ਲਈ ਕਈ ਤਰ੍ਹਾਂ ਦੀਆਂ ਸਵਾਦਿਸ਼ਟ ਚੀਜ਼ਾਂ ਹੋਣ ਤਾਂ ਸਿਹਤ ਅਤੇ ਪਾਚਨ ਕਿਰਿਆ ਦਾ ਧਿਆਨ ਰੱਖਣਾ ਥੋੜ੍ਹਾ ਔਖਾ ਹੋ ਜਾਂਦਾ ਹੈ। ਕੁਝ ਲੋਕ ਆਪਣੇ ਪੇਟ ਨੂੰ ਡਸਟਬਿਨ ਸਮਝਦੇ ਹਨ ਅਤੇ ਸਾਰਾ ਦਿਨ ਇਸ ਵਿੱਚ ਕੁਝ ਨਾ ਕੁਝ ਪਾਉਂਦੇ ਰਹਿੰਦੇ ਹਨ। ਅਜਿਹੇ ਵਿੱਚਐਸੀਡਿਟੀ, ਪੇਟ ਫੁੱਲਣਾ, ਸਿਰ ਦਰਦ ਅਤੇ ਕਈ ਵਾਰ ਦਿਲ ਦਾ ਦੌਰਾ ਵੀ ਪੈ ਸਕਦਾ ਹੈ। ਇਸ ਹਾਰਟ ਅਟੈਕ ਨੂੰ ਫੈਸਟਿਵ ਹਾਰਟ ਸਿੰਡਰੋਮ ਵੀ ਕਿਹਾ ਜਾਂਦਾ ਹੈ, ਜੋ ਜ਼ਿਆਦਾ ਖਾਣ ਅਤੇ ਗਰਮੀ ਕਾਰਨ ਹੁੰਦਾ ਹੈ। ਤਿਉਹਾਰਾਂ ਦੇ ਮੌਸਮ @ਚ ਜ਼ਿਆਦਾ ਖਾਣ ਦੀ ਸਮੱਸਿਆ ਹੁੰਦੀ ਹੈ ਰਾਂਚੀ ਵਿੱਚ ਅੰਦਰੂਨੀ ਦਵਾਈ ਦੇ ਡਾਕਟਰ ਰਵਿਕਾਂਤ ਚਤੁਰਵੇਦੀ ਦਾ ਕਹਿਣਾ ਹੈ ਕਿ ਅਕਤੂਬਰ, ਨਵੰਬਰ ਅਤੇ ਦਸੰਬਰ ਦੇ ਮਹੀਨੇ ਤਿਉਹਾਰਾਂ ਦੇ ਮਹੀਨੇ ਹੁੰਦੇ ਹਨ। ਇਸ ਸਮੇਂ ਦੌਰਾਨ ਸਭ ਤੋਂ ਵੱਡੀ ਸਮੱਸਿਆ ਜ਼ਿਆਦਾ ਖਾਣ ਦੀ ਹੁੰਦੀ ਹੈ, ਜਿਸ ਨਾਲ ਪੇਟ ਫੁੱਲਣਾ, ਐਸੀਡਿਟੀ, ਫੂਡ ਪੋਇਜ਼ਨਿੰਗ ਅਤੇ ਇਸ ਨਾਲ ਜੁੜੀਆਂ ਸਮੱਸਿਆਵਾਂ ਹੁੰਦੀਆਂ ਹਨ। ਇਸ ਤੋਂ ਇਲਾਵਾ ਸ਼ਰਾਬ ਦਾ ਜ਼ਿਆਦਾ ਸੇਵਨ ਕਰਨਾਇਸ ਨਾਲ ਐਸੀਡਿਟੀ ਅਤੇ ਗੈਸਟਰਾਈਟਸ ਦੀ ਸਮੱਸਿਆ ਵੀ ਹੋ ਜਾਂਦੀ ਹੈ। ਬਹੁਤ ਜ਼ਿਆਦਾ ਸ਼ਰਾਬ ਪੀਣ ਨਾਲ ਖੂਨ ਵਿੱਚ ਸ਼ੂਗਰ, ਬਲੱਡ ਪ੍ਰੈਸ਼ਰ ਜਾਂ ਕੋਲੈਸਟ੍ਰੋਲ ਦਾ ਪੱਧਰ ਤੇਜ਼ੀ ਨਾਲ ਵਧਦਾ ਹੈ। ਇਹ ਵਿਸ਼ੇਸ਼ ਤੌਰ @ਤੇ ਉਨ੍ਹਾਂ ਲੋਕਾਂ ਵਿੱਚ ਜ਼ਿਆਦਾ ਦੇਖਿਆ ਜਾਂਦਾ ਹੈ ਜੋ ਪਹਿਲਾਂ ਹੀ ਸ਼ੂਗਰ ਅਤੇ ਹਾਈਪਰਟੈਨਸ਼ਨ ਤੋਂ ਪੀੜਤ ਹਨ। ਤਿਉਹਾਰਾਂ ਦੌਰਾਨ ਆਟੇ ਅਤੇ ਚੀਨੀ ਦੀ ਜ਼ਿਆਦਾ ਵਰਤੋਂ ਤਿਉਹਾਰਾਂ ਦੌਰਾਨ ਆਟੇ ਅਤੇ ਚੀਨੀ ਦੀ ਬਹੁਤ ਜ਼ਿਆਦਾ ਵਰਤੋਂ ਕੀਤੀ ਜਾਂਦੀ ਹੈ, ਜੋ ਸਾਡੇ ਸਰੀਰ ਲਈ ਕਾਫੀ ਨੁਕਸਾਨਦੇਹ ਹੈ। ਮਠਿਆਈਆਂ @ਤੇ ਚਾਂਦੀ ਦਾ ਕੰਮ ਹੁੰਦਾ ਹੈ, ਜੋ ਅਸਲ ਵਿਚ ਐਲੂਮੀਨੀਅਮ ਦਾ ਬਣਿਆ ਹੁੰਦਾ ਹੈ। ਇਹ ਸਿਹਤ ਲਈ ਚੰਗਾ ਨਹੀਂ ਹੈਹੈ। ਇਸ ਤੋਂ ਇਲਾਵਾ ਮਠਿਆਈਆਂ ਨੂੰ ਸੁੰਦਰ ਬਣਾਉਣ ਲਈ ਉਨ੍ਹਾਂ ਵਿਚ ਨਕਲੀ ਰੰਗ ਅਤੇ ਕੈਮੀਕਲ ਪ੍ਰੀਜ਼ਰਵੇਟਿਵ ਪਾਏ ਜਾਂਦੇ ਹਨ, ਜੋ ਕਿ ਕਿਡਨੀ ਅਤੇ ਲੀਵਰ ਨੂੰ ਨੁਕਸਾਨ ਪਹੁੰਚਾ ਸਕਦੇ ਹਨ। ਅੱਜ ਕੱਲ੍ਹ ਦੋਸਤਾਂ ਜਾਂ ਰਿਸ਼ਤੇਦਾਰਾਂ ਨੂੰ ਮਿਠਾਈਆਂ ਦੀ ਬਜਾਏ ਸੁੱਕੇ ਮੇਵੇ ਜਾਂ ਮੇਵੇ ਦੇਣ ਦਾ ਰੁਝਾਨ ਹੈ, ਜੋ ਕਿ ਇੱਕ ਵਧੀਆ ਵਿਕਲਪ ਹੈ। ਜ਼ਹਿਰੀਲੇ ਤੇਲ @ਚ ਬਣੀਆਂ ਖਾਣ ਵਾਲੀਆਂ ਚੀਜ਼ਾਂ, ਦਿਲ ਦਾ ਦੌਰਾ ਪੈਣ ਦਾ ਖਤਰਾ ਹੈ ਤਿਉਹਾਰਾਂ ਦੌਰਾਨ ਦੁਕਾਨਾਂ ਵਿੱਚ ਬਣੀਆਂ ਮਠਿਆਈਆਂ ਜਾਂ ਸਨੈਕਸ ਨੂੰ ਵਾਰ-ਵਾਰ ਸੜੇ ਹੋਏ ਤੇਲ ਵਿੱਚ ਤਲਿਆ ਜਾਂਦਾ ਹੈ। ਵਾਰ-ਵਾਰ ਸਾੜਨ ਨਾਲ ਤੇਲ ਜ਼ਹਿਰੀਲੇ ਰਸਾਇਣਾਂ ਵਿੱਚ ਬਦਲ ਜਾਂਦਾ ਹੈ। ਖਾਣਾ ਪਕਾਉਣ ਵਾਲੇ ਤੇਲ ਦੀ ਵਰਤੋਂ

ਵਿਜੈ ਗਰਗ
ਰਿਟਾਇਰਡ ਪ੍ਰਿੰਸੀਪਲ ਐਜੂਕੇਸ਼ਨਲ ਕਾਲਮਨਿਸਟ

ਤਿੰਨ ਤੋਂ ਵੱਧ ਵਾਰ ਕਰੋਜਦੋਂ ਇਹ ਗ੍ਰਹਿਣ ਕੀਤਾ ਜਾਂਦਾ ਹੈ ਤਾਂ ਇਹ ਕਾਰਸੀਨੋਜਨਿਕ ਬਣ ਜਾਂਦਾ ਹੈ। ਇੱਕ ਕਾਰਸਿਨੋਜਨ ਇੱਕ ਏਜੰਟ ਹੈ ਜੋ ਕੈਂਸਰ ਦਾ ਕਾਰਨ ਬਣਦਾ ਹੈ। ਕੈਂਸਰ ਤੋਂ ਇਲਾਵਾ ਦਿਲ ਦੀਆਂ ਨਾੜੀਆਂ @ਚ ਬਲਾਕੇਜ, ਗੁਰਦੇ ਅਤੇ ਜਿਗਰ ਦੀਆਂ ਬੀਮਾਰੀਆਂ ਹੋ ਸਕਦੀਆਂ ਹਨ। ਸੜਿਆ ਹੋਇਆ ਤੇਲ ਸਰੀਰ ਵਿੱਚ ਘੱਟ ਘਣਤਾ ਵਾਲੀ ਲਿਪੋਪ੍ਰੋਟੀਨ ਯਾਨੀ ਖਰਾਬ ਕੋਲੈਸਟ੍ਰੋਲ ਨੂੰ ਵਧਾਉਂਦਾ ਹੈ। ਇਹ ਦਿਲ ਦੇ ਦੌਰੇ ਅਤੇ ਦਿਲ ਦੇ ਦੌਰੇ ਨੂੰ ਵਧਾਉਂਦਾ ਹੈ। ਸੜਿਆ ਹੋਇਆ ਤੇਲ ਖਾਣ ਨਾਲ ਗਲੇ ਦੀ ਜਲਣ ਅਤੇ ਐਸੀਡਿਟੀ ਹੋ ? ?ਸਕਦੀ ਹੈ। ਮੋਟਾਪਾ ਅਤੇ ਸ਼ੂਗਰ ਹੋਣ ਦਾ ਖਤਰਾ ਹੈ। ਬਹੁਤ ਜ਼ਿਆਦਾ ਮਿਠਾਈਆਂ ਖਾਣ ਵਾਲੀਆਂ ਔਰਤਾਂ ਡਿਪ੍ਰੈਸ਼ਨ ਦਾ ਸ਼ਿਕਾਰ ਹੁੰਦੀਆਂ ਹਨ ਨੈਸ਼ਨਲ ਇੰਸਟੀਚਿਊਟ ਆਫ਼ ਹੈਲਥਇਕ ਅਧਿਐਨ @ਚ 69 ਹਜ਼ਾਰ ਔਰਤਾਂ @ਤੇ ਸ਼ੂਗਰ ਦਾ ਪ੍ਰਭਾਵ ਦੇਖਿਆ ਗਿਆ। ਖੋਜਕਰਤਾਵਾਂ ਨੇ ਪਾਇਆ ਕਿ ਜਿਹੜੀਆਂ ਔਰਤਾਂ ਜ਼ਿਆਦਾ ਖੰਡ ਦਾ ਸੇਵਨ ਕਰਦੀਆਂ ਹਨ ਉਨ੍ਹਾਂ ਵਿੱਚ ਡਿਪਰੈਸ਼ਨ ਦਾ ਖ਼ਤਰਾ ਜ਼ਿਆਦਾ ਹੁੰਦਾ ਹੈ। ਜਦੋਂ ਕਿ ਘੱਟ ਸ਼ੂਗਰ ਲੈਣ ਵਾਲੀਆਂ ਔਰਤਾਂ ਡਿਪ੍ਰੈਸ਼ਨ ਦਾ ਸ਼ਿਕਾਰ ਨਹੀਂ ਹੋਈਆਂ। ਤਿਉਹਾਰ ਦੌਰਾਨ ਇਹ ਤਰੀਕੇ ਤੁਹਾਡੀ ਸਿਹਤ ਨੂੰ ਬਣਾਏ ਰੱਖਣਗੇ ਜ਼ਿਆਦਾ ਖਾਣਾ: ਇਸ ਨੂੰ ਕਿਵੇਂ ਕੰਟਰੋਲ ਕਰਨਾ ਹੈ ਦਿਨ ਭਰ ਹਰ ਸਮੇਂ ਅਤੇ ਫਿਰ ਬਹੁਤ ਸਾਰਾ ਪਾਣੀ ਪੀਓ। ਸਰੀਰ ਵਿੱਚ ਨਮੀ ਬਣਾਈ ਰੱਖੋ। ਜੇਕਰ ਤੁਸੀਂ ਕਿਤੇ ਖਾਣ ਲਈ ਜਾਂਦੇ ਹੋ ਤਾਂ ਪਹਿਲਾਂ ਇੱਕ ਥਾਂ ਬੈਠ ਕੇ ਹੀ ਖਾਓ। ਖਾਣ ਦਾ ਸਮਾਂ ਤੈਅ ਕਰੋ। ਹਰ ਵਾਰ ਇੱਕ ਵਾਰ ਮੂੰਹ ਵਿੱਚ ਕੁਝ ਪਾਉਣਾਨਾ ਰਹੋ. ਤਿਉਹਾਰਾਂ ਦੌਰਾਨ ਤੋਹਫ਼ੇ ਵਜੋਂ ਮਿਲੇ ਖਾਣੇ ਦੇ ਪੈਕੇਟ ਨਾ ਖੋਲ੍ਹੋ ਅਤੇ ਇਕੱਠੇ ਬੈਠੋ। ਥੋੜ੍ਹਾ ਜਿਹਾ ਹੀ ਖਾਓ। ਆਪਣੀ ਪਲੇਟ ਵਿੱਚ ਸਿਰਫ਼ ਤਿੰਨ ਭੋਜਨ ਹੀ ਲਓ। ਅੰਤ ਵਿੱਚ, ਕੁਝ ਤਾਜ਼ੀ ਤਿਆਰ ਮਿੱਠੀ ਜਾਂ ਮਿਠਆਈ ਲਓ। ਅਲਕੋਹਲ: ਦੂਰ ਰਹੋ ਜਾਂ ਫਲਾਂ ਦਾ ਜੂਸ ਪੀਓ ਕਿਸੇ ਵੀ ਕਿਸਮ ਦੀ ਸ਼ਰਾਬ ਨੁਕਸਾਨ ਪਹੁੰਚਾ ਸਕਦੀ ਹੈ। ਇਸ ਤੋਂ ਦੂਰ ਰਹਿਣਾ ਹੀ ਬਿਹਤਰ ਹੈ। ਜੇਕਰ ਤੁਸੀਂ ਡ੍ਰਿੰਕ ਪੀਣਾ ਚਾਹੁੰਦੇ ਹੋ ਤਾਂ ਖਾਣਾ ਖਾਣ ਤੋਂ ਬਾਅਦ ਹੀ ਪੀਓ। ਦੋ ਪੀਣ ਦੇ ਵਿਚਕਾਰ ਇੱਕ ਗਲਾਸ ਪਾਣੀ ਪੀਣਾ ਯਕੀਨੀ ਬਣਾਓ। ਸ਼ਰਾਬ ਦੀ ਬਜਾਏ ਫਲਾਂ ਦਾ ਜੂਸ ਜਾਂ ਨਾਰੀਅਲ ਪਾਣੀ ਪੀਓ। ਜੇਕਰ ਤੁਹਾਡੀ ਸਿਹਤ ਅਸਥਿਰ ਹੈ ਤਾਂ ਅਗਲੇ ਦਿਨ ਅਜਿਹਾ ਕਰੋਕੰਮ ਆਮ ਰੁਟੀਨ ਅਪਣਾਓ। ਨਾ ਤਾਂ ਜਲਦੀ ਖਾਓ, ਨਾ ਘੱਟ ਅਤੇ ਨਾ ਹੀ ਜ਼ਿਆਦਾ ਕਸਰਤ ਕਰੋ। ਦਿਨ ਦੀ ਸ਼ੁਰੂਆਤ ਇੱਕ ਗਲਾਸ ਪਾਣੀ ਨਾਲ ਕਰੋ। ਸਿਰ ਦਰਦ ਹੋਵੇ ਤਾਂ ਕੇਲਾ ਖਾਓ। ਜੇਕਰ ਤੁਹਾਨੂੰ ਐਸੀਡਿਟੀ ਜਾਂ ਪੇਟ ਫੁੱਲਣ ਦੀ ਸਮੱਸਿਆ ਹੈ ਤਾਂ ਤੁਸੀਂ ਗੁਲਕੰਦ ਵੀ ਖਾ ਸਕਦੇ ਹੋ। ਬਾਜ਼ਾਰੀ ਮਠਿਆਈਆਂ ਤੋਂ ਦੂਰ ਰਹੋ, ਫਾਈਬਰ ਨੂੰ ਆਪਣੀ ਖੁਰਾਕ @ਚ ਲਓ ਡਾਕਟਰਾਂ ਅਨੁਸਾਰ ਤਿਉਹਾਰਾਂ ਦੇ ਸੀਜ਼ਨ ਦੌਰਾਨ ਸਾਨੂੰ ਸਿਰਫ਼ ਪੂਰੀ-ਕਚੌਰੀ, ਪਕੌੜੇ, ਸਨੈਕਸ, ਸਮੋਸੇ ਆਦਿ ਹੀ ਖਾਣ ਨੂੰ ਮਿਲਦੇ ਹਨ। ਇਨ੍ਹਾਂ ਨੂੰ ਖਾਣ ਤੋਂ ਬਾਅਦ ਦੂਰ ਰਹੋ। ਆਪਣੇ ਭੋਜਨ ਵਿੱਚ ਦਹੀਂ ਦੀ ਵਰਤੋਂ ਜ਼ਰੂਰ ਕਰੋ। ਤੁਸੀਂ ਜਿੱਥੇ ਵੀ ਜਾਓ, ਆਪਣੇ ਭੋਜਨ ਵਿੱਚ ਕਾਰਬੋਹਾਈਡਰੇਟ ਦੀ ਮਾਤਰਾ ਨੂੰ ਘੱਟ ਤੋਂ ਘੱਟ ਕਰੋ।ਲੈ। ਇਸ ਤੋਂ ਇਲਾਵਾ ਹੇਠ ਲਿਖੀਆਂ ਗੱਲਾਂ ਦਾ ਖਾਸ ਧਿਆਨ ਰੱਖੋ- 1. ਫਾਈਬਰ ਅਤੇ ਪ੍ਰੋਟੀਨ ਨਾਲ ਭਰਪੂਰ ਚੀਜ਼ਾਂ ਜ਼ਿਆਦਾ ਖਾਓ। ਸਲਾਦ ਦਾ ਭਰਪੂਰ ਸੇਵਨ ਕਰੋ। 2. ਜ਼ਿਆਦਾਤਰ ਮਿਠਾਈਆਂ ਦੁੱਧ, ਕਰੀਮ ਅਤੇ ਚੀਨੀ ਤੋਂ ਬਣਾਈਆਂ ਜਾਂਦੀਆਂ ਹਨ। ਇਸ ਦੀ ਬਜਾਏ ਤੁਸੀਂ ਗੁੜ ਤੋਂ ਬਣੀ ਮਿਠਾਈ ਖਾ ਸਕਦੇ ਹੋ। 3. ਬਾਜ਼ਾਰੀ ਮਠਿਆਈਆਂ ਤੋਂ ਪਰਹੇਜ਼ ਕਰੋ। 4. ਤਿਉਹਾਰਾਂ ਦੌਰਾਨ ਵੀ ਨਿਯਮਤ ਕਸਰਤ ਨਾ ਛੱਡੋ। 5. ਦਿਨ ਭਰ ਖੂਬ ਪਾਣੀ ਪੀਂਦੇ ਰਹੋ। ਘੱਟ ਤੋਂ ਘੱਟ 8 ਗਲਾਸ ਪਾਣੀ ਪੀਓ। 6. ਤਾਜ਼ਾ ਘਰੇਲੂ ਜੂਸ, ਨਿੰਬੂ ਪਾਣੀ, ਨਮਕੀਨ ਲੱਸੀ, ਛੱਖਣ, ਖੀਰੇ ਜਾਂ ਫਲਾਂ ਦਾ ਜੂਸ ਜਾਂ ਨਾਰੀਅਲ ਪਾਣੀ ਪੀਓ। 7. 8 ਘੰਟੇ ਦੀ ਲੋੜੀਂਦੀ ਨੀਂਦਲੈਣਾ ਚਾਹੀਦਾ ਹੈ। ਇਸ ਨਾਲ ਤਿਉਹਾਰਾਂ ਦੌਰਾਨ ਗੁਆਚੀ ਸਿਹਤ ਨੂੰ ਮੁੜ ਪ੍ਰਾਪਤ ਕੀਤਾ ਜਾ ਸਕਦਾ ਹੈ। ਤਿਉਹਾਰਾਂ ਦੇ ਮੌਸਮ ਵਿੱਚ, ਸਰੀਰ ਦੀ ਸਥਿਤੀ ਨੂੰ ਸੁਧਾਰਨ ਅਤੇ ਇਸ ਨੂੰ ਡੀਟੌਕਸਫਾਈ ਕਰਨ ਲਈ ਘਰ ਵਿੱਚ ਕੁਝ ਉਪਾਅ ਅਪਣਾਏ ਜਾ ਸਕਦੇ ਹਨ। ਆਪਣੇ ਸਰੀਰ ਨੂੰ ਇਸ ਤਰ੍ਹਾਂ ਡੀਟੌਕਸ ਕਰੋ 1- ਸਵੇਰੇ ਉੱਠਦੇ ਹੀ ਕੋਸੇ ਪਾਣੀ @ਚ ਨਿੰਬੂ ਪੀਓ ਜਾਂ ਰਾਤ ਨੂੰ ਪੁਦੀਨੇ ਨੂੰ ਪਾਣੀ @ਚ ਭਿਓ ਦਿਓ। ਇਸ ਪਾਣੀ ਨੂੰ ਦਿਨ ਭਰ ਪੀਓ। 2- ਦਿਨ ਭਰ ਤਾਜ਼ਾ ਘਰੇਲੂ ਜੂਸ, ਨਿੰਬੂ ਪਾਣੀ, ਨਮਕੀਨ ਲੱਸੀ, ਛਾਣ, ਖੀਰਾ ਜਾਂ ਫਲਾਂ ਦਾ ਰਸ ਲਓ। 3-ਕੋਈ ਵੀ ਠੋਸ ਭੋਜਨ ਨਾ ਖਾਓ। ਸਿਰਫ ਤਰਲ ਦੀ ਵਰਤੋਂ ਕਰੋ. ਤੁਸੀਂ ਖਿਚੜੀ ਜਾਂ ਦਲੀਆ ਲੈ ਸਕਦੇ ਹੋ, ਪਰਨਾ ਦਾਲ ਖਾਣੀ ਹੈ ਨਾ ਦਾਲ। 4-ਸਬਜ਼ੀਆਂ ਅਤੇ ਫਲਾਂ ਦਾ ਸਲਾਦ ਖਾਓ। ਜੇਕਰ ਤੁਹਾਨੂੰ ਕੱਚੀਆਂ ਸਬਜ਼ੀਆਂ ਜਾਂ ਫਲ ਪਸੰਦ ਨਹੀਂ ਹਨ ਤਾਂ ਜੂਸ, ਸੂਪ ਜਾਂ ਸਮੂਦੀ ਬਣਾ ਕੇ ਪੀਓ। 5-ਦੁੱਧ, ਪਨੀਰ ਵਰਗੇ ਡੇਅਰੀ ਉਤਪਾਦ ਨਾ ਲਓ। ਅਦਰਕ ਅਤੇ ਹਲਦੀ ਦਾ ਪਾਣੀ ਲਓ। ਨਿਯਮਤ ਅੰਤਰਾਲ @ਤੇ ਫਲ ਖਾਓ. 6-ਡਿਟਾਕਸ ਵਾਟਰ ਪੀਓ। ਇਸ ਨੂੰ ਬਣਾਉਣ ਲਈ ਪੁਦੀਨਾ, ਖੀਰਾ ਅਤੇ ਨਿੰਬੂ ਨੂੰ ਰਾਤ ਭਰ ਪਾਣੀ @ਚ ਭਿਓਂ ਕੇ ਰੱਖੋ। ਅਗਲੇ ਦਿਨ ਇਸ ਪਾਣੀ ਨੂੰ ਥੋੜ੍ਹਾ-ਥੋੜ੍ਹਾ ਪੀਓ।

# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 272

Website: www.preetnama.com Email preetnamausa@gmail.com

04 OCT TO 10 OCT ,2024





# ਪ੍ਰੀਤ ਫੁਲਵਾੜੀ

## ਸਰਪੰਚੀ

ਖੁੰਡ ਚਰਚਾ ਨੇ ਜ਼ੋਰ ਫੜ ਲਿਆ
ਸਰਪੰਚੀ ਦੀਆਂ ਚੋਣਾਂ ਆਈਆਂ
ਭੱਠੀਆਂ ਚੜੀਆਂ ਨਾਲੇ ਡੱਬੇ ਵੰਡਦੇ
ਵੋਟਰਾ ਮੌਜਾਂ ਖੂਬ ਉਡਾਈਆਂ
ਸਭ ਕਹਿੰਦੇ ਤੇਰੇ ਨਾਲਾ ਬਾਈ
ਲਿਖ ਲੈ ਵੋਟਾ ਤੈਨੂੰ ਪਾਈਆਂ
ਸ਼ਾਮ ਦਾ ਪਿਆਲਾ ਸਭ ਨਾਲ ਸਾਂਝਾ
ਵਿਆਹਾਂ ਵਾਂਗੂ ਪਿੰਡ ਰੌਣਕਾਂ ਲਾਈਆਂ
ਹਰੇ ਗੁਲਾਬੀ ਨੋਟ ਮਿਲ ਰਹੇ
ਘਰ ਸੋਫੀਆ ਦੇ ਮਸਤੀਆਂ ਛਾਈਆਂ
ਕੁਝ ਲੋਕੀ ਸਰਬ ਸੰਮਤੀ ਲਈ ਰਾਜੀ
ਪੇਂਡੂ ਭਾਈਚਾਰੇ ਨੂੰ ਦਵੋ ਵਧਾਈਆਂ
ਕਈ ਪਿੰਡਾ ਵਿੱਚ ਸਿਰ ਧੜ ਦੀ ਬਾਜੀ
ਆਪਸ ਵਿੱਚ ਹੀ ਕਰਨ ਲੜਾਈਆਂ
ਹੁਣ ਸਰਪੰਚੀ ਦੀ ਲੱਗਦੀ ਬੋਲੀ
ਮਿਲਕੇ ਲੀਡਰ ਕਰਨ ਕਮਾਈਆ
ਚੌਧਰ ਦੀ ਭੁੱਖ ਨੇ ਪੱਟ ਤੇ ਲੋਕੀ
ਵਿਕ ਗਈਆ ਜਮੀਨਾਂ ਜਾ ਗਹਿਣੇ ਪਾਈਆਂ
ਧਾਲੀਵਾਲ ਕਹਿੰਦਾ ਸਿਆਸਤ ਨੀ ਮਾੜੀ
ਜੇ ਸਾਝੇ ਕੰਮ ਕਰੀਏ ਵਾਂਗਰ ਭਾਈਆਂ

**ਐਡਵੋਕੈਟ ਰਵਿੰਦਰ ਸਿੰਘ ਧਾਲੀਵਾਲ**
ਮੋ 78374 90309
**Adv.dhaliwal@gmail.coms**

## ਬੋਲੀ ਸਰਪੰਚੀ ਲਈ

ਸਰਕਾਰ ਸਰਬਸੰਮਤੀ ਨੂੰ
ਬੜਾ ਉਤਸ਼ਾਹਿਤ ਕਰਦੀ,
ਅੱਜ ਕੱਲ੍ਹ ਪੰਜ ਲੱਖ ਦਾ ਦੇਵੇ ਇਨਾਮ ਯਾਰੋ।
ਇਕ ਹੋਰ ਨਵਾਂ ਰੁਝਾਨ ਚੱਲ ਪਿਆ,
ਸਰਬਸੰਮਤੀਕਰਨ ਲੱਗ ਪਏ ਨਿਲਾਮ ਯਾਰੋ।
ਬੋਲੀ ਸਰਪੰਚੀ ਲਈ ਲੱਖਾਂ
ਤੋਂ ਕਰੋੜਾਂ ਤੱਕ ਪਹੁੰਚੀ,
ਮੂੰਹ ਤੱਕਦੇ ਰਹਿ ਜਾਂਦੇ ਨੇ ਲੋਕ ਆਮ ਯਾਰੋ।
ਦਿਲ ਤਾਂ ਗਰੀਬ ਦਾ ਵੀ ਕਰੇ ਬਣਾ ਮੁਖੀ,
ਪਰ ਕਿਥੋਂ ਕਰਨ ਨੋਟਾਂ ਦਾ ਇੰਤਜ਼ਾਮ ਯਾਰੋ।
ਅਮੀਰਾਂ ਚੋਣ ਪ੍ਰਣਾਲੀ ਦੱਬ ਲਈ ਕਰ ਮਹਿੰਗੀ,
ਆਪਣੇ ਬਣੇ ਕਾਨੂੰਨਾਂ ਨੂੰ ਕਰਕੇ ਜ਼ਾਮ ਯਾਰੋ।

**ਮੇਜਰ ਸਿੰਘ ਬੁਢਲਾਡਾ**
9417642327

## ਕਾਵਿ ਵਿਅੰਗ

ਨੂੰਹ ਸੱਸ

ਇੱਥੇ ਨਿਤ ਨਿਤ ਘਰਾਂ ਵਿੱਚ ਪੈਣ ਰੋਲੇ,
ਦੁਨੀਆਂ ਹੋਈ ਆਪੋ ਧਾਪ ਮੀਆਂ।
ਕਿਸੇ ਦੇ ਆਖੇ ਇੱਥੇ ਨਾ ਕੋਈ ਲੱਗੇ,
ਕੱਠੇ ਬੈਠਣ ਨਾ ਪੁੱਤ ਬਾਪ ਮੀਆਂ।
ਨੂੰਹ ਸੱਸ ਦੀ ਖੜਕੇ ਘਰ ਅੰਦਰ,
ਸੱਸ ਆਖੇ ਪਾਈ ਨੀਂ ਛਾਪ ਮੀਆਂ।
ਸੁੱਖਾ ਸੁੱਖ ਲਿਆਂਦੀ ਸੀ ਨੂੰਹ ਰਾਣੀ,
ਹੁਣ ਦਿੰਦੀ ਪਈ ਸਰਾਪ ਮੀਆਂ।
ਘਰ ਸਮਾਜ ਅੰਦਰ ਹੈ ਗੱਲ ਇੱਕੋ,
ਰੋਲਾ ਸਭ ਨੇ ਰੱਖਿਆ ਥਾਪ ਮੀਆਂ।
ਸਮਝ ਲੱਗੇ ਨਾ ਸੱਚਾ ਝੂਠਾ ਕੌਣ ਇੱਥੇ,
ਕਹੀਏ ਕਿਸ ਨੂੰ ਲੱਗੇ ਪਾਪ ਮੀਆਂ।
ਪੱਤੋ, ਆਖਦਾ ਪੀਤਿਆਂ ਦੜ ਵੱਟ ਲੈ,
ਕਰਿਆ ਕਰ ਬੈਠ ਕੇ ਜਾਪ ਮੀਆਂ।

**ਹਰਪ੍ਰੀਤ ਪੱਤੋ ਪਿੰਡ ਪੱਤੋ ਹੀਰਾ ਸਿੰਘ ਮੋਗਾ ਫੋਨ ਨੰਬਰ 94658-21417**

## .ਗਜ਼ਲ

ਭਾਰਤ ਵਰਗਾ ਦੇਸ਼ ਨਾ ਕੋਈ

ਸਾਰੀ ਦੁਨੀਆ ਘੁੰਮ ਕੇ ਆਏ ਭਾਰਤ ਵਰਗਾ ਦੇਸ਼ ਨਾ ਕੋਈ।
ਏਥੋਂ ਦੀ ਮਿੱਟੀ ਸਮਝਾਏ ਭਾਰਤ ਵਰਗਾ ਦੇਸ਼ ਨਾ ਕੋਈ।
ਜਨਮ-ਮਰਨ ਤੇ ਵਿਆਹ-ਸ਼ਾਦੀ ਵਿਚ ਸਭ ਧਰਮਾਂ ਦਾ ਭਾਈਚਾਰਾ,
ਤਨ-ਮਨ-ਧਨ ਤੋਂ ਸਾਥ ਨਿਭਾਏ ਭਾਰਤ ਵਰਗਾ ਦੇਸ਼ ਨਾ ਕੋਈ।
ਲਲਕ-ਪਲਕ ਤੇ ਹਾਸ ਠਿਠੋਲੀ, ਗਿੱਧੇ, ਭੰਗੜੇ ਤੇ ਕਿਲਕਾਰੀ,
ਤੁਰਲੇ ਵਾਲਾ ਹੇਕ 'ਚ ਗਾਏ ਭਾਰਤ ਵਰਗਾ ਦੇਸ਼ ਨਾ ਕੋਈ।
ਦਾਦਾ ਅਪਣੇ ਜੰਨਤ ਵਰਗੇ ਪੋਤੇ ਨੂੰ ਜਦ ਲਾਡ-ਲਡਾਏ,
ਕੁਤਕਕਤਾਰੀ ਨਾਲ ਹਸਾਏ ਭਾਰਤ ਵਰਗਾ ਦੇਸ਼ ਨਾ ਕੋਈ।
ਰਿਸ਼ੀਆਂ-ਮੁੰਨੀਆਂ, ਗੁਰੂਆਂ ਸੰਤਾਂ ਕਰਕੇ ਆਤਮ ਚਿੰਤਨ ਸਿਰਜਨ,
ਵੇਦ-ਗ੍ਰੰਥ ਉਪਨਿਸ਼ਦ ਬਣਾਏ ਭਾਰਤ ਵਰਗਾ ਦੇਸ਼ ਨਾ ਕੋਈ।
ਲੱਖਾਂ ਹੀ ਕੁਰਬਾਨੀਆਂ ਕਰਕੇ ਫਿਰ ਇਤਿਹਾਸ ਅਨੋਖਾ ਰਚ ਕੇ,
ਆਜ਼ਾਦੀ ਸਿਰ ਮੁਕਣ ਸਜਾਏ ਭਾਰਤ ਵਰਗਾ ਦੇਸ਼ ਨਾ ਕੋਈ।
ਪਰਬਤ-ਦਰਿਆ, ਜੰਗਲ, ਗੁਲਸ਼ਨ ਤੱਤੇ-ਠੰਡੇ ਚਸ਼ਮੇ ਲੈ ਕੇ,
ਕੁਦਰਤ ਸੌ-ਸੌ ਕਸਮਾਂ ਖਾਏ ਭਾਰਤ ਵਰਗਾ ਦੇਸ਼ ਨਾ ਕੋਈ।
ਧਰਮਾਂ ਵਾਲੀ ਰੀਤੀ-ਨੀਤੀ ਲੈ ਕੇ ਅਪਣੀ ਸ਼ਕਤੀ ਅੰਦਰ,
ਸਰਵ ਉਚ ਤਿਰੰਗਾ ਲਹਿਰਾਏ ਭਾਰਤ ਵਰਗਾ ਦੇਸ਼ ਨਾ ਕੋਈ।
ਮਹਿਮਾਨ ਨਿਵਾਜ਼ੀ ਵਾਲੇ ਸਿਜ਼ਦੇ ਇਕ ਸਾਮਾਜਿਕ ਜੀਵਨ ਸ਼ੈਲੀ,
ਸਾਂਝਾ ਪ੍ਰੀਤਾਂ ਦੇ ਹਮਸਾਏ ਭਾਰਤ ਵਰਗਾ ਦੇਸ਼ ਨਾ ਕੋਈ।
ਕ੍ਰਿਸ਼ਨ-ਸੁਦਾਮਾਂ, ਰਾਮ-ਭਰਤ ਤੇ ਭਾਈ ਲਾਲੋ, ਬੰਦੀ ਰਾਜੇ,
ਸਿਰਜਨ ਨਿਰਧਨ ਨੂੰ ਗਲ ਲਾਏ ਭਾਰਤ ਵਰਗਾ ਦੇਸ਼ ਨਾ ਕੋਈ।
ਏਥੇ ਹਰ ਇਕ ਰਿਸ਼ਤੇ ਦਾ ਨਾਂ ਪਹਿਚਾਣ ਪਰੀਚਿਤ ਕਰਦਾ ਹੈ,
ਚਾਚੇ ਮਾਮੇ ਫੁੱਫੜ ਤਾਏ ਭਾਰਤ ਵਰਗਾ ਦੇਸ਼ ਨਾ ਕੋਈ।
ਮਾਨਵਤਾ ਦੀ ਅਰਚਨ ਪੂਜਾ ਏਕੇ ਵਾਲਾ ਸੂਰਜ ਲੈ ਕੇ,
ਤੜਕ ਸਵੇਰੇ ਦਰ ਤੇ ਆਏ ਭਾਰਤ ਵਰਗਾ ਦੇਸ਼ ਨਾ ਕੋਈ।
ਉਨਤੀ ਸਰਵ ਵਿਆਪਕ ਹੋਕੇ ਖੋਜਾਂ ਵਿੱਚ ਬੁਲੰਦੀ ਪਾਏ,
ਚੰਦਰਮਾ ਤੇ ਪੈਰ ਜਮਾਏ ਭਾਰਤ ਵਰਗਾ ਦੇਸ਼ ਨਾ ਕੋਈ।
ਸ਼ੁੱਭ ਅਸ਼ੀਸ਼ਾਂ, ਸ਼ੁਭ ਕਰਮਨ, ਸ਼ੁਭ ਅਰਪਨ, ਸ਼ੁਭ ਇੱਛਾਵਾਂ ਪੂਰਨ,
'ਜਨ-ਗਣ-ਮਨ' ,ਜਨ-ਜਨ ਹੈ ਗਾਏ ਭਾਰਤ ਵਰਗਾ ਦੇਸ਼ ਨਾ ਕੋਈ।
ਏਥੋਂ ਦਾ ਹਰ ਨਵਯੁਗ ਪ੍ਰਾਣੀ ਅਪਣਾ ਨਿੱਜ ਸਵਾਰਥ ਛੱਡ ਕੇ,
ਜੇ ਉਨਤੀ ਦੇ ਰਾਹ ਬਣਾਏ ਭਾਰਤ ਵਰਗਾ ਦੇਸ਼ ਨਾ ਕੋਈ।
ਰਿਸ਼ਵਤ ਖੋਰੀ, ਬੇਈਮਾਨੀ, ਧੋਖਾ, ਠੱਗੀ ਜੇ ਮੁਕ ਜਾਏ,
ਜੰਨਤ ਦੇ ਮੂੰਹੋਂ ਕਹਿਲਾਏ ਭਾਰਤ ਵਰਗਾ ਦੇਸ਼ ਨਾ ਕੋਈ।
ਕਾਸ਼ਾਂ ਕਿ ਫ਼ਿਰ ਸੋਨੇ ਦੀ ਚਿੜੀਆ ਵਿਸ਼ਵ ਵਿਆਪੀ ਹੋ ਕੇ ਉਡੇ,
ਵਿੱਚ ਵਿਦੇਸ਼ਾਂ ਵੀ ਕਹਿਲਾਏ ਭਾਰਤ ਵਰਗਾ ਦੇਸ਼ ਨਾ ਕੋਈ।
ਬਾਲਮ ਅਗਰ ਸਿਆਸਤ ਸਾਰੀ ਸੱਚੀ-ਸੁੱਚੀ ਨਿੱਤਰ ਆਏ,
ਕਣ-ਕਣ ਦੇ ਮੂੰਹੋਂ ਕਹਿਲਾਏ ਭਾਰਤ ਵਰਗਾ ਦੇਸ਼ ਨਾ ਕੋਈ।

**ਬਲਵਿੰਦਰ ਬਾਲਮ ਗੁਰਦਾਸਪੁਰ**
**ਉਂਕਾਰ ਨਗਰ ਗੁਰਦਾਸਪੁਰ ਪੰਜਾਬ 98156-25409**

## ਬੱਚੇ ਦਾ ਪਹਿਲਾ ਸਕੂਲ ਉਹਦੀ ਮਾਂ ਹੁੰਦੀ ਹੈ

ਕਹਿੰਦੇ ਦੁਨੀਆਂ ਤੇ ਵੱਖਰੀ ਥਾਂ ਹੁੰਦੀ ਹੈ।
ਬੱਚੇ ਦਾ ਪਹਿਲਾ ਸਕੂਲ ਉਹਦੀ ਮਾਂ ਹੁੰਦੀ ਹੈ।
ਬੱਚੇ ਦਾ ਪਹਿਲਾ ਸਕੂਲ ਉਹਦੀ ਮਾਂ ਹੁੰਦੀ ਹੈ।
ਮਾਂ ਤੋਤਲੀ ਜੁਬਾਨ ਬੋਲ ਸਿਖਾਉਂਦੀ ਉਹਨੂੰ ਬੋਲਣਾ।
ਬੱਚੇ ਨੂੰ ਨਹੀਂ ਪਤਾ ਹੁੰਦਾ ਕਿੰਝ ਮੂੰਹ ਖੋਲ੍ਹਣਾ ।
ਜਿੱਥੇ ਮਾਂ ਸੌਂਦੀ ਉਹ ਗਿੱਲੀ ਥਾਂ ਹੁੰਦੀ ਹੈ।
ਬੱਚੇ ਦਾ ਪਹਿਲਾ ਸਕੂਲ ਦੀ ਮਾਂ ਹੁੰਦੀ ਹੈ।
ਵਾਰ ਵਾਰ ਚੀਜਾਂ ਦੇ, ਮਾਂ ਨਾ ਲੈਂਦੀ ਹੈ।
ਵਿਹਲ ਕਦੇ ਨਹੀਂ ਹੁੰਦੀ ਮਾਂ ਵਿਅਸਤ ਰਹਿੰਦੀ ਹੈ।
ਜਨਮ ਤੋਂ ਲੈ ਕੇ ਮਾਂ, ਹਰ ਪੀੜ ਸਹਿੰਦੀ ਏ।
ਬੱਚਾ ਕੁਝ ਮੰਗੇ ਜਾਂ ਨਾ,ਪਰ ਮਾਂ ਦੇ ਮੂੰਹ ਵਿੱਚ ਹਾਂ ਹੁੰਦੀ ਹੈ।
ਬੱਚੇ ਦਾ ਪਹਿਲਾ ਸਕੂਲ ਉਹਦੀ ਮਾਂ ਹੁੰਦੀ ਹੈ।
ਜੇਕਰ ਕਿਤੇ ਮੈਂ ਲੱਭਣ ਜਾਵਾਂ, ਲੱਭਣ ਨਾ ਇਹ ਠੰਡੀਆਂ ਛਾਵਾਂ।
ਬੱਚੇ ਕੋਲੋਂ ਕਦੇ ਨਾ ਵਿਛੜੇ, ਜਗ ਤੇ ਜਿਉਂਦੀਆਂ ਰਹਿਣ ਇਹ ਮਾਵਾਂ।
ਲੋਕੀ ਬਾਹਰੋਂ ਲੱਭਦੇ ਫਿਰਦੇ,
ਪਰ ਰੱਬ ਤਾਂ ਘਰ ਵਿੱਚ ਮਾਂ ਹੁੰਦੀ ਹੈ।
ਬੱਚੇ ਦਾ ਪਹਿਲਾ ਸਕੂਲ ਉਹਦੀ ਮਾਂ ਹੁੰਦੀ ਹੈ।
ਬੱਚੇ ਨੂੰ ਖਿਡਾਉਂਦੀ ਕਦੇ ਨਾ ਅੱਕੇ, ਮੂੰਹ ਚ ਬੁਰਕੀ ਪਾਉਂਦੀ ਨਾ ਥੱਕੇ।
ਪਿੱਛੇ ਪਿੱਛੇ ਫਿਰਦੀ ਰਹਿੰਦੀ ਹਰ ਪਲ ਉਸਦਾ ਖਿਆਲ ਇਹ ਰੱਖੇ।
ਲੱਖ ਹੋਣ ਚਾਚੀਆਂ ਤਾਈਆਂ,ਪਰ ਮਾਂ ਤਾਂ ਮਾਂ ਹੁੰਦੀ ਹੈ।
ਬੱਚੇ ਦਾ ਪਹਿਲਾ ਸਕੂਲ ਉਹਦੀ ਮਾਂ ਹੁੰਦੀ ਹੈ।
ਕਹਿੰਦੇ ਇੱਕੋ ਇੱਕ ਇਹ ਪਿਆਰ ਦਾ ਮੰਚ ਆ।
ਮਾਂ ਦੇ ਨਾਲ ਹੀ ਵੱਧਦਾ ਵੰਸ਼ ਆ।
ਫਿਰ ਅੰਸ਼ਪ੍ਰੀਤ ਵੀ ਇਸ ਦਾ ਅੰਸ਼ ਆ।
ਜਿਸ ਘਰ ਵਿੱਚ ਮਾਵਾਂ ਹੋਵਣ ਉਹ ਪੂਜਣ ਵਾਲੀ ਥਾਂ ਹੁੰਦੀ ਹੈ।
ਬੱਚੇ ਦਾ ਪਹਿਲਾ ਸਕੂਲ ਦੀ ਮਾਂ ਹੁੰਦੀ ਹੈ।
ਬੱਚੇ ਦਾ ਪਹਿਲਾ ਸਕੂਲ ਉਹਦੀ ਮਾਂ ਹੁੰਦੀ ਹੈ।

**ਅੰਸ਼ਪ੍ਰੀਤ ਕੌਰ ਪੁੱਤਰੀ ਗੁਰਪ੍ਰੀਤ ਸਿੰਘ**
**ਸਰਕਾਰ ਐਲੀਮੈਂਟਰੀ ਸਮਾਰਟ ਸਕੂਲ ਕੋਟੜਾ ਕੌੜਾ ( ਬਠਿੰਡਾ )**

## ਸੱਚ ਦੀ ਖੋਜ਼ ਸੱਚੇ ਨਾਲ ਮੇਲ

ਰਹਿਮ ਦੀ ਮੁੜ ਉਮੀਦ ਨਾ ਕਰ
ਜੋਕਾਂ ਵਾਂਗ ਖੂਨ ਪੀ ਕੇ N W J
ਇੱਕ ਆਸ ਨੂੰ ਤਰਸ ਜਾਂਦੇ ਜਿਹੜੇ
ਹੁਣ ਓਹਨਾਂ ਵਾਂਗ ਵੀ ਵੇਖ ਜੀਅ ਕੇ
ਬਚਕੇ ਰਹਿ ਬੰਦਿਆ
ਰੱਬ ਦੀ ਮਾਰ ਤੋਂ
ਤੈਨੂੰ ਗਏ ਨੂੰ ਪੁੱਛਣਾ ਓਹਨੇ
ਕੀ ਖੱਟਕੇ ਲਿਆਇਆ ਸੰਸਾਰ ਤੋਂ
ਬਚਕੇ ਰਹਿ ਬੰਦਿਆ...
ਜਿਸ ਅਹੰਕਾਰ ਨੂੰ ਤੂੰ ਜਨਮ ਦਿੰਦਾ ਏ
ਬੜ੍ਹੀ ਔਖੀ ਹੁੰਦੀ ਮੌਤ ਉਸ ਦੀ
ਰਹਿ ਜਾਂਦਾ ਫਿਰ ਪਛਤਾਵਾ ਪੱਲੇ
ਜਦੋਂ ਤੇਰੀ ਜ਼ਿੰਦਗੀ ਤੇਰੇ ਨਾਲ ਰੁੱਸਦੀ
ਜ਼ਿੰਨ੍ਹਾਂ ਨੂੰ ਤੂੰ ਜਿਉਣ ਨਹੀਂ ਦਿੰਦਾ
ਜਦ ਹਓਂਕਾ ਲੈ ਨਿਕਲਦੇ ਘਰ-ਬਾਰ ਤੋਂ
ਬਚਕੇ ਰਹਿ ਬੰਦਿਆ...
ਕਦੇ ਕਿਸੇ ਦੀ ਜਾਤ ਪਰਖਦਾ
ਕਦੇ ਉਡਾਉਂਦਾ ਮਜ਼ਾਕ ਗਰੀਬੀ ਦਾ
ਜਿਸ ਨੂੰ ਕਦੇ ਇਸ਼ਨਾਨ ਨਾ ਕਰਵਾਇਆ
ਇਹ ਕੰਮ ਤੇਰੇ ਮਨ ਦੀ ਮੈਲ ਕਰੀਬੀ ਦਾ
ਉਸ ਨੇ ਨਫਰਤ ਕਰਕੇ ਵੀ ਕੀ ਖੱਟਣਾ
ਜਿਸ ਨੇ ਖੱਟਿਆ ਨਾ ਕੁਝ ਪਿਆਰ @ਚੋਂ
ਬਚਕੇ ਰਹਿ ਬੰਦਿਆ ...
ਇੱਕੋ ਹੀ ਧਰਮ ਹੁੰਦਾ ਏ
ਜਿਸ ਨੂੰ ਇਨਸਾਨੀਅਤ ਕਹਿੰਦੇ ਆ
ਤੂੰ ਕੋਈ ਅਲਹਿਦਾ ਨਹੀਂ ਜੰਮਿਆ
ਤੇਰੇ ਵਾਂਗ ਬੜ੍ਹੇ ਮਰਦੇ-ਜੰਮਦੇ ਰਹਿੰਦੇ ਆ
ਲੱਖ-ਚੁਰਾਸੀ ਜੂੰਨ ਦਾ ਲੱਗਣਾ ਗੇੜਾ
ਜੇ ਬੰਦਾ ਬਣੇ ਬਿਨ੍ਹਾਂ ਤੁਰ ਗਿਆ ਦੁਨੀਆਂ ਦੇ
ਬਾਜ਼ਾਰ ਤੋਂ
ਬਚਕੇ ਰਹਿ ਬੰਦਿਆ...
ਨੱਥੂਵਾਲੀਆ ਓਹਦਾ ਰਹਿ ਬਣਕੇ
ਜੋ ਤੇਰੇ ਸਾਹ ਚਲਾਉਂਦਾ ਏ
ਜਤਿੰਦਰਜੀਤ ਦੀ ਜ਼ੁਬਾਨ ਤੇ
ਵਾਹਿਗੁਰੂ ਦਾ ਨਾਮ ਹੀ ਆਉਂਦਾ ਏ
ਹਰ ਜਨਮ ਮਿਲਣ ਦਾ ਵਾਅਦਾ ਕਰਦੈ
ਗਿੱਲ ਮਿਲ ਕਦੇ ਕੀਤੇ ਕੌਲ-ਇਕਰਾਰ @ਚੋਂ
ਬਚਕੇ ਰਹਿ ਬੰਦਿਆ
ਰੱਬ ਦੀ ਮਾਰ ਤੋਂ
ਤੈਨੂੰ ਗਏ ਨੂੰ ਪੁੱਛਣਾ ਓਹਨੇ
ਕੀ ਖੱਟਕੇ ਲਿਆਇਆ ਸੰਸਾਰ @ਚੋਂ
ਬਚਕੇ ਰਹਿ ਬੰਦਿਆ
ਰੱਬ ਦੀ ਮਾਰ ਤੋਂ
ਰੱਬ ਦੀ ਮਾਰ ਤੋਂ
ਭੱਜ਼ਿਆ-ਭੱਜ਼ਿਆ ਕਿਉਂ ਫਿਰਦਾ ਏ
ਜੇ ਆਉਂਦਾ ਨਹੀਓਂ ਠਹਿਰਾਅ ਜ਼ਿੰਦਗੀ @ਚ
ਜਿਹੜਾ ਵਾਹਿਗੁਰੂ ਦੇ ਲੜ ਲਾ ਦੇਵੇ
ਕੋਈ ਐਹੋ-ਜਿਹਾ ਕਰਮ ਕਮਾਅ ਜ਼ਿੰਦਗੀ @ਚ

**ਜਤਿੰਦਰਜੀਤ ਸਿੰਘ ਗਿੱਲ**
**ਪਿੰਡ ਤੇ ਡਾਕਖਾਨਾ ; ਨੱਥੂਵਾਲਾ ਜਦੀਦ**
**ਤਹਿਸੀਲ ਤੇ ਜ਼ਿਲ੍ਹਾ ; ਮੋਗਾ**

## ਬਿੱਲੀ ਆਈ ਬਿੱਲੀ ਆਈ

ਭੂਰੇ ਰੰਗ ਦੀ ਬਿੱਲੀ ਆਈ
ਪਿਆਰੀ - ਪਿਆਰੀ ਬਿੱਲੀ ਆਈ
ਸੋਹਣੀ - ਸੋਹਣੀ ਬਿੱਲੀ ਆਈ
ਟਪੂਸੀਆਂ ਮਾਰਦੀ ਜਾਵੇ
ਰਸੋਈ ਵਿੱਚੋਂ ਦੁੱਧ ਪੀ ਜਾਵੇ
ਮੈਂ ਉਸਨੂੰ ਰੋਟੀ ਪਾਈ
ਉਸਨੇ ਆਪਣੀ ਪੂਛ ਹਿਲਾਈ
ਮਿਆਊਂ - ਮਿਆਊਂ ਕਰੀ ਜਾਵੇ
ਕੁੱਤੇ ਨੂੰ ਦੇਖ ਕੇ ਦੂਰ ਭੱਜ ਜਾਵੇ
ਬਿੱਲੀ ਆਈ ਬਿੱਲੀ ਆਈ
ਪਿਆਰੀ - ਪਿਆਰੀ ਬਿੱਲੀ ਆਈ।

**ਬਲਜੋਤ ਸਿੰਘ , ਜਮਾਤ ਤੀਸਰੀ**
9478561356

## ਪੀਂਘ ਦੇ ਹੁਲਾਰੇ

ਪਿੱਪਲ ਤੇ ਪੀਂਘ ਪਾਉਣੀ
ਲੱਕੜ ਦੀ ਫੱਟੀ ਰੱਖ,
ਦੇਣਾ ਝੂਟਾ ਜ਼ੋਰ ਦੀ ਹਾਣ
ਦਿਆ ਹਾਣੀਆਂ।
ਮਾਰ ਮਾਰ ਬੈਠਕਾਂ ਪੀਂਘ
ਨੂੰ ਚੜ੍ਹਾਈ ਜਾਣਾਂ,
ਪੱਤਾ ਤੋੜ ਲਿਆਉਣਾ ਜਾ ਕੇ
ਉੱਪਰ ਤੋਂ ਟਾਹਣੀਆਂ।
ਕਦੇ ਕਦੇ ਦੂਜੇ ਨੂੰ ਪੈਰਾਂ ਚ@
ਬਿਠਾ ਲੈਣਾ,
ਪੀਂਘ ਚੋਂ ਆਵਾਜ਼ਾਂ ਘੂ ਘੂ
ਦੀਆਂ ਆਣੀਆਂ।
ਮੁੱਠੀਆਂ @ਚ ਘੁੱਟ ਹਿੱਕ ਨਾਲ
ਲੱਜ ਲਾਉਂਣੀ,
ਕਈ ਵਾਰੀ ਡਰ ਨਾਲ ਚੀਕਾਂ
ਪੈ ਜਾਣੀਆਂ।
ਵਾਰੀ ਵਾਰੀ ਸਾਰਿਆ, ਝੂਟੇ
ਅਸੀਂ ਲਈ ਜਾਣੇ,
ਬਿਨਾਂ ਭੇਦ ਭਾਵ ਉਦੋਂ ਮੌਜਾਂ
ਬਹੁਤ ਮਾਣੀਆਂ।
ਗੁਆਚ ਗਿਆ ਸਭਿਆਚਾਰ
ਮੋੜ ਕੋਈ ਲਿਆਵੇ,ਪੱਤੋ,
ਪੀਂਘ ਦੇ ਹੁਲਾਰੇ ਨਾਲੇ ਬਚਪਨ
ਦੀਆਂ ਕਹਾਣੀਆਂ।

**ਹਰਪ੍ਰੀਤ ਪੱਤੋ**
**ਪਿੰਡ ਪੱਤੋ ਹੀਰਾ ਸਿੰਘ ਮੋਗਾ ਫੋਨ ਨੰਬਰ**
94658-21417

## ਵਰਖਾ ਆਈ ਵਰਖਾ ਆਈ

ਜੋਰ - ਸ਼ੋਰ ਨਾਲ਼ ਵਰਖਾ ਆਈ
ਵਰਖਾ ਆਈ ਵਰਖਾ ਆਈ
ਨਾਲ਼ ਆਪਣੇ ਠੰਢ ਲਿਆਈ
ਤੇ ਸਾਰਿਆਂ ਦੀ ਗਰਮੀ ਦੂਰ ਭਜਾਈ ,
ਵਰਖਾ ਆਈ ਵਰਖਾ ਆਈ
ਬੱਚਿਆਂ ਨੇ ਖੁਸ਼ੀ ਮਨਾਈ
ਵਰਖਾ ਆਈ ਵਰਖਾ ਆਈ
ਸਾਰਿਆਂ ਨੇ ਮੌਜ ਉਡਾਈ ,
ਵਰਖਾ ਆਈ ਵਰਖਾ ਆਈ
ਸਭ ਪਾਸੇ ਹਰਿਆਲੀ ਲਿਆਈ
ਕਿਸਾਨਾਂ ਨੇ ਵੀ ਖੁਸ਼ੀ ਮਨਾਈ
ਵਰਖਾ ਆਈ ਵਰਖਾ ਆਈ।

**ਬਲਜੋਤ ਸਿੰਘ , ਜਮਾਤ ਤੀਸਰੀ**
9478561356

## ਬੁੱਧੀਮਾਨ ਬਣ ਜਾਉ ਬੱਚਿਉ / ਬਾਲ ਕਵਿਤਾ

ਰੋਜ਼ ਚਾਈਂ, ਚਾਈਂ ਸਕੂਲ ਨੂੰ ਜਾਉ ਬੱਚਿਉ,
ਉੱਥੋਂ ਕੁੱਝ ਚੰਗਾ ਸਿੱਖ ਕੇ ਆਉ ਬੱਚਿਉ।
ਸਕੂਲ ਜਾ ਕੇ ਪੜ੍ਹਾਈ ਕਰੋ ਦਿਲ ਲਾ ਕੇ,
ਘਰ ਆ ਕੇ ਹੋਮ ਵਰਕ ਮੁਕਾਉ ਬੱਚਿਉ।
ਸਿੱਖ ਕੇ ਹਿੰਦੀ ਤੇ ਅੰਗਰੇਜ਼ੀ ਭਾਸ਼ਾਵਾਂ ਨੂੰ,
ਮਾਂ ਬੋਲੀ ਦਾ ਵੀ ਮਾਣ ਵਧਾਉ ਬੱਚਿਉ।
ਮਿਹਨਤ ਕਰਕੇ ਤੁਸੀਂ ਪ੍ਰੀਖਿਆ ਪਾਸ ਕਰੋ,
ਨਕਲ ਤੋਂ ਆਪਣੇ ਆਪ ਨੂੰ ਬਚਾਉ ਬੱਚਿਉ।
ਵਿਦਿਆ ਤੋਂ ਬਿਨਾਂ ਬੰਦਾ ਪਸ਼ੂ ਸਮਾਨ ਹੁੰਦਾ,
ਵਿਦਿਆ ਲੈ ਕੇ ਬੁੱਧੀਮਾਨ ਬਣ ਜਾਉ ਬੱਚਿਉ।
ਕਿਸੇ ਕੰਮ ਤੋਂ ਵੀ ਜੀਅ ਨਾ ਚੁਰਾਉ ਤੁਸੀਂ,
ਪੜ੍ਹ ਕੇ ਮਾਤਾ-ਪਿਤਾ ਦਾ ਨਾਂ ਚਮਕਾਉ
ਬੱਚਿਉ।
ਬਹੁਤ ਬੁਰਾਈਆਂ ਦੇਸ਼ 'ਚ ਫੈਲੀਆਂ ਹੋਈਆਂ ਨੇ,
ਦਿਮਾਗ ਲੜਾ ਕੇ ਉਨ੍ਹਾਂ ਨੂੰ ਮਾਰ ਮੁਕਾਉ
ਬੱਚਿਉ।

**ਮਹਿੰਦਰ ਸਿੰਘ ਮਾਨ**
**ਨਵਾਂ ਸ਼ਹਿਰ-9915803554**

# Preetnama

Khara Sach

ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 272

Website: www.preetnama.com Email preetnamausa@gmail.com

04 OCT TO 10 OCT , 2024



